# ਅੰਮ੍ਰਤ ਬੂੰਦ



ਗੁਰੂਬਚਨ ਸਿੰਘ ਨਾਮਧਾਰੀ

ਅੰਮ੍ਰਤ ਬੂੰਦ
ਗੁਰੂਬਚਨ ਸਿੰਘ ਨਾਮਧਾਰੀ

# ਅੰਮ੍ਰਿਤ ਬੂੰਦ

# ਅੰਮ੍ਰਿਤ ਬੂੰਦ

ਗੁਰੂਬਚਨ ਸਿੰਘ ਨਾਮਧਾਰੀ

ਪ੍ਰਕਾਸ਼ਕ
ਵਿਸ਼ਵ ਨਾਮਧਾਰੀ ਸੰਗਤ
ਸ੍ਰੀ ਭੈਣੀ ਸਾਹਿਬ

Vishav Namdhari Sangat
Sri Bhaini Sahib
Price 200/-

ISBN : 978-93-95263-06-1

# Amrit Boond

***by***

## Gurubachan Singh Naamdhari

2022
printed & bound by
Unistar Books Pvt. Ltd.
301, Industrial Area, Phase-9,
S.A.S. Nagar, Mohali-Chandigarh (India)
email : unistarbooks@gmail.com
website : www.unistarbooks.com
Ph. +91-172-5027427, 5027429, 4027552

*© Author 2022*
*Produced and bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

# ਸਮਰਪਣ

*ਨਾਮਧਾਰੀ ਸ਼ਹੀਦਾਂ ਨੂੰ,*
*ਜਿਨ੍ਹਾਂ ਦੀ ਗੌਰਵ-ਗਾਥਾ,*
*ਆਜ਼ਾਦੀ ਇਤਿਹਾਸ ਦਾ ਸੁਨਹਿਰਾ ਵਰਕਾ ਹੈ।*
*ਸਾਡੇ ਨਾਲ ਵੀਚਾਰਾਂ ਦੀ ਸਾਂਝ*
*ਨਾ ਰੱਖਣ ਵਾਲੇ ਭੀ,*
*ਜਿਨ੍ਹਾਂ ਨੂੰ,*
*ਸਿਜਦਾ ਕਰਨ ਲਈ ਲੋਚਦੇ ਹਨ।*

# ਤਤਕਰਾ


| | | |
|---|---|---|
| * | ਮੁੱਖ ਬੰਦ | (ix) |
| * | ਦੋ ਸ਼ਬਦ | (x) |
| 1. | ਗੁਰੂ ਨਾਨਕ ਦਾ ਧਰਮ ਦਰਸ਼ਨ ਅਤੇ ਵਿਗਿਆਨ | 1 |
| 2. | ਸੰਤ ਅਤੇ ਪਾਪੀ | 6 |
| 3. | ਗੱਲ ਪਤੰਗਿਆਂ ਦੀ | 14 |
| 4. | ਤੂੰ ਕਾਹੇ ਡੋਲਹਿ ਪ੍ਰਾਣੀਆ | 18 |
| 5. | ਧਰਮ ਗੁਰੂ : ਭਾਰਤ | 26 |
| 6. | "ਮਤਿ ਵਿਚਿ ਰਤਨ ਜਵਾਹਰ ਮਾਣਿਕ" | 31 |
| 7. | ਤ੍ਰਿਹਾਇਆ ਬਾਬੀਹਾ | 36 |
| 8. | ਆਤਮ ਰਸੁ | 42 |
| 9. | ਸੁਣਿਐ ਸਿਧ ਪੀਰ ਸੁਰਿ ਨਾਥ | 47 |
| 10. | ਹਉਮੈ ਭਗਤਿ ਕਰੈ ਸਭ ਕੋਇ | 52 |
| 11. | ਕੋਈ ਐਸੋ ਰੇ ਭੇਟੈ ਸੰਤੁ | 59 |
| 12. | ਤੋਪਾਂ ਦਾ ਕਹਿਰ ਅਤੇ ਕੂਕੇ | 63 |
| 13. | ਅਹੰਕਾਰ ਪਾਪਾਤਮਾ | 68 |
| 14. | ਸਾਹਿਬ ਹੋਇ ਦਇਆਲ | 75 |
| 15. | ਸੁਣਿ ਸਹ ਕੀ ਇਕ ਬਾਤ ਸੁਹੇਲੀ | 80 |
| 16. | ਆਜੁ ਹਮਾਰੈ ਬਨੇ ਫਾਗ | 85 |
| 17. | ਕਾਲ ਪ੍ਰਵਾਹ | 95 |
| 18. | ਹਰਿ ਕੀ ਅਕਥ ਕਹਾਣੀ | 101 |
| 19. | ਟੁੱਟਦੇ ਰਿਸ਼ਤੇ | 106 |
| 20. | ਗੁਰ ਮੇਰੈ ਸੰਗਿ ਸਦਾ ਹੈ ਨਾਲੇ | 112 |
| 21. | ਵਿਕਾਸਵਾਦ | 117 |

# ਮੁੱਖ ਬੰਦ

ਹਰ ਰੋਜ਼, ਸੰਸਾਰ ਵਿੱਚ ਤਕਰੀਬਨ ਚਾਰ ਲੱਖ ਮਨੁੱਖ ਮਰ ਰਹੇ ਹਨ। ਜਨਮ ਅਤੇ ਮੌਤ ਦੇ ਮੱਧ, ਦੁਖ-ਸੁਖ, ਹਰਖ-ਸੋਗ... ਦਰਿਆ ਵਿੱਚ ਕਦੀ ਡੁੱਬਦਾ ਅਤੇ ਕਦੀ ਉਭਰਦਾ ਹੋਇਆ, ਵੇਚਾਰਾ ਮਨੁੱਖ! ਜਨਮ ਦਾ ਦੁੱਖ, ਜੀਵਨ ਦੇ ਦੁੱਖ ਅਤੇ ਅੰਤ, ਮੌਤ ਦਾ ਦੁੱਖ... ਆਦਿ ਕਾਲ ਤੋਂ ਮਨੁੱਖ ਨਾਲ ਇਹ ਘਟਨਾ ਘਟ ਰਹੀ ਹੈ।

ਕੋਈ ਵਿਰਲੇ ਗੁਰੂਜਨ, ਬੁੱਧਜਨ, ਜਗ ਵਿੱਚ ਆਏ, ਦਰਿਆ 'ਚੋਂ ਉੱਠੀ ਤਰੰਗ ਵਾਂਗ, ਜੀਵਨ-ਪ੍ਰਵਾਹ ਤੇ ਝਾਤ ਪਾਈ, ਔਰ ਜੀਵਨ ਦਾ ਰੱਹਸ ਜਾਣ ਲਿਆ।

ਉਨ੍ਹਾਂ ਜੀਵਨ ਮੁਕਤਿ ਰੂਹਾਂ ਨੇ, ਅੰਮ੍ਰਿਤ ਦੀਆਂ ਕੁਝ ਬੂੰਦਾਂ, ਮਨੁੱਖ ਦੇ ਮੂੰਹ ਵਿੱਚ ਪਾਈਆਂ ਅਤੇ ਕੁਝ ਕੁ ਦਾ ਛੱਟਾ ਮਾਰ ਅੱਖਾਂ ਖੋਲ੍ਹ ਦਿੱਤੀਆਂ। ਪ੍ਰਾਣੀ ਨੂੰ ਬੰਧਨ-ਤੋੜ ਕੇ ਬਾਹਰ ਨਿਕਲ ਆਉਣ ਦਾ ਸੱਦਾ ਦਿੱਤਾ। ਉਹਨਾਂ ਗੁਰੂਆਂ, ਭਗਤਾਂ ਦੀ ਬਾਣੀ ਦੇ ਅੱਖਰ-ਅੱਖਰ 'ਚੋਂ "ਅੰਮ੍ਰਿਤ ਬੂੰਦ" ਦੀ ਫ਼ੁਹਾਰ ਪੈਂਦੀ ਹੈ...

"ਝਿਮਿ ਝਿਮਿ ਅੰਮ੍ਰਿਤ ਵਰਸਦਾ..."

ਇਹ ਅਲੌਕਿਕ ਆਨੰਦ ਹੈ, ਸਤਿ ਚਿੱਤ ਆਨੰਦ! ਉਸ ਗ਼ੈਬੀ ਆਨੰਦ ਦੀ ਬੁੱਕ ਭਰ ਕੇ, "ਅੰਮ੍ਰਿਤ ਬੂੰਦ" ਵਿੱਚ ਪਾਉਣ ਦਾ ਨਿਮਾਣਾ ਜਿਹਾ ਜਤਨ, ਮੇਰੇ ਸਤਿਗੁਰ ਨੇ ਕਰਵਾਇਆ ਹੈ...।

# ਦੋ ਸ਼ਬਦ

ਸੰਨ 1955! ਉਹ ਤਰੇਲ-ਭਿੱਜੀ ਇਕ ਪ੍ਰਭਾਤ ਸੀ। ਤਾਰਿਆਂ ਦੀ ਮੌਜੂਦਗੀ ਵਿੱਚ, ਸਰੋਵਰ ਕੰਢੇ, ਬੋਹੜ ਦੇ ਹੇਠ, ਸ੍ਰੀ ਭੈਣੀ ਸਾਹਿਬ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ, ਦੋਵੇਂ "ਕਾਕਿਆਂ" ਸਹਿਤ, ਹਜ਼ੂਰੀ ਰਾਗੀਆਂ ਦੇ ਸੰਗ, ਅੰਮ੍ਰਿਤ ਮਈ ਆਸਾ ਦੀ ਵਾਰ ਦਾ ਕੀਰਤਨ ਕਰ ਰਹੇ ਸਨ। ਨਿਰਸੰਦੇਹ, ਉਹ ਆਨੰਦ, ਅਲੌਕਿਕ ਹੈ ਸੀ। ਸੱਤ ਸਾਲ ਦੀ ਬਾਲ ਉਮਰੇ, ਮੈਂ ਮੰਤਰ ਮੁਗਧ ਜਿਹਾ ਹੋ ਗਿਆ... ਸੁੱਧ-ਬੁੱਧ ਨਾ ਰਹੀ... ਸੰਮੋਹਿਤ ਹੋਇ ਗਿਆ।

ਰਾਗਾਂ ਦੀਆਂ ਬੰਦਿਸ਼ਾਂ, ਸੁਰ-ਤਾਲ ਦੀ ਸਮਝ ਨਹੀਂ ਸੀ। ਰਾਗੀਆਂ ਦੀ ਪਛਾਣ ਭੀ ਨਹੀਂ ਸੀ। ਪਰ ਬ੍ਰਹਮ ਵੇਲੇ ਦੇ ਧੁੰਧਲਕੇ ਵਿੱਚ, ਗੰਧਰਬ ਗਾਇਣ ਦੇ ਉਸ ਰੱਬੀ ਸਰੋਵਰ ਵਿੱਚ, ਮੇਰੀ ਟੁੱਬੀ ਲੱਗ ਗਈ ਅਤੇ ਤਨ ਮਨ ਵਿੱਚ ਝੁਨਝੁਨੀ ਜਿਹੀ ਛਿੜ ਗਈ।

ਉਹ ਝੁਨਝੁਨੀ, ਮੇਰੇ ਬਾਲ ਮਨ ਵਿੱਚ ਕਿਤੇ ਗਹਿਰੇ, ਪੱਕਿਆਂ ਬਹਿ ਗਈ ਅਤੇ ਗਾਹੇ-ਬਗਾਹੇ ਅਵਚੇਤਨ ਮਨ 'ਚੋਂ ਬਾਹਰ, ਉਹ ਸਾਹਵੇਂ ਆ ਖਲੋਂਦੀ ਹੈ। ਉਸ ਖਿਨ ਮੇਰੇ ਪੋਰ-ਪੋਰ ਉਪਰ, "ਅੰਮ੍ਰਿਤ ਬੂੰਦ" ਵੱਸ ਪੈਂਦੀ ਹੈ।

"ਝਿਮਿ ਝਿਮਿ ਅੰਮ੍ਰਿਤ ਵਰਸਦਾ"...

# ਗੁਰੂ ਨਾਨਕ ਦਾ ਧਰਮ ਦਰਸ਼ਨ ਅਤੇ ਵਿਗਿਆਨ

ਧਰਮ ਇਕ ਸ਼ੁੱਧ ਵਿਗਿਆਨ ਹੈ। ਵਿਗਿਆਨ ਦਾ ਅਰਥ ਹੈ, ਵਿਸ਼ੇਸ਼ ਗਿਆਨ। ਭੁਲੇਖੇ ਵਿੱਚ, ਵਿਗਿਆਨ ਨੂੰ ਧਰਮ ਦਾ ਪ੍ਰਤੀਦਵੰਦੀ, ਕੰਮਪੀਟੀਟਰ, ਸਮਝਿਆ ਜਾਂਦਾ ਹੈ। ਪਰ ਐਸਾ ਕੁਝ ਵੀ ਨਹੀਂ ਹੈ। 17ਵੀਂ ਸਦੀ ਦੇ ਅੰਤ ਵਿੱਚ, "ਨਿਉਟਨ" ਨੇ ਇਕ ਸੇਬ ਨੂੰ ਦਰਖ਼ਤ ਤੋਂ ਥੱਲੇ ਡਿੱਗਦਿਆਂ ਵੇਖਿਆ ਅਤੇ ਗੁਰੁੱਤਵਾਕਰਖਣ ਸਿਧਾਂਤ, "ਲਾੱ ਆੱਫ ਗ੍ਰੇਵੀਟੇਸ਼ਨ" ਦਿੱਤਾ। ਸੇਬ, ਅੰਬ, ਅਮਰੂਦ ਤਾਂ ਰੋਜ਼ ਪੱਕ ਕੇ ਦਰਖ਼ਤੋਂ ਡਿੱਗਦੇ ਹਨ। ਇਹ ਕੁਦਰਤ ਦਾ ਸਿਧਾਂਤ ਹੈ। ਕਿਸੇ ਸ਼ੈਅ ਦੇ ਧਰਤੀ ਤੇ ਡਿੱਗਣ ਨੂੰ ਇਕ "ਨਾਂ" ਦਿੱਤਾ ਤਾਂ ਇਹ ਖੋਜ ਵਿਗਿਆਨ ਦੇ ਖਾਤੇ ਵਿੱਚ ਪਾਈ ਗਈ। ਯਥਾਰਥ ਤਾਂ ਇਹ ਹੈ ਕਿ: ਇਹ ਕੁਦਰਤ ਦਾ ਕਾਨੂੰਨ ਹੈ। ਕੁਦਰਤ ਪਰਮੇਸ਼ਰ ਨੇ ਬਣਾਈ ਅਤੇ ਪਰਮੇਸ਼ਰ ਦੇ ਸਾਰੇ ਖਿੱਤਿਆਂ ਦੀ ਖੋਜ "ਧਰਮ" ਦਾ ਵਿਸ਼ਾ ਹੈ। ਗੁਰੂ ਨਾਨਕ ਪਾਤਸ਼ਾਹ ਨੇ ਧਰਮ-ਮੰਡਲ ਤੋਂ ਪਰਦਾ ਚੁੱਕਿਆ ਅਤੇ ਕਈ ਰੱਹਸਮਈ ਘਟਨਾਵਾਂ ਦੀਆਂ ਗੁੰਝਲਾਂ ਖੋਲ੍ਹ ਦਿੱਤੀਆਂ ਹਨ।

ਸ੍ਰਿਸ਼ਟੀ ਸਿਰਜਣਾ ਰਹੱਸ ਨੂੰ ਖੋਲ੍ਹਦਿਆਂ, ਗੁਰੂ ਨਾਨਕ ਪਾਤਸ਼ਾਹ ਨੇ, 15ਵੀਂ ਸਦੀ ਵਿੱਚ ਗੁਰਬਾਣੀ ਉਚਾਰਣ ਕੀਤੀ—ਸਿਰੀ ਰਾਗ ਵਿੱਚ :

"ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ॥
ਜਲ ਤੇ ਤ੍ਰਿਭਵਣ ਸਾਜਿਆ ਘਟਿ ਘਟਿ ਜੋਤਿ ਸਮੋਇ॥" (ਪੰ-19)

ਸੱਚ (ਪਰਮੇਸ਼ਵਰ) ਤੋਂ ਹਵਾ, ਹਵਾ ਤੋਂ ਜਲ, ਜਲ ਤੋਂ ਜੀਅ ਸਿਰਜਤ ਕਰ ਕੇ, ਪਰਮੇਸ਼ਰ ਘਟ-ਘਟ ਵਿੱਚ ਵੱਸ ਗਿਆ। ਉਸ ਵੇਲੇ, ਇਹ ਮਾਤਰ ਗੁਰਬਾਣੀ ਲੱਗੀ- ਧਰਮ ਦੇ ਤੱਲ ਤੋਂ ਉਚਾਰੀ ਗਈ, ਧਰਮ ਬਾਣੀ। ਕੋਈ ਕਲਪਨਾ ਭੀ ਨਹੀਂ ਸੀ ਕਰ ਸਕਦਾ ਕਿ-ਹਵਾ ਤੋਂ ਪਾਣੀ ਬਣ ਸਕਦਾ ਹੈ। ਅੱਜ "ਵਿਗਿਆਨ" ਗੁਰਬਾਣੀ ਦੇ ਅੱਖਰ-ਅੱਖਰ ਨੂੰ ਸਵੀਕਾਰ ਕਰਦਾ ਹੈ।" ਲਾੱ ਆੱਫ ਇਵੋਲੂਸ਼ਨ" ਸਿਰਜਨ ਸਿਧਾਂਤ ਦੇ ਵਿਗਿਆਨੀ, ਚਾਰਲਸ ਡਾਰਵੀਨ ਤੋਂ ਲੈ ਕੇ ਸਟੀਫਨ ਹਾੱਵਰਡਸ ਤਕ ਸਾਰੇ ਇਕ ਸੁਰ ਵਿੱਚ ਇਹ ਸਵੀਕਾਰ ਕਰਦੇ ਹਨ ਕਿ "ਬਿਗ ਬੈਂਗ" ਜਾਂ ਮਹਾਵਿਸਫ਼ੋਟ ਹੋਇਆ—

"ਕੀਤਾ ਪਸਾਉ ਏਕੋ ਕਵਾਉ"

ਇਕ ਮਹਾ ਧੁਨਿ ਨਾਲ, ਇਕ ਆਵਾਜ਼ ਨਾਲ ਧਰਤੀ ਤੇ ਜੀਅ ਦਾ ਪ੍ਰਸਾਰ ਹੋਇਆ।

ਉਸ ਵਿਸਫ਼ੋਟ ਦੇ ਫਲ ਸਰੂਪ, ਕਈ ਗੈਸਾਂ ਉਤਪੰਨ ਹੋਈਆਂ।

ਸਮਾਂ ਪਾ ਕੇ ਇਹਨਾਂ ਗੈਸਾਂ 'ਚੋਂ ਦੋ-ਗੈਸਾਂ, ਹਾਈਡਰੋਜਨ

ਅਤੇ ਆੱਕਸੀਜਲ ਦਾ ਸੁਮੇਲ ਹੋਇਆ ਤੇ ਜਲ ਬਣਿਆ।

ਜਲ ਤੋਂ ਜੀਆਂ ਦਾ ਵਿਕਾਸਵਾਦ ਆਰੰਭ ਹੋਇਆ।

ਭਾਰਤ ਦੇ ਗਣਿਤ ਵਿਦਵਾਨ, "ਆਰਿਆ ਭੱਟ" ਨੇ 520 ਈਸਵੀ ਵਿੱਚ "ਸੁੰਨ" ਨਾਲ ਪ੍ਰੀਚੈ ਕਰਵਾਇਆ। ਵੇਦਾਂ ਵਿੱਚ ਭੀ ਸੰਕੇਤ ਰੂਪ, ਰਿਚਾਵਾਂ ਵਿੱਚ, ਸੁੰਨ ਦਾ ਜ਼ਿਕਰ ਮਿਲਦਾ ਹੈ। ਪਰ ਇਹ ਸੁੰਨਯ "ਜ਼ੀਰੋ"...0 ਸੀ। ਗੁਰੂ ਨਾਨਕ ਪਾਤਸ਼ਾਹ ਨੇ ਸੁੰਨ ਨੂੰ ਸਿਰਜਨਹਾਰ ਦਸਿਆ। ਜਨਮ ਦੇਣ ਵਾਲਾ, ਮੌਤ ਤੋਂ ਮਗਰੋਂ, ਆਪਣੇ ਵਿੱਚ ਸ੍ਰਿਸ਼ਟੀ ਨੂੰ ਸਮਾਹਿਤ ਕਰ ਲੈਣ ਵਾਲਾ, ਪਾਰਬ੍ਰਹਮ, ਪਰਮੇਸ਼ਰ, ਸੁੰਨ ਹੈ।

"ਸੁੰਨਹੁ ਖਾਣੀ ਸੁੰਨਹੁ ਬਾਣੀ॥

ਸੁੰਨਹੁ ਉਪਜੀ ਸੁੰਨਿ ਸਮਾਣੀ॥" (ਪੰ-1037)

ਸਭ ਮੰਨਦੇ ਹਨ, ਪੰਜ ਤੱਤਾਂ, ਮਿੱਟੀ, ਪਾਣੀ, ਹਵਾ, ਅਗਨ ਅਤੇ ਆਕਾਸ਼ ਤੋਂ ਜੀਆਂ ਦਾ ਸਿਰਜਨ ਹੋਇਆ। ਵਿਨਾਸ਼ ਹੋਵੇਗਾ, ਮੌਤ ਆਵੇਗੀ, ਸਭ ਇਸੇ ਸੁੰਨ 'ਚੋਂ ਉਪਜੇ, ਸੁੰਨ ਵਿੱਚ ਗੁੰਮ ਹੋ ਜਾਣਗੇ। ਅੱਜ ਵਿਗਿਆਨ, ਸੁੰਨ ਹੋ ਜਾਣ ਨੂੰ, ਭਾਰ ਤੋਂ ਰਹਿਤ, ਹੋ ਜਾਣ ਨੂੰ ਅਨੰਤ ਸ਼ਕਤੀਸ਼ਾਲੀ, "ਗਾੱਡ ਪਾਰਟੀਕਲ" ਕਹਿੰਦੇ ਹਨ। ਗੁਰੂ ਨਾਨਕ ਪਾਤਸ਼ਾਹ ਨੇ ਪ੍ਰਤੱਖ ਸਾਖਿਆਤਕਾਰ ਕਰਵਾਇਆ—

"ਪੰਚ ਤਤੁ ਸੁੰਨਹੁ ਪਰਗਾਸਾ॥

ਦੇਹ ਸੰਜੋਗੀ ਕਰਮ ਅਭਿਆਸਾ॥ (ਪੰ-1037)

ਇਹ ਪੰਜ ਤੱਤ ਭੀ ਸੁੰਨ 'ਚੋਂ ਉਪਜੇ। ਇਹ ਆਪਸ ਵਿੱਚ ਮਿਲੇ ਤਾਂ ਦੇਹ ਬਣੀ ਔਰ ਉਹ ਦੇਹ ਕਰਮ ਅਭਿਆਸ ਵਿੱਚ ਲੱਗ ਗਈ।

ਵਿਗਿਆਨ ਦੀ ਕਸਵੱਟੀ ਤੇ ਪ੍ਰਮਾਣਿਤ, ਸੁੰਨ ਦਾ ਪ੍ਰੀਚੈ, ਰੱਬ ਦੇ ਰੂਪ ਵਿੱਚ ਗੁਰੂ ਨਾਨਕ ਪਾਤਸ਼ਾਹ ਨੇ ਕਰਵਾਇਆ।

ਅੱਜ ਹਵਾਈ ਮਾਰਗਾਂ ਤੇ—ਹਵਾਈ ਜਹਾਜ਼ ਉੱਡ ਰਹੇ ਹਨ। ਵਿਗਿਆਨਿਕ ਕਲਪਨਾ ਵਿੱਚ, ਭਵਿੱਖ ਵਿੱਚ, ਮਨੁੱਖ ਦੇ ਸਰੀਰ ਵਿੱਚ ਕੋਈ ਯੰਤਰ ਜਾਂ ਚਿਪ ਦੀ ਸਹਾਇਤਾ ਨਾਲ, ਮਨੁੱਖ ਨੂੰ ਉੱਡਣ ਯੋਗ ਬਣੌਨ ਦੀ ਯੋਜਨਾ ਹੈ।

ਹਰ ਮਨੁੱਖ ਦੇ ਹੱਥ ਵਿੱਚ ਇਕ ਸਵਿੱਚ ਜਾਂ ਬਟਨ ਹੋਵੇਗਾ। ਸਰੀਰ, ਚਿਪ ਦੁਆਰਾ ਕਿਸੇ ਨੈੱਟਵਰਕ ਨਾਲ ਜੁੜਿਆ ਹੋਵੇਗਾ। ਬੱਟਨ ਦਬਦਿਆਂ, ਇੱਛਾ ਅਨੁਸਾਰ ਆਕਾਸ਼ ਵਿੱਚ ਉਡਾਰੀ ਮਾਰ ਸਕਣਗੇ। ਹਵਾਈ ਅੱਡੇ ਤੇ ਜਾਣ ਦੀ ਜ਼ਰੂਰਤ ਨਹੀਂ, ਹਰ ਮਨੁੱਖ ਦੇ ਅੰਦਰ, ਉੱਡਣਯੋਗ ਸਮੱਗਰੀ ਹੋਵੇਗੀ।

ਸ਼ਾਇਦ ਹੋਰ ਸੱਤਰ-ਅੱਸੀ ਸਾਲਾਂ ਤਕ, 21ਵੀਂ ਸਦੀ ਦੇ ਅੰਤ ਤਕ ਇਹ ਯੋਜਨਾ ਬਾਜ਼ਾਰ ਵਿੱਚ ਆ ਸਕੇ।

ਪਰ-ਛੇ ਸੌ ਸਾਲ ਪਹਿਲਾਂ, ਸ੍ਰੀ ਗੁਰੂ ਨਾਨਕ ਕੋਲ ਇਸ ਤਕਨੀਕ ਵਿੱਚ ਮਹਾਰਤ ਪ੍ਰਾਪਤ ਸੀ।

ਨਾਨਕ ਝੀਰਾ, ਕਰਨਾਟਕ ਦੇ ਬਿਦਰ ਤੋਂ ਅੱਗੇ ਵੱਧੇ।

ਭਾਈ ਮਰਦਾਨਾ ਜੀ ਨੇ ਅਰਜ਼ ਕੀਤੀ, ਭਾਈ ਬਾਲਾ ਜੀ ਦੀ ਜਨਮ ਸਾਖੀ ਅਨੁਸਾਰ, "ਮਰਦਾਨੇ ਆਖਿਆ, ਗੁਰੂ ਜੀ, ਤੁਰਕ ਮੱਕੇ ਦੀ ਤਾਰੀਫ਼ ਬਹੁਤ ਕਰਦੇ ਹਨ... ਉਹ ਦਿਖਾਓ ਤਾਂ ਭਲਾ ਹੈ।" ਤਾਂ ਗੁਰੂ ਨਾਨਕ ਜੀ ਕਿਹਾ, ਮਰਦਾਨਾ, ਉਹ ਤਾਂ ਕਿਧਰੇ ਪਰ੍ਹੇ ਰਿਹਾ ਹੈ, ਉੱਥੇ ਹਿੰਦੂਆਂ ਨੂੰ ਜਾਣ ਭੀ ਨਹੀਂ ਦਿੰਦੇ... ਇਥੋਂ ਢਾਈ ਹਜ਼ਾਰ ਜੋਜਨ ਤੇ ਹੈ। ਮਰਦਾਨੇ ਨੇ ਆਖਿਆ, ਜੀ ਤੁਸਾਡੀਆਂ ਤਾਂ ਅਢਾਈ ਪਲਕਾਂ ਨੇ।"

ਤਾਂ ਗੁਰੂ ਜੀ ਕਿਹਾ, ਮਰਦਾਨੇ ਰਬਾਬ ਵਜਾ, ਬਾਬੇ ਨੇ ਸ਼ਬਦ ਦਿੱਤਾ... ਸਾਰੀ ਕਾਇਨਾਤ ਝੂਮਣ ਲਗੀ। ਅੱਖਾਂ ਬੰਦ ਹੋਈਆਂ... ਗਾਇਨ ਸਮਾਪਤ ਹੋਇਆ, ਤਾਂ ਬਾਬੇ ਕਿਹਾ, ਮਰਦਾਨੇ ਅੱਖਾਂ ਖੋਹਲ... ਦੇਖ ਕਿਤੇ ਮੱਕਾ ਹੀ ਤਾਂ ਨਹੀਂ। ਮਰਦਾਨਾ ਵਿਸਮਾਦ ਹੋਇ ਗਿਆ। ਵਾਕਈ ਉਹ ਮੱਕੇ ਪਹੁੰਚ ਚੁਕੇ ਸਨ। ਗੁਰੂ ਨਾਨਕ, ਉੱਡਣ ਦੀ ਅਤੇ ਬੰਦਾ ਉਡੌਣ ਦੀ ਤਕਨੀਕ ਵਰਤੀ ਸੀ। ਉਹ ਵਿਗਿਆਨ, ਉਹ ਵਿਸ਼ੇਸ਼ ਗਿਆਨ, ਜਿੱਥੇ ਕੁਦਰਤ ਅਤੇ ਕਾਦਰ ਦੋਵੇਂ, ਸਿਰਜਨ ਅਤੇ ਸਿਰਜਨਹਾਰ ਦਾ ਸੰਗਮ ਹੁੰਦਾ ਹੈ।

ਉਹ ਸਮਾਂ, ਜਦੋਂ ਧਰਤੀ, ਸੂਰਜ, ਚੰਦ ਅਤੇ ਰਾਤ ਨੂੰ ਟਿਮਟਿਮੌਂਦੇ ਹੋਏ ਤਾਰਿਆਂ ਤੋਂ ਪਰ੍ਹੇ ਕੁਝ ਗਿਆਨ ਨਹੀਂ ਸੀ। ਕੁਰਾਨ ਸ਼ਰੀਫ਼ ਵਿੱਚ, ਹਦੀਸ ਵਿੱਚ ਅਠਾਰਾਂ ਹਜ਼ਾਰ, ਗ੍ਰਹਿ ਉਪਗ੍ਰਹਿ ਦੀ ਗਿਣਤੀ ਦੱਸੀ। ਉਸ ਤੋਂ ਅੱਗੇ ਕਿਤੇ ਕੋਈ ਖ਼ਬਰ ਨਹੀਂ ਸੀ। ਆਪਣੀ ਮੌਜ ਵਿੱਚ, ਗੁਰੂ ਨਾਨਕ ਪਾਤਸ਼ਾਹ, ਮਰਦਾਨੇ ਦੇ ਨਾਲ ਮੱਕੇ ਤੋਂ ਅੱਗੇ ਵਧੇ, ਬਗਦਾਦ ਜਾ ਪਹੁੰਚੇ। ਇਹ ਕਹਿੰਦੇ, ਸ਼ਾਹੀ ਕਬਰਗਾਹ ਹੈ। ਰਾਜੇ-ਮਹਾਰਾਜੇ, ਨਵਾਬ, ਅਤੇ ਖ਼ਲੀਫ਼ੇ, ਇਥੇ ਮਿੱਟੀ ਵਿੱਚ, ਸੁੱਤੇ ਹੋਏ "ਕਯਾਮਤ" ਦੀ, ਅੱਲਾਹ ਦੀ ਉਡੀਕ ਕਰ ਰਹੇ ਹਨ। ਇਹਨਾਂ ਦੀ ਨੀਂਦ ਵਿੱਚ, ਅਮਨ ਵਿੱਚ ਕੋਈ ਖਲਲ ਨਾ ਪਾਏ। ਤਾਂ ਹੁਕਮ ਸੀ, ਇੱਥੇ ਕੋਈ ਉੱਚੀ ਸੁਰ ਵਿੱਚ ਗੱਲ ਵੀ ਨਾ ਕਰੇ। ਗਾਇਨ ਵਾਦਨ ਤਾਂ ਬਿਲਕੁਲ ਵੀ ਨਹੀਂ।

ਗੁਰੂ ਨਾਨਕ ਭਲਾ ਕਿਸ ਦੀ ਸੁਣਨ ਵਾਲੇ ਸਨ।

ਪਰਮਾਤਮਾ ਦਾ ਵੇਲਾ, ਤੜਕਾ ਵੇਲਾ ਹੋਇਆ...

ਮੁਸਲਮਾਨਾਂ ਲਈ ਫਜ਼ੀਰ ਦੀ ਨਿਮਾਜ਼ ਦਾ ਵਖਤ...

ਮਰਦਾਨਿਆਂ, ਰਬਾਬ 'ਚੋਂ ਸੁਰ ਕੱਢ... ਮਰਦਾਨੇ ਰਬਾਬ ਸੁਰ ਕੀਤੀ, ਸਤਿਗੁਰਾਂ ਰੱਬੀ ਬਾਣੀ ਦਿੱਤੀ—

"ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥
ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ॥
ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ..."।

ਸ਼ਾਂਤ ਖੇਤਰ ਵਿੱਚ ਸ਼ਾਹੀ ਕਬਰਗਾਹ 'ਚੋਂ ਇਹ ਕਿਹੜੀ ਆਵਾਜ਼... ਇਹ

ਰਬਾਬੀ ਸੰਗੀਤ ਦਾ ਸੁਰ ? ਭੀੜ ਇਕੱਠੀ ਹੋਈ। ਬਗਦਾਦ ਦੇ "ਪੀਰ ਦਸਤਗੀਰ" ਭੀ ਆ ਗਏ। ਜਪੁਜੀ ਦੀਆਂ ਤੁਕਾਂ, ਸੰਗੀਤਮਈ ਬਾਣੀ ਸੁਣੀ। ਰੋਸ ਵਿੱਚ ਕਿਹਾ, ਬੰਦ ਕਰੋ ਇਹ ਸ਼ੋਰ! ਦਿਸਦਾ ਨਹੀਂ, ਇਹ ਸ਼ਾਂਤ ਖੇਤਰ ਹੈ। ਫਿਰ ਨਬੀ ਰਸੂਲ ਦੀ ਬਾਣੀ ਪਲਟਾ ਰਹੇ ਹੋ। ਸਾਡੀ ਕਿਤਾਬ, ਮੁਕੱਦਸ ਕੁਰਾਨ ਸ਼ਰੀਫ਼ ਵਿੱਚ 18 ਹਜ਼ਾਰ ਦੀ ਦੱਸ ਪਾਈ ਹੈ।

"ਸਹਸ ਅਠਾਰਹ ਕਹਨਿ ਕਤੇਬਾ"

ਇਹ ਤਾਂ ਇਸਲਾਮ ਮਤਿ ਦੇ ਉਲਟ ਹੈ.. ਇਹ ਕੁਫ਼ਰ ਹੈ।

ਸਹਜ ਭਾਵ ਵਿੱਚ ਗੁਰੂ ਨਾਨਕ ਜੀ ਕਿਹਾ, ਕਈ ਲੱਖ ਆਕਾਸ਼, ਕਈ ਲੱਖ ਪਾਤਾਲ... ਇਹਨਾਂ ਦੀ ਕੋਈ ਗਿਣਤੀ ਨਹੀਂ...। ਤਸਦੀਕ ਕਰਨੀ ਹੈ ਤਾਂ ਕੋਈ ਹੱਥ ਫੜਾਏ... ਮੇਰੇ ਨਾਲ ਬ੍ਰਹਮਾਂਡ-ਮੰਡਲ ਤੇ ਚਲੇ। ਪੀਰ ਦਸਤਗੀਰ ਦਾ ਪੁੱਤਰ ਅੱਗੇ ਆਇਆ। ਬਾਬੇ ਨਾਨਕ ਨੇ ਬਾਂਹ ਫੜੀ ਤੇ ਆਕਾਸ਼ ਤੇ ਉਡਾ ਲੈ ਗਏ। ਉਹ ਵੇਖਦਾ ਹੈਂ, ਧਰਤੀ ਵਾਂਗ ਅਨਗਿਣਤ ਗ੍ਰਹਿ, ਸੂਰਜ, ਚੰਦ...। ਹਰ ਗ੍ਰਹਿ, ਉਪਗ੍ਰਹਿ ਦੀ ਇਕ ਧਰਤੀ, ਇਕ ਆਕਾਸ਼...। ਕਿਉਂ ? ਹੋਰ ਅੱਗੇ ਚਲੀਏ ? ਬਾਬੇ ਨੇ ਪੁੱਛਿਆ।

ਨਹੀਂ ਜੀ, ਤੱਸਲੀ ਹੋ ਗਈ... ਕੋਈ ਗਿਣ ਨਹੀਂ ਸਕਦਾ... ਓੜਕ... ਅਨੰਤ...।

ਥੱਲੇ, ਬਗਦਾਦ ਦੇ ਉਸੇ ਥਾਂ ਉਤਰੇ ਤਾਂ, ਪੀਰ ਦਸਤਗੀਰ ਦੀ ਬਾਂਹ ਫੜ ਕੇ ਪੁੱਤਰ ਕਹਿੰਦੈ, ਪੀਰ ਸਾਹਿਬ, ਇਹ ਪ੍ਰਤੱਖ... ਜਾਹਿਰ ਵਲੀ ਹੈ। ਇਹ ਕੋਈ ਬੰਦਾ ਨਹੀਂ ਹੋ ਸਕਦਾ। ਵਾਕਈ ਉਪਰ ਆਸਮਾਂ ਤੇ ਲੱਖਾਂ ਕਰੋੜਾਂ ਤੋਂ ਵੀ ਸ਼ਾਇਦ ਉਪਰ, ਗਿਣੇ ਨਹੀਂ ਜਾ ਸਕਦੇ, ਇਤਨੇ ਆਕਾਸ਼, ਇਤਨੇ ਪਾਤਾਲ, ਇਤਨੀਆਂ ਧਰਤੀਆਂ ਵੇਖ ਆਇਆ ਹਾਂ। ਇਨ੍ਹਾਂ ਨੂੰ ਸਿਜਦਾ ਕਰੀਏ।

ਖਗੋਲ ਵਿਗਿਆਨੀ, ਹੁਣ ਕਹਿੰਦੇ ਹਨ, ਬ੍ਰਹਮਾਂਡ ਵਿੱਚ ਪਤਾ ਨਹੀਂ ਕਿਤਨੇ ਗ੍ਰਹਿ ਉਪਗ੍ਰਹਿ ਹਨ। ਕਈ ਤਾਂ ਅਰਬਾਂ ਪ੍ਰਕਾਸ਼ ਵਰ੍ਹੇ ਦੂਰ ਹਨ। ਗੁਰੂ ਨਾਨਕ ਪਾਤਸ਼ਾਹ ਕੋਲ, ਕੋਈ ਪ੍ਰਯੋਗਸ਼ਾਲਾ ਨਹੀਂ ਸੀ। ਦੂਰਬੀਨ ਜਾਂ ਟੇਲੀਸਕੋਪ ਨਹੀਂ ਸੀ... ਪਰ ਗੁਰੂ ਨਾਨਕ ਵੇਖ ਰਹੇ ਸਨ, ਅਨੰਤ ਮੰਡਲਾਂ ਨੂੰ।

ਕੁਦਰਤ ਦੀ ਬੁੱਕਲ ਵਿੱਚ, ਗਹਿਰੇ ਰਹੱਸ ਢੱਕੇ ਹੋਏ ਹਨ। ਉਹ ਅਦਿੱਖ, ਗੁਪਤ ਹਨ। ਇਹ ਸ੍ਰਿਸ਼ਟੀ, ਸੰਪੂਰਨ ਬ੍ਰਹਮਾਂਡ, ਇਕ ਰਿਸ਼ਤੇ ਵਿੱਚ ਜੁੜੇ ਹੋਏ ਹਨ। ਚੰਦਰਮਾ ਧਰਤੀ ਦੀ ਪਰਕਰਮਾ ਕਰ ਰਿਹੈ, ਧਰਤੀ ਸੂਰਜ ਦੀ ਪਰਕਰਮਾ ਕਰ ਰਹੀ ਹੈ।

ਸਾਰਾ ਸੂਰਜ ਮੰਡਲ... ਇਸ ਤਰ੍ਹਾਂ ਦੇ ਅਨੇਕਾਂ ਮੰਡਲ... ਸਭ ਇਕ ਰਿਸ਼ਤੇ ਵਿੱਚ ਹਨ। ਕੁਦਰਤ ਇਕ ਗੁਪਤ ਖੇਡ, ਖਿਡਾ ਰਹੀ ਹੈ। ਧਰਤੀ 'ਚੋਂ, ਮਿੱਟੀ, ਰੇਤ, ਚੂਨਾ, ਸੀਮੇਂਟ, ਪੱਥਰ, ਅਨਾਜ, ਸਾਰੇ ਭੋਜਨ ਪਦਾਰਥ, ਸਾਰੇ ਜੀਅ, ਪਸ਼ੂ ਪੰਖੀ, ਮਨੁੱਖ, ਬਨਸਪਤਿ ਮਿੱਟੀ 'ਚੋਂ ਜੰਮ ਰਹੇ ਹਨ। ਮਰ ਕੇ ਫਿਰ ਮਿੱਟੀ ਵਿੱਚ ਹੀ ਮਿਲ ਰਹੇ ਹਨ। ਦਸਮ ਪਾਤਸਾਹ ਇਹ ਰਾਜ਼ ਖੋਲ੍ਹਦੇ ਹਨ :

"ਭੂਮ ਹੀ ਤੇ ਹੁਇਕੈ ਫੇਰ ਭੂਮ ਹੀ ਮਿਲਏ ਹੈਂ।"

ਇਹ ਖੇਡ ਰਚਨਹਾਰ ਨੇ ਖੇਡੀ। ਉਹ ਸਿਰਜਨਹਾਰ, ਉਹ ਕਾਦਰ, ਗੁਰੂ ਨਾਨਕ ਵਿੱਚ ਪ੍ਰਗਟਿਆ। ਤਾਂ ਕੁਦਰਤ ਦੀ ਇਹ ਸਾਰੀ ਖੇਡਾਂ ਤੋਂ ਪਰਦਾ, ਗੁਰੂ ਨਾਨਕ ਚੁੱਕਦੇ ਹਨ... ਕੁਦਰਤ ਦੀ ਹਰ ਸ਼ਕਤੀ, ਸਾਰੇ ਰੂਪ, ਸਾਰੇ ਰਿਸ਼ਤੇ, ਗੁਰੂ ਨਾਨਕ ਦੇ ਸਾਮ੍ਹਣੇ ਬੇਪਰਦਾ ਹੋ ਜਾਂਦੇ ਹਨ। ਇਹ ਅਦਿੱਖ ਦਾ ਗਿਆਨ ਹੀ ਵਿਗਿਆਨ ਹੈ ਵਿਸ਼ੇਸ਼ ਗਿਆਨ ਹੈ। ਗੁਰਬਾਣੀ ਵਿੱਚ ਸਾਰੇ ਭੇਦ... ਸਾਰੇ ਰਹੱਸ ਖੁਲ੍ਹਦੇ ਜਾਂਦੇ ਹਨ। ਇਹ ਗੁਰੂ ਨਾਨਕ ਧਰਮ ਦਰਸ਼ਨ ਦੀ ਵਿਲੱਖਣਤਾ ਹੈ।

# ਸੰਤ ਅਤੇ ਪਾਪੀ

ਅਕਤੂਬਰ 2019 ਨੂੰ, ਸ. ਖ਼ੁਸ਼ਵੰਤ ਸਿੰਘ ਦੀ ਯਾਦ ਵਿੱਚ ਸੰਪੰਨ ਹੋ ਰਹੇ ਤਿੰਨ ਰੋਜ਼ਾ, "ਕਸੌਲੀ ਲਿਟ ਫੈਸਟ" ਵਿੱਚ ਇਕ ਦਿਨ, ਈਰਾਨੀ ਕਹਾਣੀਕਾਰ, "ਰਾਮਿਨ ਜੇਹਾਨ ਬੇਗਲੂ" ਦੀ ਪੁਸਤਕ "ਸੈਂਟ ਐਂਡ ਸਿੱਨਰਸ" ਤੇ ਚਰਚਾ ਲਈ ਰਖਿਆ ਗਿਆ। ਦੁਨੀਆਂ ਦੇ ਕਈ ਮੁਲਕਾਂ ਤੋਂ, ਖ਼ੁਸ਼ਵੰਤ ਸਿੰਘ ਹੁਰਾਂ ਦੇ ਪ੍ਰਸ਼ੰਸਕ, ਵਿਦਵਾਨ, ਸ਼ਾਇਰ, ਜਰਨਲਿਸਟ ਆਏ ਹੋਏ ਸਨ।

"ਪਾਪ" ਦਾ ਨਿਰਧਾਰਨ ਕਰਦਿਆਂ, ਵਿਦਵਾਨ ਬੁਲਾਰਿਆਂ ਨੇ ਮਨੁੱਖੀ ਸਮਾਜ ਦੀ, ਸੇਹਤਮੰਦ ਅਤੇ ਰੋਗੀ ਮਾਨਸਿਕਤਾ ਦਾ ਵਿਸ਼ਲੇਸ਼ਣ ਕੀਤਾ। "ਮਾਰਕ ਤੁੱਲੀ" ਮਸ਼ਹੂਰ ਜਰਨਲਿਸਟ ਨੇ, ਮਹਾਂਰਿਸ਼ੀ ਵੇਦ ਵਿਆਸ ਦੀ ਪਾਪ ਪੁੰਨ ਦੀ ਪਛਾਣ, "ਜਿਹੜਾ ਦੂਜਿਆਂ ਦਾ ਭਲਾ ਕਰੇ, ਉਹ ਪੁੰਨ ਕਰਮ ਹੈ, ਉਹ ਸੰਤ ਹੈ ਅਤੇ ਜਿਹੜਾ ਦੂਜਿਆਂ ਨੂੰ ਦੁਖ ਦੇਵੇ, ਉਹ ਪਾਪ ਕਰਮ ਹੈ... ਉਹ ਪਾਪੀ ਹੈ," ਬਹੁਤ ਅਧੂਰੀ ਅਤੇ ਧੁੰਧਲੀ ਹੈ। ਇਕ ਮਾਂ, ਸਕੂਲ ਜਾਣ ਤੋਂ ਨਾਂਹ ਕਰਦੇ ਬੱਚੇ ਨੂੰ ਝਿੜਕਦੀ ਹੈ, ਮਾਰਦੀ ਹੈ... ਬੱਚੇ ਨੂੰ ਉਸ ਵੇਲੇ ਦੁਖ ਹੁੰਦਾ ਹੈ। ਜਾਂ ਇਕ ਡਾਕਟਰ ਮਰੀਜ਼ ਦਾ ਓਪਰੇਸ਼ਨ ਕਰਦਾ ਹੈ, ਚੀਰ-ਫਾੜ ਵੀ ਕਰਦਾ ਹੈ, ਜਾਂ ਇਕ ਫੌਜੀ, ਜੰਗ ਦੇ ਦੌਰਾਨ, ਅਨੇਕਾਂ ਦੁਸ਼ਮਨਾਂ ਨੂੰ ਮਾਰਦਾ ਹੈ—ਉਹਨਾਂ ਦੇ ਘਰਾਂ ਵਿੱਚ ਮਾਤਮ ਛਾ ਜਾਂਦਾ ਹੈ... ਕੀ ਇਹਨਾਂ ਕਰਮਾਂ ਨੂੰ ਪਾਪ ਕਰਮ ਕਹਿ ਸਕਦੇ ਹਾਂ? ਨਿਸ਼ਚੈ ਇੰਝ ਨਹੀਂ ਕਹਿ ਸਕਦੇ ਹਾਂ।

ਕੁਝ ਇਸੇ ਭਾਵ ਵਿੱਚ, ਤਵਲੀਨ ਸਿੰਘ ਨੇ ਤਥਾਕਥਿਤ ਧਰਮੀ ਕਹਿਲਾਣ ਵਾਲਿਆਂ ਮਹਾਮੰਡਲੇਸ਼ਵਰਾਂ ਜਾਂ ਕਾਜ਼ੀਆਂ, ਮੌਲਵੀਆਂ, ਨਿਜ਼ਾਮਾਂ ਤੋਂ ਸਵਾਲ ਕੀਤੇ। ਸਬਰੀਮਾਲਾ ਮੰਦਿਰ ਵਿੱਚ ਔਰਤਾਂ ਦੇ ਪ੍ਰਵੇਸ਼ ਦੀ, ਪੂਜਾ ਅਰਚਨਾ ਦੀ ਨਿਖੇਧੀ, ਮਨੁੱਖੀ ਅਧਿਕਾਰਾਂ ਨੂੰ ਖੋਹ ਲੈਣ ਦਾ ਪਾਪ ਨਹੀਂ? ਤਿੰਨ ਤਲਾਕ ਦੇ ਨਾਂ ਤੇ, ਇਕ ਔਰਤ ਦੀ ਹੱਸਦੀ-ਵਸਦੀ ਜ਼ਿੰਦਗੀ ਨੂੰ ਲਾਵਾਰਿਸ ਕਰ ਦੇਣ ਦੇ ਪਾਪੀ ਨਹੀਂ ਹਨ? ਤਾਂ ਪਾਪੀ ਅਤੇ ਸੰਤ ਦੀ ਸ਼ਿਨਾਖ਼ਤ, ਗਹਿਰੀ ਦ੍ਰਿਸ਼ਟੀ ਮੰਗਦੀ ਹੈ। ਧਰਮ ਅਦਾਰਿਆਂ ਵਿੱਚ ਰਹਿੰਦੇ ਹੋਏ, ਸੰਤ ਕਹਿਲੌਂਦੇ ਹੋਏ ਲੋਗ ਵੀ, ਲੋਭੀ, ਕਾਮੁਕਾ, ਜਾਂ ਕ੍ਰੋਧੀ ਵਿਵਹਾਰ ਕਰ ਕੇ ਪਾਪੀ ਗਿਣੇ ਜਾਣੇ ਚਾਹੀਦੇ ਹਨ ਅਤੇ ਮੰਦਿਰ, ਗੁਰੂਦੁਆਰਿਆਂ ਜੋਗ ਸਮਾਂ ਨਾਂ ਕੱਢ ਸੱਕਣ ਵਾਲਾ ਕੋਈ ਵਿਅਕਤੀ, ਸਰਬੱਤ ਦਾ ਭਲਾ ਚਿਤਵਦਾ ਹੈ, ਯਥਾਸ਼ਕਤ ਲੋੜਵੰਦ ਬਜ਼ੁਰਗ ਦੀ ਬਾਂਹ ਫੜ ਕੇ ਰੋਡ ਲੰਘਾ ਦਿੰਦਾ ਹੈ... ਉਹ "ਪੁੰਨ ਆਤਮਾ" ਹੈ, ਸੰਤ ਹੈ। ਆਪਣੇ ਲਈ ਤਾਂ ਪਰਮਾਤਮਾ ਤੋਂ ਸਭ ਦਇਆ ਮੰਗਦੇ ਹਨ, ਦੂਜਿਆਂ ਪ੍ਰਤੀ ਕਰੁਣਾ ਮਈ ਹੋ ਜਾਣ ਵਾਲਾ ਹੀ ਸੱਚਾ ਸੰਤ ਹੈ।

"ਸ੍ਰੀ ਰਾਮ ਚਰਿਤ ਮਾਨਸ" ਦੇ ਆਰੰਭ ਵਿੱਚ, ਗੋਸਵਾਮੀ ਤੁਲਸੀਦਾਸ ਜੀ ਨੇ "ਸੰਤ" ਦੀ ਬੰਦਨਾ ਕੀਤੀ—

"ਸੰਤ ਹਿਰਦੈ ਨਵਨੀਤ ਸਮਾਨਾ, ਕਹਾ ਕਵਿਨ ਪੈ ਕਹਾ ਨ ਜਾਨਾ॥
ਨਿਜ ਤਾਪ ਲਾਗੀ ਦ੍ਰਵੈ ਨਵਨੀਤਾ, ਪਰ ਦੁਖੁ ਦ੍ਰਵੈ ਸੰਤ ਸੁ ਪੁਨੀਤਾ॥"

ਕਵੀਆਂ ਨੇ, ਸੰਤਾਂ ਨੂੰ ਮੱਖਣ ਵਾਂਗ ਕੋਮਲ ਹਿਰਦੇ ਵਾਲਾ ਕਿਹਾ ਹੈ। ਪਰ ਉਨ੍ਹਾਂ ਕਵੀਆਂ ਨੇ ਸਹੀ ਉਪਮਾ ਨਹੀਂ ਕੀਤੀ। ਇਕ ਮੌਲਿਕ ਭੇਦ ਹੈ, ਸੰਤ ਅਤੇ ਮੱਖਣ ਵਿੱਚ! ਮੱਖਣ ਨੂੰ, ਆਪ ਨੂੰ ਸੇਕ ਲੱਗੇ ਤਾਂ ਪੰਘਰਦਾ ਹੈ ਪਰ ਕਿਸੇ ਜੀਅ ਨੂੰ ਦੁਖ ਹੋਵੇ, ਸੇਕ ਲਗੇ ਤਾਂ ਸੰਤ ਦਾ ਹਿਰਦਾ ਪੰਘਰ ਜਾਂਦਾ ਹੈ। ਸੰਤ, ਕਰੁਣਾ ਦੀ ਮੂਰਤ ਹੁੰਦਾ ਹੈ।

ਭਗਤ ਕਬੀਰ ਜੀ, ਬਨਾਰਸ ਰਹਿੰਦੇ ਸਨ।

ਇਕ ਵਾਰ ਸ਼ਿਵਰਾਤ੍ਰੀ ਤੇ, ਅਖੰਡ ਸ਼ਿਵ ਜਾਪ, ਵਿਦਵਾਨਾਂ ਦੇ ਪ੍ਰਵਚਨ, ਸ਼ਿਵ ਪੁਰਾਣ ਕਥਾ ਦੇ ਉਪਰੰਤ, ਭੰਡਾਰੇ ਦਾ ਪ੍ਰਬੰਧ ਕੀਤਾ ਗਿਆ ਸੀ। ਦੂਰੋਂ-ਦੂਰੋਂ, ਭੁੱਖ ਸ਼ਾਂਤ ਕਰਨ ਲਈ ਲੋੜਵੰਦਾਂ ਦਾ ਵੱਡਾ ਇਕੱਠ ਹੋ ਗਿਆ ਸੀ। ਪਹਿਲਾਂ, ਵੇਦ ਪਾਠੀਆਂ, ਵੇਦਾਂਤੀਆਂ, ਬ੍ਰਾਹਮਣਾਂ, ਵਿਦਵਾਨਾਂ ਨੂੰ ਆਮੰਤਰਿਤ ਕੀਤਾ ਗਿਆ। ਫਿਰ ਖ਼ੱਤਰੀ, ਵਾਪਾਰੀ, ਵੈਸ਼ਯ ਸਮਾਜ ਦੀ ਵਾਰੀ ਸੀ।

ਬੰਦ, ਮੁੱਖ ਦਰਵਾਜ਼ੇ ਦੇ ਬਾਹਰ, ਭੁੱਖ ਨਾਲ ਵਿਆਕੁਲ ਹੁੰਦੇ ਗਰੀਬ, ਔਰਤ, ਮਰਦ, ਬੱਚੇ, ਲੰਗਰ ਦੀ ਮੰਗ ਕਰਦੇ ਹੋਏ ਅੱਗੇ ਵੱਧਣ ਦੀ ਕੋਸ਼ਿਸ਼ ਕਰਦੇ, ਅੱਗੋਂ ਤਗੜੇ ਪਹਿਰੇਦਾਰ, ਲਠੈਤ, ਧੱਕੇ ਮਾਰਦੇ, ਇਨ੍ਹਾਂ ਨੂੰ ਪਿੱਛੇ ਸੁੱਟਦੇ। ਭਗਤ ਕਬੀਰ ਜੀ, ਦੂਰੋ ਇਹ ਦ੍ਰਿਸ਼ ਵੇਖ ਕੇ ਦ੍ਰਵਿੱਤ ਹੋ ਗਏ। "ਪਦ" ਉੱਚਾਰਨ ਕੀਤਾ—

"ਦੀਨਨਿ ਦੇਖਿ ਘਿਨਾਤ ਜੋ, ਨਹੀਂ ਦੀਨਨਿ ਸੋਂ ਕਾਮ॥
ਕਹਾਂ ਜਾਣ ਤੇ ਲੇਤ ਹੈਂ, ਦੀਨ ਬੰਧੁ ਕੋ ਨਾਮ॥

ਗਰੀਬਾਂ ਨਾਲ ਘਿਰਨਾ, ਅਤੇ ਗ਼ਰੀਬ ਨਿਵਾਜ਼ ਦਾ ਨਾਂ... ਉਲਟ ਮਨੋਦਸ਼ਾ... ਪੁੱਠੀ ਗੰਗਾ ਵਗਾਉਣ ਦਾ ਨਿਸਫਲ ਪ੍ਰਯੋਜਨ ਹੋ ਰਿਹੈ।

ਉਹ ਤਾਂ ਦੀਨਾ ਬੰਧੂ ਹੈ, ਅਨਾਥਾਂ ਦਾ ਨਾਥ, ਬੇਆਸਰਿਆਂ ਦਾ ਆਸਰਾ। ਗਰੀਬਾਂ, ਭੁੱਖਿਆਂ, ਦੀਨਾਂ ਨੂੰ ਧੱਕੇ ਪੈਣ ਤਾਂ ਨਿਸ਼ਚੇ ਦੀਨ ਬੰਧੂ ਦੇ ਨਾਂ ਦਾ ਜਾਪ, ਬੇਅਰਥ ਹੈ।

ਉਹ ਤਾਂ ਕਰੁਣਾ ਦਾ ਸਾਗਰ, ਦਇਆ ਨਿਧਾਨ ਹੈ।

ਕਿਸੇ ਦਇਆਵਾਨ, ਕਰੁਣਾਵਾਨ ਦੇ... ਕਿਸੇ ਸੰਤ ਦੇ ਹਿਰਦੈ ਚੋਂ ਪ੍ਰਗਟ ਹੋਵੇਗਾ।

ਸੰਨ 1526! ਹਿੰਦੁਸਤਾਨ ਤੇ ਬਾਬਰ ਦਾ ਹਮਲਾ ਹੋਇਆ। ਸ਼ਹਿਰ ਦੇ ਸ਼ਹਿਰ ਉਜਾੜਦੇ, ਲੁੱਟਦੇ, ਵੱਡਦੇ-ਕੱਟਦੇ, ਅੱਗੇ ਵੱਧ ਰਹੇ ਸਨ। ਬੇਦੋਸ਼ੇ, ਨਿਹੱਥੇ ਲੋਕਾਂ ਨੂੰ ਨੇਜਿਆਂ ਨਾਲ ਵਿੰਨ੍ਹਦੇ, ਘੋੜਿਆਂ ਦੇ ਪੈਰਾਂ ਹੇਠ ਕੁਚਲਦੇ, ਰੋਂਦੀ ਕੁਰਲਾਉਂਦੀ

ਆਵਾਮ ਦੀ ਹਾਹਾਕਾਰ ਨੇ, ਗੁਰੂ ਨਾਨਕ ਪਾਤਸ਼ਾਹ ਦਾ ਹਿਰਦਾ ਦ੍ਰਵਿੱਤ ਕਰ ਦਿੱਤਾ। ਪਾਤਸ਼ਾਹ ਨੇ ਬਾਬਰ ਨੂੰ ਲਾਹਨਤਾਂ ਪਾਈਆਂ। ਅਗੋਂ ਸ੍ਰਿਸ਼ਟੀ ਦੇ ਸਿਰਜਨਹਾਰ ਸਾਂਈ ਅੱਗੇ ਵੀ ਰੋਸ ਪਰਗਟ ਕੀਤਾ :

ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ॥
ਸਕਤਾ ਸੀਹੁ ਮਾਰੇ ਪੈ ਵਗੈ, ਖਸਮੈ ਸਾ ਪੁਰਸਾਈ॥"

ਦੋ ਸ਼ੇਰ ਜਾਂ ਬਰਾਬਰੀ ਦੇ ਦੋ-ਯੋਧਾ ਲੜਨ ਤਾਂ ਜਿੱਤ, ਅਰਥ ਰਖਦੀ ਹੈ। ਪਰ ਜੇ ਭੇਡਾਂ, ਬਕਰੀਆਂ ਦੇ ਝੁੰਡ ਤੇ, ਹੇ ਪਰਮਾਤਮਾ, ਤੂੰ ਬੱਬਰ ਸ਼ੇਰ ਛੱਡ ਦੇਵੇਂ ਤਾਂ, ਖਸਮ ਤੋਂ ਭੀ ਜਵਾਬ ਤਲਬੀ ਹੋਵੇਗੀ। ਸਿਰਜਨਹਾਰ ਦੇ ਵਿਧਾਨ ਅਤੇ ਅਨਿਆਂਪੂਰਨ ਵਿਵਸਥਾ ਤੇ ਪ੍ਰਸ਼ਨ ਚਿੰਨ੍ਹ ਖੜ੍ਹਾ ਹੋ ਜਾਵੇਗਾ।

"ਹੇ ਗੋਬਿੰਦ ਹੇ ਗੋਪਾਲ ਹੇ ਦਇਆਲ ਲਾਲ..."

ਗੋ ਦਾ ਅਰਥ ਹੈ ਸ੍ਰਿਸ਼ਟੀ। ਬਿੰਦ ਦਾ ਅਰਥ, ਪਾਲਣਹਾਰ।

ਤਾਂ ਪਰਮੇਸ਼ਰ ਨੂੰ ਗੋਬਿੰਦ ਕਹਿੰਦੇ ਹਾਂ।

ਗੋਪਾਲ! ਗੋ, ਅਰਥਾਤ ਸੰਸਾਰ ਦੇ ਜੀਅ। ਪਾਲ ਅਰਥਾਤ ਪਾਲਣ ਵਾਲਾ! ਹੇ ਪ੍ਰਭੂ ਤੂੰ ਗੋਬਿੰਦ ਹੈਂ, ਤੂੰ ਗੋਪਾਲ ਹੈਂ।

ਹੇ ਦਇਆਲ ਲਾਲ!

ਤੂੰ ਦਇਆਲ ਹੈਂ, ਦਇਆ ਦੇ ਘਰ ਵਿੱਚ ਰਹਿੰਦਾ ਹੈਂ... ਸਭ ਦੀ ਰਖਿਆ ਕਰ... ਸਭ ਨੂੰ ਸੁਖੀ ਕਰ!

ਕਹਿੰਦੇ ਹਨ, ਸੰਤ ਪਾਰਸ ਹੁੰਦੇ ਹਨ। ਜਿਸ ਦੇ ਸਿਰ ਤੇ ਹੱਥ ਰੱਖ ਦੇਣ... ਜਿਸ ਨੂੰ ਇਕ ਵਾਰ ਛੂਹ ਦੇਣ, ਉਸ ਨੂੰ ਕੰਚਨ ਬਣਾ ਦਿੰਦੇ ਹਨ। ਰਤਨਾਕਰ ਡਾਕੂ ਨੂੰ, ਕਹਿੰਦੇ ਹਨ, ਦੇਵਰਿਸ਼ੀ ਨਾਰਦ ਜੀ ਨੇ ਛੂਹ ਕੇ, "ਬਾਲਮੀਕਿ" ਬਣਾ ਦਿੱਤਾ। ਹਿਰਦੈ ਚੋਂ, ਲੋਭ, ਕ੍ਰੋਧ ਆਦਿ ਵਿਕਾਰ ਬਾਹਰ ਹੋ ਗਏ। ਮਨ ਨਿਰਮਲ ਹੋਇਆ ਤਾਂ ਦਇਆ ਨੇ ਸਥਾਨ ਲਿਆ। ਸੰਤ ਮਹਾਪੁਰਸ਼ ਕਹਿੰਦੇ ਹਨ, ਵਿਕਾਰੀ ਦਾ ਹਿਰਦਾ ਨਿਰਮਲ ਨਹੀਂ ਹੁੰਦਾ ਅਤੇ ਇਹ ਸੱਤ ਹੈ, ਵਿਕਾਰੀ ਹਿਰਦੇ ਵਿੱਚ ਦਇਆ ਨਹੀਂ ਉਪਜਦੀ। ਬਾਲਮੀਕਿ ਸੰਤਤਵ ਨੂੰ ਪ੍ਰਾਪਤ ਹੋਏ। ਭਾਰਦਵਾਜ ਰਿਸ਼ੀ ਨਾਲ ਸਹਿਚਾਰ ਹੋਇਆ। ਘੰਟਿਆਂ ਬੱਧੀ, ਦੋਵੇਂ, ਗੰਗਾ ਦੇ ਕਿਨਾਰੇ ਬੈਠ ਜਾਂਦੇ। ਵਗਦੀ ਹੋਈ, ਭਾਗੀਰਥੀ 'ਚੋਂ ਉੱਠਦੀਆਂ ਡਿੱਗਦੀਆਂ ਤਰੰਗਾਂ ਨਿਹਾਰਦੇ, ਧਰਮ ਚਿੰਤਨ ਕਰਦੇ ਰਹਿੰਦੇ। ਉਦੋਂ ਰਾਮ-ਰਾਵਣ ਯੁੱਧ ਸਮਾਪਤ ਹੋ ਗਿਆ ਸੀ। ਅਯੋਧਿਆ ਦੇ ਰਾਜ ਮਹਿਲ ਚੋਂ ਨਿਸ਼ਕਾਸਿਤ, ਮਾਂ ਜਾਨਕੀ ਨੇ ਬਾਲਮੀਕਿ ਆਸ਼ਰਮ ਵਿੱਚ ਸ਼ਰਣ ਲਈ ਸੀ। ਲਵ-ਕੁਸ਼ ਦੋ ਪੁੱਤਰ ਭੀ ਜਵਾਨ ਹੋ ਰਹੇ ਸਨ। ਇਕ ਦਿਨ ਗੰਗਾ ਦੇ ਕਿਨਾਰੇ, ਇਕ ਰੁੱਖ ਦੀ ਸ਼ਾਖਾ ਤੇ ਬੈਠੇ ਦੋ ਕ੍ਰੌਂਚ ਪੰਖੀ, ਨਰ ਅਤੇ ਮਾਦਾ ਪੰਖੀ, ਕਲੋਲ ਕਰ ਰਹੇ ਸਨ। ਪ੍ਰੇਮ ਵਿੱਚ ਮਗਨ ਪੰਖੀਆਂ ਨੂੰ ਨਿਸ਼ਾਦ (ਸ਼ਿਕਾਰੀ) ਨਾ ਦਿੱਸਿਆ। ਨਿਸ਼ਾਦ ਨੇ ਨਿਸ਼ਾਨਾ ਲਾ ਤੀਰ ਮਾਰਿਆ। ਇਕ ਨਰ ਪੰਖੀ ਧਰਤ ਤੇ ਤੜਫਦਾ ਹੋਇਆ ਆ ਡਿੱਗਾ। ਮਾਦਾ

ਕ੍ਰੌਂਚ ਵਿਲਾਪ ਕਰਨ ਲੱਗੀ। ਚੀਂ-ਚੀਂ ਕਰਦੀ, ਮ੍ਰਿਤਕ ਸਾਥੀ ਕੋਲ ਜਾਂਦੀ, ਫਿਰ ਉੱਡਦੀ ਰੁੱਖ ਤਕ ਜਾਂਦੀ। ਬੇਚੈਨ ਵਿਆਕੁਲ ਪੰਖੀ ਨੇ, ਬਾਲਮੀਕਿ ਦੇ ਹਿਰਦੇ 'ਚੋਂ ਕਰੁਣਾ ਭਿੱਜਾ ਪਹਿਲਾ ਸ਼ਲੋਕ ਉੱਚਾਰਨ ਕਰਵਾਇਆ :

"ਮਾ ਨਿਸ਼ਾਦ ਪ੍ਰਤਿਸਠਾਂ ਤਵਮਗਮः ਸ਼ਾਸਵਤੀ ਸਮਾ॥
ਯਤ ਕ੍ਰੌਂਚ ਮਿਥੁਨ ਆਦੇਕਮ ਵਧੀः ਕਾਮ ਮੋਹਿਤਮ੍॥"

ਹੇ ਨਿਸ਼ਾਦ! ਤੇਰਾ ਕਦੇ ਭਲਾ ਨਾ ਹੋਵੇ। ਪ੍ਰੇਮ ਵਿੱਚ ਮਗਨ ਕ੍ਰੌਂਚ ਪੰਖੀ ਦੀ ਹੱਤਿਆ ਕਰਨ ਵਾਲੇ ਸ਼ਿਕਾਰੀ, ਤੈਨੂੰ ਕਦੇ ਮੁਕਤੀ ਨਾ ਮਿਲੇ।

ਮਹਾਂਰਿਸ਼ੀ ਬਾਲਮੀਕਿ ਦੇ ਮੁਖ ਚੋਂ, ਦਇਆ ਨਾਲ ਭਿੱਜਿਆ ਹੋਇਆ ਇਹ ਪਹਿਲਾ ਸ਼ਲੋਕ ਸੀ। ਬ੍ਰਹਮਾ ਜੀ ਇਸ ਸ਼ਲੋਕ ਤੋਂ ਖਿੱਚੇ ਹੋਏ ਪ੍ਰਗਟ ਹੋਏ ਅਤੇ ਸ੍ਰੀ ਬਾਲਮੀਕਿ ਨੂੰ "ਆਦਿ ਕਵੀ" ਦਾ ਸਨਮਾਨ ਦਿੱਤਾ। ਇਸ ਤੋਂ ਪਹਿਲਾਂ, ਬੇਦ ਰੀਚਾਵਾਂ ਲਿਖੀਆਂ ਗਈਆਂ, ਸ਼ਾਸਤ੍ਰਾਂ, ਪੁਰਾਣਾਂ ਦੇ ਸਲੋਕ ਰਚੇ ਗਏ। ਲੋਕ ਸੰਬੰਧਤ ਕਵਿਤਾ ਦਾ ਪਹਿਲਾ ਸ਼ਲੋਕ ਮਹਾਂਰਿਸ਼ੀ ਬਾਲਮੀਕਿ ਨੇ ਰਚਿਆ। ਤਾਂ ਬ੍ਰਹਮਾ ਜੀ ਨੇ ਵਰ੍ਹ ਦਿੱਤਾ। ਮਹਾਂਰਿਸ਼ੀ ਬਾਲਮੀਕਿ, ਤੁਸੀਂ "ਆਦਿ ਕਵੀ" ਹੋ...

ਹੁਣ ਇਸੇ ਭਾਵ ਵਿੱਚ "ਰਾਮ-ਕਥਾ" ਲਿਖੋ।

ਇਸ ਤਰ੍ਹਾਂ, ਇਕ ਪੰਖੀ ਦੀ ਮੌਤ ਤੋਂ ਦੁਖੀ ਹਿਰਦੈ 'ਚੋਂ ਫੁੱਟੀ, ਕਾਵਿ ਸ਼ੈਲੀ ਵਿੱਚ ਪਹਿਲੀ ਮਹਾਂਕਾਵਿ ਰਚਨਾ, "ਬਾਲਮੀਕਿ ਰਾਮਾਇਣ" ਦੇ ਰੂਪ ਵਿੱਚ ਪਰਗਟ ਹੋਈ।

ਸੰਤ ਦੀ ਪਛਾਣ, ਉਸ ਦੇ ਭੇਖ ਜਾਂ ਸੰਪਰਦਾਇਕ ਕਰਮਕਾਂਡ ਤੋਂ ਨਹੀਂ ਹੋ ਸਕਦੀ। ਸ੍ਰੀ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਅਤੇ ਔਰੰਗਜ਼ੇਬ, ਦੋਵੇਂ ਆਪਣੀ ਸੰਪਰਦਾ ਵਿੱਚ ਧਰਮੀ ਜਾਣੇ ਜਾਂਦੇ ਸਨ। ਪਰ ਦੋਹਾਂ ਵਿੱਚ ਮੌਲਿਕ ਭੇਦ ਇਹ ਸੀ ਕਿ ਔਰੰਗਜ਼ੇਬ, ਧਰਮ ਨੂੰ ਇਸਲਾਮ ਦੇ ਸ਼ਰੀਅਤ ਕਾਨੂੰਨ ਦੀ ਨਿਗਾਹ ਨਾਲ ਵੇਖਦਾ ਸੀ। ਇਸਲਾਮ ਨੂੰ ਇਲਾਹੀ ਮਜ਼ਹਬ ਘੋਸ਼ਿਤ ਕਰ ਕੇ, ਰਹਿੰਦੀ ਦੁਨੀਆਂ ਨੂੰ ਜਬਰਨ ਮੁਸਲਮਾਨ ਬਣਾਉਣ ਲਈ ਜ਼ੁਲਮ ਦੀ ਇੰਤਿਹਾ ਕਰ ਦਿੱਤੀ। ਦੂਜੇ ਪਾਸੇ, ਸ੍ਰੀ ਗੁਰੂ ਗੋਬਿੰਦ ਸਿੰਘ ਪਾਤਸ਼ਾਹ, ਇਕ ਸਿਰਜਨਹਾਰ, ਅਕਾਲ ਪੁਰਖ ਅਤੇ ਦੂਜੀ, ਸ੍ਰਿਸ਼ਟੀ ਦੇ ਸਾਰੇ ਲੋਗ, ਸਾਰੇ ਮਨੁੱਖ ਮਾਤਰ ਨੂੰ ਇਕ ਮੰਨਦੇ ਹਨ। ਇਹ ਤਾਂ ਵੱਖ-ਵੱਖ ਦੇਸ਼ਾਂ ਦੇ ਭੁਗੋਲ ਅਤੇ ਜਲਵਾਯੂ ਦੇ ਅਨੁਸਾਰ ਪਹਿਰਾਵਾ ਜਾਂ ਵੇਸ਼ ਦਾ ਭੇਦ ਹੈ। ਮਨੁੱਖ ਦਾ ਸੁਭਾਵਕ ਮਨੋਵਿਗਿਆਨ, ਲੀਡਰਸ਼ਿਪ ਜਾਂ ਆਪ ਮੁਖਤਿਆਰ ਹੋਣ ਦਾ ਰਿਹਾ ਹੈ। ਉਸ ਅਨੁਸਾਰ, ਮਨੁੱਖ 'ਚ ਉੱਠੀ ਮਹੱਤਵ ਦੀ ਆਕਾਂਖਾ ਨੇ ਪਰੰਪਰਾ ਤੋਂ ਚਲਦੇ ਆ ਰਹੇ, ਧਰਮ ਸੰਪਰਦਾ ਵਿੱਚ ਤੋੜ ਭੰਨ ਕਰ ਕੇ, ਨਵੇਂ ਪੰਥ ਜਾਂ ਸੰਪਰਦਾਵਾਂ ਸਥਾਪਿਤ ਕੀਤੀਆਂ। ਇਸਲਾਮ, ਇਸਾਈ ਅਤੇ ਯਹੂਦੀ, ਤਿੰਨੇ, ਹਜ਼ਰਤ ਇਬ੍ਰਾਹਿਮ ਨੂੰ ਆਪਣਾ ਪੈਗੰਬਰ ਮੰਨਦੇ ਹਨ। ਹਜ਼ਰਤ ਇਬ੍ਰਾਹਿਮ ਦੇ ਹੀ ਤਿੰਨ ਪੁੱਤਰਾਂ ਨੇ, ਵੱਖ-ਵੱਖ ਤਿੰਨ ਸੰਪਰਦਾਵਾਂ ਖੜ੍ਹੀਆਂ ਕੀਤੀਆਂ। ਇਕੋ ਪਿਤਾ ਦੇ ਪੁੱਤਰਾਂ ਦੀਆਂ ਸੰਪਰਦਾਵਾਂ ਆਪਸ ਵਿੱਚ ਦਵੇਸ਼-ਭਾਵ ਰਖਦੇ ਹਨ। ਗੁਰੂ ਗੋਬਿੰਦ ਸਿੰਘ ਜੀ ਨੇ, ਆਪਣੀ ਪਵਿੱਤਰ ਬਾਣੀ ਵਿੱਚ ਸਪੱਸ਼ਟ ਘੋਸ਼ਣਾ ਕੀਤੀ—

"ਹਿੰਦੂ ਤੁਰਕ ਕੋਊ ਰਾਫਜ਼ੀ ਇਮਾਮ ਸਾਫੀ॥
ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ॥"

ਸੰਤ ਪਹਿਰਾਵੇ ਜਾਂ ਮਜ਼ਹਬ ਦਾ ਭੇਦ ਨਹੀਂ ਮੰਨਦਾ। ਉਹ ਤਾਂ ਸਾਰਿਆਂ ਵਿੱਚ ਇਕੋ ਨੂਰ ਨੂੰ ਵੇਖਦਾ ਹੈ। ਸ੍ਰੀ ਆਨੰਦਪੁਰ ਸਾਹਿਬ ਜੰਗ ਸਮੇਂ, ਭਾਈ ਘਨ੍ਹਈਆ ਸਿੱਖ ਅਤੇ ਮੁਸਲਮਾਨ, ਦੋਹਾਂ ਧਿਰਾਂ ਦੇ ਜ਼ਖ਼ਮੀ ਫੌਜੀਆਂ ਨੂੰ, ਆਪਣੀ ਮਸ਼ਕ ਚੋਂ ਪਾਣੀ ਪਿਲੌਂਦਾ ਰਿਹਾ ਅਤੇ ਆਪਣੇ ਗੁਰਦੇਵ ਦਸਮ ਪਾਤਸ਼ਾਹ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਪਾਪੀ ਤਾਂ ਸੁਭਾਅ ਹੈ। ਖਲਕਤ ਨੂੰ ਦੁਖ ਦੇਣ ਲਈ, ਹਿੰਸਾ ਕਰਨ ਲਈ, ਮਜ਼ਹਬ ਦਾ ਬਹਾਨਾ ਢੂੰਡ ਲੈਂਦਾ ਹੈ। ਇਹੋ ਗੱਲ ਸਤਿਗੁਰ ਜੀ ਨੇ, 'ਜ਼ਫ਼ਰਨਾਮਹ' ਵਿੱਚ ਔਰੰਗਜ਼ੇਬ ਨੂੰ ਲਿਖੀ ਕਿ ਮਾਸੂਮ ਸਾਹਿਬਜ਼ਾਦਿਆਂ ਨੂੰ ਮਾਰ ਕੇ ਬੇਅੰਤ ਬੇਦੋਸ਼ੀਆਂ ਦੇ ਕਤਲ ਕਰ ਕੇ, ਚਾਲ੍ਹੀ ਭੁੱਖੇ-ਥੱਕੇ ਹੋਏ ਸਿੱਖਾਂ ਤੇ ਦਸ ਲੱਖ ਦੀ ਫ਼ੌਜ ਚੜ੍ਹਾ ਕੇ, ਕਿਹੜਾ ਦੀਨ, ਕਿਹੜਾ ਧਰਮ-ਪਾਲਨ ਦਾ ਭਰਮ ਤੂੰ ਪਾਲਦਾ ਰਿਹਾ। ਅੱਜ ਤੇਰੇ ਹੱਥ, ਨਾ ਦੀਨ ਰਿਹਾ ਅਤੇ ਨਾ ਦੁਨੀਆਂ। ਤੂੰ ਪਾਪੀਆਂ ਦੀ ਪਾਂਤ ਵਿੱਚ ਖੜ੍ਹਾ ਕੀਤਾ ਜਾਵੇਂਗਾ।

ਸਤਿਗੁਰ ਬਾਲਕ ਸਿੰਘ ਜੀ ਦੇ ਸਮੇਂ ਦਰਿਆ ਪਾਰ, ਉਡੇ ਨਗਰ ਦਾ ਸ਼ਰਧਾਲੂ ਸਿੱਖ, "ਰਾਮ ਸਹਾਏ" ਹਜ਼ੂਰੋਂ ਆਇਆ। ਕਿਰਪਾ ਹੋਈ, ਸਤਿਗੁਰ ਜੀ ਨੇ ਭਜਨ ਦਿੱਤਾ। ਹਰ ਰੋਜ਼ ਤੜਕੇ ਇਸ਼ਨਾਨ ਕਰ ਕੇ, ਦਰਿਆ ਕੰਢੇ ਬੈਠ ਕੇ ਬੰਦਗੀ ਵਿੱਚ ਬੈਠਦੇ। ਸਤਿਗੁਰਾਂ ਦੀ ਬਖਸ਼ਿਸ਼ ਮਿਲੀ ਸੀ। ਬਿਰਤੀ ਟਿਕ ਜਾਂਦੀ... ਸੁਰਤਿ, ਸੁੰਨ ਨਾਲ ਜੁੜ ਜਾਂਦੀ। ਇਕ ਦਿਨ ਪਰਮੇਸ਼ਰ ਖੇਡ ਖੇਡੀ। ਰਾਮ ਸਹਾਏ ਜੀ, ਇਸ਼ਨਾਨ ਕਰ ਕੇ ਚੌਂਕੜਾ ਲਾਇਆ। ਅਜੇ ਕੁਝ ਕੁ ਖਿਨ ਹੋਏ ਸਨ। ਇਕ ਬਕਰੀ ਦਾ ਮੇਮਨਾ ਆ ਕੇ ਨਾਲ ਖਹਿਣ ਲੱਗਾ। ਰਾਮ ਸਹਾਏ ਜੀ ਨੇ ਦੂਰ ਕਰ ਦਿੱਤਾ। ਬੰਦਗੀ ਦੇ ਵਿੱਚ ਲੀਨ ਹੋ ਜਾਣ ਦਾ ਸੰਕਲਪ ਕਰਨ ਲੱਗੇ। ਦੂਜੀ ਵਾਰ ਫਿਰ ਉਹੋ ਮੇਮਨਾ ਆ ਗਿਆ ਨਾਲ ਖਹਿਣ ਲੱਗਾ। ਬਿਰਤੀ ਉੱਚਾਟ ਹੋ ਗਈ। ਫਿਰ ਦੂਰ ਹਟਾਇਆ ਤੇ ਬੈਠ ਗਏ। ਤੀਜੀ ਵਾਰ ਫਿਰ ਉਹ ਮੇਮਨਾ ਆਇਆ ਖਹਿਣ ਲੱਗਾ। ਰਾਮ ਸਹਾਏ ਜੀ ਨੇ ਇਕ ਵੱਟਾ ਚੁੱਕ ਮਾਰਿਆ। ਉਹ ਮੇਮਨਾ ਚਲਾ ਗਿਆ... ਫੇਰ ਨਾ ਆਇਆ। ਪਰ ਹੁਣ "ਟਿਕਾਅ" ਭੀ ਰਾਮ ਸਹਾਏ ਜੀ ਤੋਂ ਦੂਰ ਹੋ ਗਿਆ। ਬਹੁਤ ਕੋਸ਼ਿਸ਼ ਕਰਨ, ਸਤਿਗੁਰ ਪਾਸੇ ਬਥੇਰਾ ਧਿਆਨ ਕਰਨ, ਪਰ ਬਿਰਤੀ ਐਸੀ ਉਖੜੀ ਕਿ ਫਿਰ ਟਿਕਾਅ ਨਾ ਹੋਇਆ। ਦੂਜੇ ਦਿਨ... ਤੀਜੇ ਦਿਨ ਲਿਵ ਨਾ ਲੱਗੇ। "ਹਜ਼ੂਰੋਂ"... ਟਿਕਾਅ ਨਾ ਹੋਣ ਦਾ ਦੁਖੜਾ ਸੁਣਾਇਆ। ਸਤਿਗੁਰ ਜੀ ਨੇ ਹੁਕਮ ਕੀਤਾ, ਤੁਹਾਡੀ ਬਿਰਤੀ ਵਿੱਚ ਅਜੇ ਕਸਰ ਰਹਿ ਗਈ ਸੀ। ਮੇਮਨੇ ਵਿੱਚ ਵੀ ਪਰਮੇਸ਼ਰ ਨਹੀਂ ਦਿੱਸਿਆ। ਜੀਅ ਨੂੰ ਮਾਰਿਆ, ਦੁਖਾਇਆ ਤਾਂ ਪਰਮੇਸ਼ਰ ਵੀ ਨਾਰਾਜ਼ ਹੋ ਗਿਆ।

ਹੁਣ ਜਾਉ, ਉਸ ਮੇਮਨੇ ਤੋਂ ਮਾਫ਼ੀ ਮੰਗੋ, ਉਸ ਦੀ ਸੇਵਾ ਕਰੋ, ਪਦਾਰਥ ਛਕਾਉ। ਮੇਮਨਾ ਮੁਆਫ ਕਰ ਦੇਵੇ ਤਾਂ ਪਰਮੇਸ਼ਰ ਭੀ ਮੁਆਫ ਕਰ ਦੇਵੇਗਾ। ਰਾਮ

ਸਹਾਇ ਜੀ ਨੇ ਉਵੇਂ ਹੀ ਕੀਤਾ। ਮੇਮਨੇ ਨੂੰ ਲੱਭਿਆ, ਮਾਫੀ ਮੰਗੀ, ਮੱਥਾ ਟੇਕਿਆ, ਘਿਉ ਦੀ ਚੂਰੀ, ਕੁੱਟ ਖੁਆਈ, ਜੌਂ ਬਾਜਰਾ, ਗੁੜ ਰਲ੍ਹਾ ਕੇ ਛਕਾਇਆ। ਮੇਮਨਾ ਪ੍ਰਸੰਨ ਹੋ ਕੇ ਚਲਾ ਗਿਆ। ਰਾਮ ਸਹਾਏ ਜੀ ਦਾ ਟਿਕਾਅ ਮੁੜ ਹੋਣ ਲੱਗਾ। ਤਾਂ ਭਗਤ ਫਰੀਦ ਜੀ ਕਹਿੰਦੇ ਹਨ—

"ਇਕ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ॥
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ॥"
ਸੰਤ ਦੀ ਨਿਸ਼ਾਨੀ, ਕਿਸੇ ਨਾਲ ਫਿੱਕਾ ਨਹੀਂ ਬੋਲਦਾ,
ਮਤਾਂ ਕਿਤੇ ਕੋਈ ਹਿਰਦਾ ਨਾ ਦੁਖ ਜਾਏ... ਹਿਰਦੇ ਵਿੱਚ ਰੱਬ ਵਸਦੈ।

ਵਾਕਈ ਉਹ ਧਰਮੀ ਹੈ, ਸੰਤ ਹੈ, ਜਿਹੜਾ ਕਿਸੇ ਸਾਜ਼ 'ਚੋਂ ਕਰਣਾ ਦੇ ਸੁਰ ਕੱਢੇ, ਉਹ ਕਵੀ ਸਾਹਿਤਕਾਰ ਸੰਤ ਹੈ, ਜਿਹੜਾ ਸਾਰੇ ਪ੍ਰਾਣੀ ਮਾਤਰ ਪ੍ਰਤੀ ਸੁਹਿਰਦ ਹੈ।

ਆਸਾਮ ਦਾ ਗਾਇਕ, ਗੀਤਕਾਰ, ਭੂਪੇਨ ਹਜ਼ਾਰੀਕਾ ਦੀ ਗਾਇਕੀ 'ਚੋਂ ਦਇਆ ਕਰੁਣਾ ਦਾ ਰਸ ਡੁੱਲਦਾ ਸੀ। ਭਾਰਤ-ਰਤਨ, ਪਦਮ ਵਿਭੂਸ਼ਣ, ਪਦਮ ਭੂਸ਼ਣ, ਦਾਦਾ ਸਾਹਿਬ ਫਾਲਕੇ ਪੁਰਸਕਾਰ ਜਿਹੇ ਕਈ ਸਨਮਾਨ ਆਪਣੇ ਨਾਂ ਕਰ ਚੁਕੇ ਸਨ। ਗਾਇਕੀ ਵਿੱਚ ਗਜ਼ਬ ਦਾ ਵਜ਼ਦ ਸੀ... ਇਕ ਨਿਵੇਕਲੀ ਤਾਸੀਰ ਸੀ। ਸੰਨ 2011 ਵਿੱਚ ਸਰੀਰ ਸ਼ਾਂਤ ਹੋਇਆ। ਮੌਤ ਤੋਂ ਕੁਝ ਵਰ੍ਹੇ ਪਹਿਲਾਂ, ਦੇਸ਼ ਦੀ ਗਰੀਬੀ, ਭੁੱਖਮਰੀ, ਭ੍ਰਿਸ਼ਟਾਚਾਰ, ਨਿਰੰਤਰ ਵੱਧਦੇ ਅਪਰਾਧ ਤੋਂ ਬਹੁਤ ਦੁਖੀ ਸਨ। ਕਈ ਥਾਵਾਂ ਤੇ ਹੋਣ ਵਾਲੇ ਗਾਇਨ-ਵਾਦਨ ਪ੍ਰੋਗਰਾਮਾਂ 'ਚੋਂ, ਜੋ ਭੀ ਰਕਮ ਮਿਲਦੀ ਉਹ ਲੋੜਵੰਦਾਂ ਦੀ ਸਹਾਇਤਾ ਲਈ, ਵੱਖ-ਵੱਖ ਸੰਸਥਾਵਾਂ ਨੂੰ ਭੇਟ ਕਰ ਦਿੰਦੇ। ਸੰਨ 2005 ਵਿੱਚ, ਉਨ੍ਹਾਂ ਦਾ ਸ੍ਵੈ ਰਚਿਤ ਗੀਤ, ਉਨ੍ਹਾਂ ਦੀ ਹੀ ਆਵਾਜ਼ ਵਿੱਚ, ਬਹੁਤ ਕਰੁਣਾਮਈ ਅਤੇ ਦ੍ਰਵਿੱਤ ਕਰ ਦੇਣ ਵਾਲਾ ਪ੍ਰਸਾਰਿਤ ਹੋਇਆ।

ਗੰਗਾ ਦੇਵ ਨਦੀ ਹੈ, ਸ਼ਿਵਜੀ ਦੀਆਂ ਜਟਾਵਾਂ 'ਚੋਂ ਵੱਗੀ, ਧਰਤੀ ਦੇ ਪਾਪੀਆਂ ਨੂੰ ਸ਼ੁੱਧ ਕਰਨ ਲਈ। ਪਰ ਭੂਪੇਨ ਹਜ਼ਾਰੀਕਾ ਦੁਖੀ ਹਨ ਕਿ ਅੱਜ ਵੀ ਬਹੁਤਾਇਤ ਵਿੱਚ ਪਾਪੀ ਨਿਧੜਕ ਲੋਕਾਂ ਨੂੰ ਲੁਟਦੇ ਹਨ, ਮਾਰਦੇ ਹਨ, ਭ੍ਰਿਸ਼ਟ ਆਚਰਣ ਕਰਦੇ ਹਨ। ਤਾਂ ਕਵੀ ਦਾ ਹਿਰਦਾ ਰੋਂਦਾ ਹੈ। ਕਹਿੰਦੇ ਹਨ, ਗੰਗਾ ਤੂੰ ਕਿਉਂ ਵਗਦੀ ਹੈਂ? ਅਸਮੀ ਭਾਸ਼ਾ ਵਿੱਚ ਗਾਏ ਇਸ ਗੀਤ ਨੂੰ, ਪੰਜਾਬੀ ਬੋਲੀ ਵਿੱਚ ਅਨੁਵਾਦ ਕੀਤਾ ਹੈ

ਓ ਗੰਗਾ, ਤੂੰ ਵਗਦੀ ਹੈਂ ਕਿਉਂ?
ਤੇਰਾ ਵਿਸਥਾਰ ਹੈ ਅਪਾਰ, ਪ੍ਰਜਾ ਦੋਵੇਂ ਪਾਰ
ਕਰੇ ਹਾਹਾਕਾਰ... ਨਿਃ ਸ਼ਬਦ... ਮੌਨ...
ਓ ਗੰਗਾ! ਤੂੰ ਵਗਦੀ ਹੈਂ ਕਿਉਂ?

ਸੰਤ ਅਤੇ ਪਾਪੀ, ਦੋਵੇਂ ਮਨੁੱਖੀ ਸਮਾਜ ਦੇ ਵਾਸੀ ਹਨ। ਕਈ ਰੂਪਾਂ-ਭੇਖਾਂ ਵਿੱਚ ਮੌਜੂਦ ਹਨ। ਪਛਾਣ ਮੁਸ਼ਕਲ ਹੋ ਗਈ ਹੈ। ਠੱਗ, ਸੱਜਣ ਦੇ ਭੇਖ ਵਿੱਚ ਹਨ।

ਲੋਭੀ, ਕਾਮੀ, ਸਮਾਜ ਸੇਵਕ ਬਣੇ ਹੋਏ ਦਿਸਦੇ ਹਨ। ਸੰਤ, ਸਾਧ, ਫ਼ਕੀਰੀ ਭੇਖ ਵਿੱਚ, ਮਸਤਾਨੇ ਬਾਵਰੇ ਹੋਏ ਜਾਪਦੇ ਹਨ। ਸ਼ਿਨਾਖ਼ਤ ਅਉਖੀ ਹੋ ਗਈ ਹੈ। ਪਰਖ ਦੀ ਇਕੋ ਕਸਵੱਟੀ :

"ਪਰ ਦੁਖਿ ਦੁਖੈ ਸੰਤ ਸੁ ਪੁਨੀਤਾ"॥

ਦੂਸਰੇ ਦੇ ਦੁੱਖ ਤੋਂ ਪੰਘਰ ਜਾਏ, ਉਹ ਸੰਤ ਹੈ।

ਨਿਵੇਕਲੇ ਜਿਹੇ ਲਗਦੇ, ਕਿਸੇ ਵਿਸ਼ੇਸ਼ ਰੰਗ ਦੇ ਬਾਣੇ ਵਾਲੇ ਸਫੇਦ, ਨੀਲੇ ਕਾਲੇ ਭਗਵੇ ਭੇਖ ਵਾਲੇ, ਜ਼ਰੂਰੀ ਨਹੀਂ ਇਹ ਸਾਰੇ ਸੰਤ ਹੋਣ। ਬਹੁਤ ਤਪ ਕਰਨ ਵਾਲੇ, ਅਖੰਡ ਜਾਪ ਕਰਨ ਵਾਲੇ ਵੀ, ਲੋਭੀ, ਕ੍ਰੋਧੀ ਰੂਪ ਵਿੱਚ ਦਿਸ ਪੈਂਦੇ ਹਨ। ਸੰਤ ਤਾਂ ਲਿਖਾਰੀਆਂ ਵਿੱਚ, ਕਵੀਆਂ ਵਿੱਚ, ਸੰਗੀਤਕਾਰਾਂ, ਚਿੱਤਰਕਾਰਾਂ, ਬੁੱਤ ਤਰਾਸ਼ਾਂ ਵਿੱਚ, ਗੁਪਤ ਹੋਏ ਬੈਠੇ ਵੇਖੇ ਜਾ ਸਕਦੇ ਹਨ।

ਪੰਜਵੀਂ ਸ਼ਤਾਬਦੀ ਵਿੱਚ, ਕਾਲੀਦਾਸ ਨੇ ਕਈ ਮਹਾਨ ਕਾਵਿ ਰਚਨਾਵਾਂ ਕੀਤੀਆਂ। "ਰਘੁਵੰਸ਼ਮ" ਵਿੱਚ, ਭਗਵਾਨ ਰਾਮ ਦੇ ਪੂਰਵਜ ਰਾਜਾ ਅਜ ਨੇ, ਦੇਵਲੋਕ ਦੀ ਅਪਸਰਾ, ਇੰਦੂਮਤੀ ਨਾਲ ਪ੍ਰੇਮ-ਵਿਆਹ ਕੀਤਾ ਸੀ। ਕਾਲੀਦਾਸ ਨੇ, ਇਨ੍ਹਾਂ ਦਾ ਜੀਵਨ ਪ੍ਰਸੰਗ, ਕਰੁਣਾ ਰਸ ਵਿੱਚ ਕਲਮਬੰਦ ਕੀਤਾ ਹੈ। ਇਕ ਦਿਨ ਰਾਜਾ "ਅਜ" ਇੰਦੂਮਤੀ ਦੇ ਸੁਖ-ਸੁਪਨਿਆਂ ਭਰੇ ਜੀਵਨ ਵਿੱਚ ਹੋਣੀ ਵਿਆਪ ਗਈ—

"ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ...॥

ਮੌਤ ਦਾ ਦੂਤ ਆਇਆ। ਇੰਦੂਮਤੀ ਦੇ ਪ੍ਰਾਣ ਕੱਢ ਲੈ ਗਿਆ। ਰਾਜਾ ਅਜ ਤੇ ਜਿਵੇਂ ਦੁਖਾਂ ਦਾ ਪਹਾੜ ਢੈਅ ਪਿਆ। ਰੌਂਦਾ ਵਿਰਲਾਪ ਕਰਦਾ, ਬਾਵਰਾ ਹੋਏ ਗਿਆ। ਸੰਸਕ੍ਰਿਤ ਵਿੱਚ ਕਾਲੀਦਾਸ ਦੀ ਇਹ ਰਚਨਾ, ਕਰੁਣਾ ਰਸ ਦੀ "ਉਤਕ੍ਰਿਸ਼ਠ ਅਭਿਵਿਅਕਤੀ" ਕਹੀ ਜਾਂਦੀ ਹੈ। ਲਿੱਖਣ ਲੱਗਿਆਂ ਕਵੀ ਰੋਇਆ, ਪੜ੍ਹਨ ਲੱਗਿਆਂ ਅੱਜ ਵੀ ਪਾਠਕ ਰੋਂਦਾ ਹੈ।

ਪ੍ਰਸਿੱਧ ਹਿੰਦੀ ਕਵੀ ਨਾਗਾਰਜੁਨ ਨੇ 1955 ਵਿੱਚ, ਕਾਲੀਦਾਸ ਤੋਂ ਕਾਵਿ ਸ਼ੈਲੀ ਵਿੱਚ ਪੁੱਛ ਲਿਆ।

ਕਾਲੀਦਾਸ ਓ ਕਾਲੀਦਾਸ!
ਕਾਲੀਦਾਸ, ਸੱਚ ਸੱਚ ਬਤਲਾਨਾ।
ਇੰਦੂਮਤੀ ਕੇ ਮਿਰਤੁ ਸ਼ੋਕ ਪੇ,
ਅਜ ਰੋਇਆ ਯਾ ਤੁਮ ਰੋਏ ਥੇ।

ਮਹਾਂਕਵੀ ਕਾਲੀਦਾਸ, ਸੱਚ ਦੱਸੀਂ ਇੰਦੂਮਤੀ ਦੀ ਮੌਤ ਤੇ, ਰਾਜਾ ਅਜ ਦਾ ਜਿਵੇਂ ਕਰੁਣਾਮਈ ਵਿਰਲਾਪ ਵਰਣਨ ਕੀਤਾ ਹੈ... ਉਹ ਸੱਚ ਵਿੱਚ ਅਜ ਰੋਇਆ ਸੀ ਜਾਂ ਤੂੰ ਆਪ ਰੋਇਆ ਸੀ। ਵਾਕਈ ਕੋਈ ਦੁਖਦ ਮਾਨਵੀ ਘਟਨਾ ਘਟਦੀ ਹੈ ਤਾਂ ਕਵੀ ਦਾ ਹਿਰਦਾ ਰੋਂਦਾ ਹੈ, ਕਵੀ ਦੀ ਕਲਮ 'ਚੋਂ ਹੰਝੂ ਝੜਦੇ ਹਨ, ਕਵੀ ਆਪ ਰੋਂਦਾ ਹੈ।

ਇਹ ਕਿਸੇ ਦੇ ਦੁਖ ਤੋਂ ਦ੍ਰਵਿੱਤ ਹੋ ਜਾਣ ਵਾਲੇ "ਸੰਤ" ਦੀਆਂ ਗੱਲਾਂ ਹਨ।

ਅੱਠਵੀਂ ਸਦੀ ਤਕ, ਬੋਧ ਧਰਮ, ਬਰਮਾ, ਚੀਨ ਹੁੰਦਾ ਹੋਇਆ ਜਾਪਾਨ ਵਿੱਚ ਮੁਕਾਮ ਕੀਤਾ। ਵੱਡੀ ਸੰਖਿਆ ਵਿੱਚ ਜਾਪਾਨੀਆਂ ਨੇ, ਬੋਧ ਧਰਮ ਧਾਰਣ ਕਰ ਲਿਆ। ਜਾਪਾਨੀ ਸੰਤ "ਤੇਤਸੁਜੇਨ", ਬੋਧ ਧਰਮ ਗ੍ਰੰਥ, "ਬੋਧ ਸੂਤਰ" ਦਾ ਜਾਪਾਨੀ ਭਾਸ਼ਾ ਵਿੱਚ ਅਨੁਵਾਦ ਕਰਵਾਉਣਾ ਚਾਹੁੰਦੇ ਸਨ। ਪਹਿਲਾਂ ਇਹ ਲੋਕਪ੍ਰਿਅ ਗ੍ਰੰਥ, ਚੀਨੀ ਭਾਸ਼ਾ ਵਿੱਚ ਹੀ ਉਪਲੱਬਧ ਸੀ। ਸੰਤਾਂ ਨੇ ਇਸ ਕੰਮ ਲਈ "ਉਗਰਾਹੀ" ਦੀ 'ਆਵਾਜ਼' ਦਿੱਤੀ ਤਾਂ ਥੋੜ੍ਹੇ ਦਿਨਾਂ ਵਿੱਚ ਲੋੜੀਂਦਾ ਧਨ ਕੱਠਾ ਹੋ ਗਿਆ। ਪਰ ਦੁਰਯੋਗ ਨਾਲ, ਉਸ ਸਾਲ ਜਾਪਾਨ ਵਿੱਚ, ਅਗਿਆਤ ਮਹਾਂਮਾਰੀ ਫੈਲ ਗਈ। ਹਜ਼ਾਰਾਂ ਲੋਕ ਮਰ ਰਹੇ ਸਨ। ਸੰਤ ਤੇਤਸੁਜੇਨ ਦਾ ਹਿਰਦਾ ਦੁਖ ਨਾਲ ਭਰ ਗਿਆ। ਬੋਧ ਗ੍ਰੰਥ ਦੇ ਜਾਪਾਨੀ ਸੰਸਕਰਣ ਲਈ ਜਿੰਨ੍ਹਾ ਧਨ ਜਮ੍ਹਾਂ ਸੀ। ਉਹ ਸਾਰਾ ਦੁਖੀ ਜਨਾਂ ਦੇ ਇਲਾਜ, ਸਾਂਭ ਸੰਭਾਲ ਵਿੱਚ ਖਰਚ ਦਿੱਤਾ। ਸਮਾਂ ਸੁਧਰਿਆ ਤਾਂ ਫਿਰ ਧਰਮ ਗ੍ਰੰਥ ਲਈ ਧਨ ਮੰਗਿਆ। ਲੋਕਾਂ ਦਿਲ ਖੋਲ੍ਹ ਕੇ ਦਿੱਤਾ। ਕੁਦਰਤ ਨੇ ਫਿਰ ਕਹਿਰ ਵਰਤਾਇਆ। ਸ਼ਿਨਾਨੋ ਨਦੀ ਦੇ ਹੱੜ ਨੇ ਉਪਰੀ ਜਾਪਾਨ ਵਿੱਚ ਕਹਿਰ ਵਰਤਾਇਆ।

ਹਜ਼ਾਰਾਂ ਲੋਕ ਮਰ ਗਏ... ਲੱਖਾਂ ਦੇ ਘਰ ਸ਼ਿਨਾਨੋ ਦੇ ਹੱੜ ਵਿੱਚ ਢੈ ਢੇਰ ਹੋ ਗਏ। ਤ੍ਰਾਹੀ-ਤ੍ਰਾਹੀ ਮੱਚ ਗਈ। "ਸੰਤ" ਨੇ ਫਿਰ ਸਾਰਾ ਧਨ, ਉਜੜੇ ਹੋਏ, ਹੱੜ ਪ੍ਰਭਾਵਿਤ ਲੋਕਾਂ ਦੇ ਪੁਨਰਵਾਸ ਅਤੇ ਹੱੜ ਤੋਂ ਉਪਜੇ ਹੈਜਾ, ਡਾਇਰੀਆ ਜਿਹੇ ਰੋਗਾਂ ਦੇ ਇਲਾਜ ਲਈ ਖਰਚ ਦਿੱਤੇ।

ਤੀਜੀ ਵਾਰ ਧਰਮ ਗ੍ਰੰਥ ਨੂੰ ਜਾਪਾਨੀਆਂ ਦੀ ਮਾਂ ਬੋਲੀ ਵਿੱਚ ਪ੍ਰਕਾਸ਼ਿਤ ਕਰਨ ਲਈ, ਧਨ ਇੱਕਠਾ ਕੀਤਾ ਅਤੇ ਜਾਪਾਨੀ ਭਾਸ਼ਾ ਵਿੱਚ "ਤਾਇਸ਼ੋ" ਬੁੱਧ ਧਰਮ ਦਰਸ਼ਨ ਪ੍ਰਕਾਸ਼ਿਤ ਹੋਇਆ। ਸੰਸਾਰ ਦੇ ਬੁੱਧੀਜੀਵੀ ਕਹਿੰਦੇ ਹਨ। ਅਸਲ ਵਿੱਚ "ਤਾਇਸ਼ੋ" ਦੇ ਤਿੰਨ ਸੰਸਕਰਣ ਪ੍ਰਕਾਸ਼ਿਤ ਹੋਏ। ਪਹਿਲੇ ਦੋ ਸੰਸਕਰਣ ਅਦਿੱਖ ਹਨ... ਪਰ ਬਹੁਤ ਸੋਹਣੇ ਹਨ। ਉਹਨਾਂ ਵਿੱਚ ਮਨੁੱਖੀ ਸੰਵੇਦਨਾ ਅਤੇ ਲੋਕ ਸੇਵਾ ਭਾਵ ਵੀ ਅੱਖਰਾਂ ਦੇ ਨਾਲ, ਅੰਕਿਤ ਸੀ...

"ਪਰ ਦੁਖ ਦ੍ਰਵੈ ਸੰਤ ਸੁ ਪੁਨੀਤਾ"...

# ਗੱਲ ਪਤੰਗਿਆਂ ਦੀ

17 ਅਤੇ 18 ਜਨਵਰੀ ਸੰਨ 1872 ਨੂੰ, ਮਲੇਰਕੋਟਲੇ ਦੇ ਪਰੇਡ ਮੈਦਾਨ ਵਿੱਚ, ਦੇਸ਼ ਭਗਤ, ਸੁਤੰਤਰਤਾ ਸੰਗ੍ਰਾਮੀ 66 ਨਾਮਧਾਰੀ ਜਵਾਨਾਂ ਨੂੰ ਤੋਪਾਂ ਨਾਲ, ਜਿਵੇਂ ਉਡਾ ਕੇ ਸ਼ਹੀਦ ਕੀਤਾ ਗਿਆ। ਇਸ ਤਰ੍ਹਾਂ ਦਾ ਕੋਈ ਹੋਰ ਦ੍ਰਿਸ਼ਟਾਂਤ, ਦੁਨੀਆਂ ਦੀ ਕਿਸੇ ਜੰਗ ਵਿੱਚ ਜਾਂ ਆਜ਼ਾਦੀ ਸੰਗ੍ਰਾਮ ਦੇ ਇਤਿਹਾਸ ਵਿੱਚ ਨਹੀਂ ਮਿਲਦਾ। 9 ਸਾਲ ਦਾ ਬਾਲਕ ਹਰਨਾਮ ਸਿੰਘ, 12 ਸਾਲ ਦਾ ਬਿਸ਼ਨ ਸਿੰਘ! 66 ਸ਼ਹੀਦ... ਸਾਰੇ 9 ਤੋਂ 30 ਸਾਲਾਂ ਦੇ ਅੰਦਰਲੇ ਸੋਹਣੇ ਸੁਨੱਖੇ ਜਵਾਨ। ਉਸ ਘਟਨਾ ਦੇ ਚਸ਼ਮਦੀਦ ਗਵਾਹ, ਪ੍ਰਮੁੱਖ ਇਤਿਹਾਸਕਾਰ, ਗਿਆਨੀ ਗਿਆਨ ਸਿੰਘ ਆਪਣੀ ਕਲਮ ਨਾਲ ਕਹਿੰਦੇ ਹਨ—"ਪਹਿਲਾਂ ਦੇ ਸਿੰਘਾਂ ਦਾ ਇਤਿਹਾਸ ਤਾਂ ਕਿਤਾਬਾਂ ਗ੍ਰੰਥਾਂ 'ਚੋਂ ਪੜ੍ਹ ਕੇ ਲਿਖਿਆ ਹੈ। ਪਰ ਮਲੇਰਕੋਟਲੇ ਦੇ ਨਾਮਧਾਰੀ ਸ਼ਹੀਦਾਂ ਦਾ ਦ੍ਰਿਸ਼,

"ਹਮ ਨਿਜ ਨੈਨਨ ਜੋ ਪੇਖਿਓ, ਸੋ ਅਬ ਸਾਚ ਸੁਨਾਹਿ"॥

ਲਿਖਦੇ ਹਨ, ਕੂਕੇ ਸ਼ਹੀਦਾਂ ਅੰਦਰ ਮੌਤ ਦਾ ਕੋਈ ਭੈਅ ਨਹੀਂ ਸੀ... ਦੇਸ਼-ਹਿੱਤ ਲਈ ਕੁਰਬਾਨ ਹੋ ਜਾਣ ਦਾ ਚਾਅ ਉਤਸ਼ਾਹ ਇਸ ਕਦਰ ਕਿ—

"ਦੀਵੇ ਪਰ ਜਿਉਂ ਆਇ ਪਤੰਗੇ॥ ਤਯੋਂ ਤੋਪਨ ਦਿਸ ਜਾਇ ਨਿਸੰਗੇ॥"

ਤੋਪ ਦੇ ਗੋਲੇ, ਜਿਵੇਂ ਦੀਵੇ ਬਣ ਗਏ ਔਰ ਆਜ਼ਾਦੀ ਦੇ ਇਹ ਪਰਵਾਨੇ, ਪਤੰਗਿਆਂ ਵਾਂਗ, ਤੋਪ ਮੁਹਰੇ ਖੜ੍ਹੇ ਹੋਣ ਲਈ ਕਾਹਲੇ ਸਨ।

17 ਜਨਵਰੀ ਸੰਨ 1872 ਦੀ ਇਕ ਸਰਦ ਸਵੇਰ ਸੀ। ਪੂਰਵਾਂਚਲ ਦੇ ਗਗਨ ਮੰਡਲ ਤੋਂ, ਬਾਲ ਸੂਰਜ ਦੀਆਂ ਕਿਰਣਾਂ ਨੇ ਜਦੋਂ ਮਲੇਰਕੋਟਲੇ ਦੇ ਪੁਲਿਸ ਪਰੇਡ ਮੈਦਾਨ (ਰੱਕੜ) ਨੂੰ ਛੂਹਿਆ, ਉਦੋਂ ਇਕ ਭੇਦਭਰੀ ਸਰਕਾਰੀ ਹੱਲਚੱਲ ਸ਼ੁਰੂ ਹੋ ਚੁੱਕੀ ਸੀ। ਕੁਝ ਲੋਕ ਤੋਪਾਂ ਖਿੱਚ ਕੇ, ਮੈਦਾਨ ਦੇ ਦੱਖਣੀ ਸਿਰੇ ਵਲ ਟਿਕਾ ਰਹੇ ਸੀ। ਕੁਝ ਲੋਕ ਪੁਲਿਸ ਅਫ਼ਸਰ ਦੇ ਨਿਰਦੇਸ਼ ਅਨੁਸਾਰ, ਪੰਜ-ਪੰਜ ਫੁਟ ਦੀ ਵਿੱਥ ਤੇ ਤੋਪਾਂ ਗੱਡ ਰਹੇ ਸਨ। ਕੁਝ ਡਿਪਟੀ ਕਮਿਸ਼ਨਰ ਦੇ ਪ੍ਰਵੇਸ਼-ਮਾਰਗ ਦੀ ਸਾਫ-ਸਫਾਈ ਕਰ ਕੇ ਗਲੀਚੇ ਵਿੱਛਾ ਰਹੇ ਸਨ। ਕੁਝ ਕੁਰਸੀਆਂ ਲਗਾ ਰਹੇ ਸਨ... ਡਿਪਟੀ ਕਮਿਸ਼ਨਰ ਮੈਕਨਬ, ਮੈਡਮ ਮੈਕਨਬ, ਜ਼ਿਲਾ ਪੁਲਿਸ ਕਪਤਾਨ ਅਤੇ ਹੋਰ ਅਫ਼ਸਰਾਂ ਲਈ, ਦਰਜਾ-ਬ-ਦਰਜਾ, ਤਰਤੀਬ ਨਾਲ ਕੁਰਸੀਆਂ ਦੀ ਪਾਂਤ ਲਗਾ ਰਹੇ ਸਨ। ਇਕ ਪੁਲਿਸ ਅਧਿਕਾਰੀ, ਸੁਰੱਖਿਆ ਕਰਮੀਆਂ ਨੂੰ, ਦਰਸ਼ਕਾਂ ਅਤੇ ਆਮ ਆਵਾਮ ਵਾਲੇ ਪਾਸਿਉਂ, ਕਿਸੇ ਤਰ੍ਹਾਂ ਦੀ ਪ੍ਰਤੀਕ੍ਰਿਆ ਜਾਂ ਵਿਰੋਧਤਾ ਦੇ ਮੱਦੇ ਨਜ਼ਰ, ਵਿਸ਼ੇਸ਼ ਸੁਚੇਤ ਅਤੇ ਰਾਈਫ਼ਲਾਂ ਸਹਿਤ ਮੁਸਤੈਦ ਰਹਿਣ ਦੀਆਂ ਹਿਦਾਇਤਾਂ ਦੇ ਰਿਹਾ ਸੀ। ਇਹ ਸਾਰੀ ਕਵਾਇਦ ਬਹੁਤ ਗੁਪਤ, ਪਰ ਬਹੁਤ ਤੇਜ਼ੀ ਨਾਲ ਚਲ ਰਹੀ ਸੀ।

ਲੁਧਿਆਣੇ ਤੋਂ ਡਿਪਟੀ ਕਮਿਸ਼ਨਰ ਦਾ ਕਾਫ਼ਲਾ, ਮਿੱਥੇ ਹੋਏ ਸਮੇਂ ਤੋਂ ਪਹਿਲਾਂ ਹੀ ਪਹੁੰਚ ਗਿਆ ਸੀ। ਸ਼ਾਇਦ, ਇਹ ਨਾਮਧਾਰੀ ਬਾਗੀਆਂ ਨੂੰ ਮਾਰ ਮੁਕਾਉਣ ਲਈ, ਬਹੁਤਾ ਹੀ ਕਾਹਲਾ ਸੀ।

ਅਜੇ ਦੋ ਦਿਨ ਪਹਿਲਾਂ ਮਲੌਦ ਦੇ ਰਈਸ, ਸਰਦਾਰ ਬਦਨ ਸਿੰਘ ਅਤੇ ਕੂਕਾ ਸ਼ਹੀਦੀ ਜੱਥੇ ਵਿਚਕਾਰ ਹੋਈ ਹਿੰਸਕ ਝੜਪ ਦੀ ਸੂਚਨਾ ਤੇ ਡਿਪਟੀ ਕਮਿਸ਼ਨਰ ਮਲੌਦ ਜਾ ਰਿਹਾ ਸੀ। ਵਿਸ਼ੇਸ਼ ਹਰਕਾਰੇ ਨੂੰ, ਸ੍ਰੀ ਭੈਣੀ ਸਾਹਿਬ ਭੇਜ ਕੇ, ਸਤਿਗੁਰੂ ਰਾਮ ਸਿੰਘ ਜੀ ਨੂੰ ਭੀ, ਉਸੇ ਦਿਨ 15 ਜਨਵਰੀ ਨੂੰ ਨੀਅਤ ਸਮੇਂ ਤੇ, ਮਲੌਦ ਪੁਜਣ ਦਾ ਸੁਨੇਹਾ ਭੇਜਿਆ ਸੀ। ਰਸਤੇ ਵਿੱਚ ਹੀ, ਮਲੇਰਕੋਟਲੇ ਪੁਲਿਸ ਕਰਮੀਆਂ ਅਤੇ ਕੂਕਾ-ਸ਼ਹੀਦੀ ਜੱਥੇ ਵਿੱਚ ਗਹਿਗੱਚਵੀਂ ਜੰਗ, ਕਈ ਸੁਰੱਖਿਆ ਕਰਮੀਆਂ ਦੀ ਮੌਤ ਅਤੇ ਕਈ ਜ਼ਖ਼ਮੀ ਹੋਣ ਦੀ ਖ਼ਬਰ ਮਿਲੀ। ਸਤਿਗੁਰਾਂ ਨੂੰ "ਫੇਰ ਲੋੜ ਪੈਣ ਤੇ ਸੱਦਾਂਗੇ, ਅਜੇ ਜਾਓ", ਕਹਿ ਕੇ ਕਾਵਨ ਵਾਪਸ ਮੁੜ ਗਿਆ। ਸਤਿਗੁਰ ਜੀ, ਮਲੌਦ ਤੋਂ ਸਿਆਹੜ ਪਹੁੰਚ ਗਏ।

ਮਲੇਰਕੋਟਲੇ 17 ਜਨਵਰੀ ਸਵੇਰ ਸਾਰ ਸਾਰੀਆਂ ਤਿਆਰੀਆਂ ਹੋ ਗਈਆਂ ਸਨ। ਡਿਪਟੀ ਕਮਿਸ਼ਨਰ, ਉਸ ਦੀ ਮੈਡਮ, ਜ਼ਿਲਾ ਪੁਲਿਸ ਕਪਤਾਨ, ਕਈ ਹੋਰ ਸਰਕਾਰੀ ਅਧਿਕਾਰੀਆਂ ਨਾਲ ਕੁਰਸੀਆਂ ਤੇ ਬੈਠ ਗਏ ਸਨ। ਤੋਪਚੀ, ਤੋਪਾਂ ਨੂੰ ਪਲੀਤਾ ਲਾਉਣ ਲਈ ਸਾਵਧਾਨ ਸਨ।

ਮਿ. ਕਾਵਨ ਨੇ ਇਸ਼ਾਰਾ ਕੀਤਾ। ਪੁਲਿਸ ਕਪਤਾਨ ਮੇਜਰ ਪਰਕਿਨਜ਼ ਨੇ ਲਾਲ ਕਪੜਾ ਫੜੇ ਹੋਏ ਹੱਥ ਨੂੰ, ਖਲੋ ਕੇ, ਉਪਰ ਚੁਕਿਆ ਅਤੇ ਝਟਕੇ ਨਾਲ ਤੋਪਚੀ ਵੱਲ ਵੇਖ ਕੇ ਥੱਲੇ ਸੁੱਟ, ਤੋਪ ਚਲੌਣ ਦਾ ਸੰਕੇਤ ਕੀਤਾ। ਉੱਧਰ ਸਤਿਗੁਰ ਦੇ ਪਿਆਰੇ ਮਰਜੀਉੜੇ ਸਿੱਖ, ਤੜਕੇ ਹੀ ਸਣੇਕੇਸੀ ਇਸ਼ਨਾਨ ਕਰ ਕੇ, ਗੁਰਬਾਣੀ ਪਾਠ ਅਤੇ ਸ਼ਬਦ ਗਾਇਣ ਕਰ ਕੇ ਅਰਦਾਸ ਕਰ ਰਹੇ ਸਨ। ਸੱਤ ਤੋਪਾਂ ਦੇ ਅੱਗੇ ਸੱਤ ਸਿੰਘ ਹੱਥ ਜੋੜ ਖਲੋਤੇ ਸਨ। ਪਹਿਲੇ ਜੱਥੇ ਦਾ ਨਾਇਕ ਸਰਦਾਰ ਹੀਰਾ ਸਿੰਘ, ਹੱਥ ਜੋੜ ਨੇਤਰ ਬੰਦ ਅਰਦਾਸ ਕਰ ਰਿਹਾ ਸੀ :

ਸੱਚੇ ਪਾਤਸ਼ਾਹ, ਅੰਮ੍ਰਿਤ ਵੇਲੇ ਤੋਂ ਆਪ ਜੀ ਦੇ ਨਾਮ ਦਾ ਸਿਮਰਨ ਕੀਤਾ ਹੈ... ਗੁਰਬਾਣੀ ਦਾ ਪਾਠ, ਸ਼ਬਦ ਕੀਰਤਨ ਕੀਤਾ ਹੈ। ਇਹ ਤੁਹਾਡੇ ਸਿੱਖ, ਤੁਹਾਡਾ ਹੀ ਓਟ ਆਸਰਾ ਲੈ ਕੇ, ਦੇਸ਼ ਦੀ ਆਜ਼ਾਦੀ ਲਈ ਸ਼ਹੀਦੀਆਂ ਪਾਉਣ ਲਗੇ ਹਨ...। ਅਰਦਾਸ ਸੰਪੂਰਨ ਨਹੀਂ ਸੀ ਹੋਈ। ਉਪਰੋਂ ਇਸ਼ਾਰਾ ਹੋਇਆ। ਤੋਪਚੀ ਨੇ ਪਲੀਤਾ ਦਾਗਿਆ। ਇਹ ਕੀ ਹੋਇਆ ? ਪਲੀਤਾ ਬੁੱਝ ਗਿਆ। ਤੋਪ ਨਾ ਚੱਲੀ। ਫਿਰ ਦੂਜੀ ਵੇਰ... ਫੇਰ ਤੀਜੀ ਵੇਰ ਤੋਪ ਧੋਖਾ ਦੇ ਗਈ। ਸਿੰਘਾਂ ਦੀ ਅਰਦਾਸ ਸੰਪੂਰਨ ਹੋਈ। ਗਰਜਵਾਂ ਜੈਕਾਰਾ ਗੂੰਜਿਆ। ਸਰਦਾਰ ਹੀਰਾ ਸਿੰਘ ਕਿਹਾ, "ਮੇਰੇ ਸਤਿਗੁਰ ਦੀ ਰਜ਼ਾ ਤੋਂ ਬਗੈਰ ਤੁਹਾਡੀਆਂ ਤੋਪਾਂ ਨਹੀਂ ਚਲਣੀਆਂ। ਤੁਹਾਡਾ ਹੀ ਬਣਾਇਆ ਹੋਇਆ ਕਾਨੂੰਨ ਹੈ। ਤਿੰਨ ਵਾਰ ਫਾਹੇ ਦਾ ਲੀਵਰ ਖਿੱਚੀਏ, ਫਾਹਾ ਨਾ ਲੱਗੇ ਜਾਂ ਤਿੰਨ ਮਿੰਟਾਂ

ਤਕ ਸਰੀਰ ਫਾਹੇ ਤੇ ਝੂਲਦਾ ਰਹੇ, ਨਾ ਮਰੇ... ਜਾਂ ਤਿੰਨ ਵਾਰ ਤੋਪ ਨਾ ਚਲੇ ਤਾਂ ਉਹ ਸ਼ਖ਼ਸ ਬਰੀ ਕਰ ਦਿੱਤਾ ਜਾਏ। ਪਰ ਅਸੀਂ ਤਾਂ ਸ਼ਹੀਦ ਹੋਣ ਲਈ ਹੀ ਆਏ ਹਾਂ। ਹੁਣ ਚਲਾ... ਤੇਰੀ ਤੋਪ ਹੁਣ ਚਲੇਗੀ।" ਇਕ ਇਕ ਕਰ ਕੇ ਸੱਤ ਤੋਪਾਂ ਗਰਜੀਆਂ, ਅੱਗ ਦੇ ਸੱਤ ਗੋਲੇ ਨਿਕਲੇ, ਸੱਤ ਗੁਰੂ ਪਿਆਰੇ ਸਿੰਘ, ਚਿੱਥੜਿਆਂ ਵਾਂਗ ਉੱਡ ਗਏ।

ਉਧਰ ਸਿਆਹੜ, ਸਤਿਗੁਰੂ ਰਾਮ ਸਿੰਘ ਨੇ ਤੋਪਾਂ ਦੀ ਆਵਾਜ਼ ਸੁਣੀ ਤਾਂ ਬਚਨ ਕੀਤਾ, "ਸਿੱਖ, ਆਪਾ ਵਾਰ ਕੇ, ਆਜ਼ਾਦੀ ਦਾ ਮਾਰਗ ਬਣਾ ਰਹੇ ਹਨ।"

ਆਜ਼ਾਦੀ ਲਈ ਕਈ ਮੁਲਕਾਂ ਵਿੱਚ ਘੋਲ ਹੋਏ। ਕਈ ਮੁਲਕਾਂ ਦਾ ਆਪਣਾ ਇਤਿਹਾਸ ਹੈ। ਪਰ ਇਹਨਾਂ ਕੂਕਿਆਂ ਦੀ... ਆਜ਼ਾਦੀ-ਆਸ਼ਕਾਂ ਦੀ ਬਾਤ ਹੀ ਨਿਆਰੀ ਹੈ। ਕਾਵਨ ਕਹਿੰਦੈਂ, ਤੋਪ ਚੱਲਣ ਤੋਂ ਪਹਿਲਾਂ, "ਤੋਪ ਵੱਲ ਪਿੱਠ ਕਰ ਲਉ"।

ਸਰਦਾਰ ਹੀਰਾ ਸਿੰਘ ਕਹਿੰਦੈ, "ਕਾਵਨ! ਤੂੰ ਸਿੱਖੀ ਜੀਵਨ ਚਰਿੱਤਰ ਤੋਂ ਵਾਕਿਫ਼ ਨਹੀਂ। ਅਸੀਂ ਉਹਨਾਂ ਬਹਾਦਰ ਸਿੰਘਾਂ ਦੇ ਵਾਰਿਸ ਹਾਂ, ਜਿੰਨ੍ਹਾਂ ਨੇ 32 ਜ਼ਖ਼ਮ ਖਾ ਕੇ ਵੀ ਜੰਗੀ ਹੌਂਸਲੇ ਨਹੀਂ ਛੱਡੇ। ਅਸੀਂ ਛਾਤੀ ਤੇ ਤੋਪਾਂ ਦੇ ਵਾਰ ਸਹਾਂਗੇ... ਚਲਾਓ ਤੋਪ।"

17 ਅਤੇ 18 ਜਨਵਰੀ ਸੰਨ 1872!... ਦੁਨੀਆਂ ਦੇ ਲੂੰ ਕੰਡੇ ਕਰ ਦੇਣ ਵਾਲਾ, ਸਾਕਾ ਮਲੇਰਕੋਟਲਾ, ਸੰਸਾਰ ਦੇ ਸੁਤੰਤਰਤਾ ਸੰਗਰਾਮ ਇਤਿਹਾਸ ਦਾ ਨਿਵੇਕਲਾ ਪੰਨਾ ਸਿਰਜਿਆ ਗਿਆ। ਮਲੇਰਕੋਟਲੇ ਚੱਲੀਆਂ ਤੋਪਾਂ ਦੀ ਗਰਜਨਾ ਅਤੇ ਨਾਮਧਾਰੀ ਸ਼ਹੀਦਾਂ ਦੇ ਬੁਲੰਦ ਜੈਕਾਰੇ ਬਹੁਤ ਦੂਰ-ਦੂਰ ਤਕ ਪਹੁੰਚੇ। ਕਲਕੱਤੇ ਤੋਂ ਪ੍ਰਕਾਸ਼ਿਤ ਹੋਣ ਵਾਲਾ "ਫਰੇਂਡਸ ਆਫ਼ ਇੰਡੀਆ", ਅੰਗਰੇਜ਼ੀ ਦੈਨਿਕ ਨੇ, ਨਾ ਸਿਰਫ਼ ਇਸ ਕਾਰੇ ਨੂੰ ਮੁੱਖ ਪੰਨੇ ਤੇ ਪ੍ਰਕਾਸ਼ਿਤ ਕੀਤਾ। ਸਗੋਂ ਇਸ ਨਿਰਦਈ ਅਤੇ ਬੇਦਰਦ ਕ੍ਰਿਤ ਦੇ ਅਨੈਤਿਕ ਅਤੇ ਗ਼ੈਰ ਕਾਨੂੰਨੀ, ਬ੍ਰਿਟਿਸ਼ ਮਨੋਦਸ਼ਾ ਨੂੰ ਉਜਾਗਰ ਕੀਤਾ। ਅਗਲੇ ਹੀ ਦਿਨ, ਕਲਕੱਤੇ ਤੋਂ ਹੀ ਪ੍ਰਕਾਸ਼ਿਤ ਹੋਣ ਵਾਲੀ ਪ੍ਰਮੁੱਖ ਅਖ਼ਬਾਰ, "ਅੰਮ੍ਰਿਤ ਬਾਜ਼ਾਰ ਪੱਤ੍ਰਿਕਾ" ਨੇ ਭੀ, ਕੂਕਾ ਸ਼ਹਾਦਤ ਨੂੰ, ਸੰਪਾਦਕੀ ਲੇਖ ਰਾਹੀਂ, ਵਿਸਥਾਰ ਨਾਲ ਜਗ ਜਾਹਿਰ ਕੀਤਾ।

ਇਸੇ ਤਰ੍ਹਾਂ ਬੰਬਈ ਤੋਂ ਮਰਾਠੀ ਦੈਨਿਕ, "ਦੇਸ਼ਦੂਤ" ਅਤੇ ਫੇਰ "ਕੇਸਰੀ" ਨੇ ਸਤਿਗੁਰੂ ਰਾਮ ਸਿੰਘ ਅਤੇ ਕੂਕਾ ਸੰਗ੍ਰਾਮੀਆਂ ਦੇ ਹੌਂਸਲੇ ਅਤੇ ਬਲਿਦਾਨੀ ਜਜ਼ਬੇ ਨੂੰ ਪ੍ਰਣਾਮ ਕੀਤਾ। "ਮਹਾਰਥੀ", "ਸਰਸਵਤੀ" ਅਤੇ "ਕਰਮਯੋਗੀ" ਜਿਹੀਆਂ ਅਤਿ ਲੋਕਪ੍ਰਿਯ ਹਿੰਦੀ ਅਖਬਾਰਾਂ ਨੇ, ਸੁਰਖੀਆਂ ਵਿੱਚ ਨਾਮਧਾਰੀ ਕ੍ਰਾਂਤੀਕਾਰੀ ਮਨੋਦਸ਼ਾ ਨਾਲ ਪ੍ਰੀਚੈ ਕਰਵਾਇਆ। ਸ਼ਹੀਦ ਭਗਤ ਸਿੰਘ, ਬਾਲ ਗੰਗਾਧਰ ਤਿਲਕ, ਏਨੀ ਬੇਸੇਂਟ, ਗਣੇਸ਼ ਸ਼ੰਕਰ ਵਿਦਿਆਰਥੀ, ਮੈਥਲੀਸ਼ਰਣ ਗੁਪਤ, ਮੁੰਸ਼ੀ ਪ੍ਰੇਮ ਚੰਦ ਜਿਹੇ ਵਿਦਵਾਨਾਂ ਦੇ ਨੇਤਰਾਂ 'ਚੋਂ ਵੱਗੇ ਹੰਝੂਆਂ ਦੀ ਲੰਬੀ ਧਾਰਾ, ਇਹਨਾਂ ਸ਼ਹੀਦਾਂ ਨੂੰ ਸਿਜਦਾ ਕਰਦਿਆਂ ਵੱਗੀ।

ਸਮਾਂ ਲੰਘ ਗਿਆ। ਡੇਢ ਸੌ ਸਾਲ ਹੋ ਗਏ। ਅਤੀਤ ਦਾ ਕਾਲ ਖੰਡ, ਵੇਲੇ ਦੇ ਕਈ ਸਿਰ ਕੱਢ ਸਿੱਖਾਂ-ਸਰਦਾਰਾਂ, ਸਰਮਾਏਦਾਰਾਂ, ਰਾਜਿਆਂ-ਮਹਾਰਾਜਿਆਂ ਦੇ ਮੱਥੇ ਤੇ ਬਦਨੁਮਾ ਦਾਗ ਛੱਡ ਗਿਆ। 19ਵੀਂ ਸਦੀ ਦੇ ਵਿਕਟ ਸਮੇਂ, ਨਾਂਦੇੜ ਤੋਂ ਦਸਮ ਪਾਤਸ਼ਾਹ ਵਲੋਂ ਸਥਾਪਤ ਸਿੱਖੀ ਰਹੁ ਰੀਤਾਂ, ਰਹਿਤ ਮਰਿਆਦਾਵਾਂ, ਪ੍ਰੰਪਰਾਵਾਂ ਨੂੰ ਧਾਰਨ ਕਰਨ ਵਾਲੇ, ਸੰਨ 1708 ਕਲਗੀਧਰ ਪਿਤਾ ਦੁਆਰਾ ਨਾਂਦੇੜ ਕੀਤੇ ਹੋਏ, ਅਲੋਪ-ਕੌਤਕ ਤੋਂ ਬਾਦ, ਡੇਢ ਸੌ ਸਾਲ ਦੇ ਅੰਤਰਾਲ ਵਿੱਚ, ਜੱਕਰੀਆ ਖਾਨ, ਮੱਸਾ ਰੰਘੜ ਅਤੇ ਮੀਰ ਮਨੂੰ ਜਿਹੇ ਮੁਗਲੀਆ ਦਮਨ ਦੀ ਅੱਗ ਵਿੱਚ ਲਗਭਗ ਮਿਟ ਚੁਕੇ ਸਿੱਖੀ-ਵਿਰਸੇ ਨੂੰ, ਫਿਰ ਤੋਂ ਸੁਰਜੀਤ ਕਰ ਦੇਣ ਵਾਲੇ, ਗੁਰੂ ਰਾਮ ਸਿੰਘ ਅਤੇ ਨਾਮਧਾਰੀ ਸਿੱਖ ਸ਼ਹੀਦਾਂ ਪ੍ਰਤੀ ਹਮਦਰਦੀ ਦਾ ਸ਼ਿਸ਼ਟਾਚਾਰ ਭੀ ਨਾ ਨਿਭਾਇਆ... ਇਕ ਵਾਰ ਹਾਅ ਦਾ ਨਾਅਰਾ ਵੀ ਨਾ ਮਾਰਿਆ। ਨਿਜੀ ਲੋਭ ਹਿੱਤ, ਹਕੂਮਤ ਦੀ ਚਾਟੁਕਾਰਤਾ ਕਰਨ ਵਾਲੇ ਸਿੱਖ ਆਗੂ, ਕੁਲ ਧ੍ਰੋਹੀ ਹੋਣ ਦਾ ਕਲੰਕ ਮੱਥੇ ਲਵਾ ਲਿਆ। 22 ਮਾਰਚ 1882 ਨੂੰ, ਪੰਜਾਬ ਦੇ ਸਿਰਕੱਢ ਲੋਕਾਂ ਵਲੋਂ, ਸ. ਦਿਆਲ ਸਿੰਘ ਮਜੀਠੀਆ ਦੀ ਅਗਵਾਈ ਵਿੱਚ, ਪੰਜਾਬ ਦੇ ਲੇਫ਼ਟੀਨੈਂਟ ਗਵਰਨਰ ਨੂੰ, ਇਕ ਮਾਨ ਪੱਤਰ ਭੇਟ ਕੀਤਾ ਗਿਆ। "ਕੂਕਿਆਂ ਨੂੰ ਤੋਪਾਂ ਨਾਲ ਉਡਾਏ ਜਾਣ ਤੇ ਸਰਕਾਰ ਦਾ ਧੰਨਵਾਦ ਕਰਦਿਆਂ, ਸਰਦਾਰ ਦਿਆਲ ਸਿੰਘ ਮਜੀਠੀਆ ਵਲੋਂ, ਉਰਦੂ ਵਿੱਚ ਭੇਟ ਮਾਨਪੱਤਰ ਵਿੱਚ ਲਿਖਿਆ, "ਕੂਕਿਆਂ ਨਾਲ, ਧਾਰਮਿਕ ਰਹੁ ਰੀਤਾਂ ਦਾ ਮਤਭੇਦ ਹੀ ਨਹੀਂ, ਸਗੋਂ ਉਨ੍ਹਾਂ ਨੂੰ ਸਾਡਾ ਜਾਨੀ ਦੁਸ਼ਮਨ ਕਿਹਾ ਜਾ ਸਕਦਾ ਹੈ, ਕਿਉਂਕਿ ਉਨ੍ਹਾਂ ਆਪਣੀਆਂ ਕਰਤੂਤਾਂ ਨਾਲ, ਸਿੱਖਾਂ ਅਤੇ ਬ੍ਰਿਟਿਸ਼ ਹਕੂਮਤ ਦਰਮਿਆਨ ਨਿੱਘੇ ਰਿਸ਼ਤਿਆਂ ਤੇ ਸੱਟ ਮਾਰੀ ਹੈ।"

ਮਲੇਰਕੋਟਲੇ ਦੇ ਸ਼ਹੀਦ, 19ਵੀਂ ਸਦੀ ਦੇ ਸ਼ਿਲਾਲੇਖ ਤੇ, ਆਪਣੇ ਲਹੂ ਨਾਲ ਸਿੱਖੀ ਸ਼ਾਨ ਦੀ ਕਾਲ ਅਤੀਤ ਇਬਾਰਤ ਲਿਖ ਗਏ। ਪਰ, ਸੰਕੀਰਨ ਸੋਚ ਵਾਲੇ ਸਿੱਖ ਆਗੂਆਂ ਦੀ, ਸ਼ਹੀਦਾਂ ਪ੍ਰਤੀ ਦੁਰਭਾਵਨਾ ਦਾ ਪ੍ਰਗਟਾਵਾ, ਅੱਜ ਭੀ, ਦੁਖਦੀ ਰਗ ਵਾਂਗ ਚੀਸ ਮਾਰਦਾ ਹੈ।

# ਤੂੰ ਕਾਹੇ ਡੋਲਹਿ ਪ੍ਰਾਣੀਆ

ਮਨੁੱਖ ਜਨਮ ਦੇ ਸੰਦਰਭ ਵਿੱਚ, ਕਬੀਰ ਜੀ ਦੀ ਬਾਣੀ, ਆਮ ਵਰਤੀ ਜਾਂਦੀ ਹੈ—

"ਇਸ ਦੇਹੀ ਕਉ ਸਿਮਰਹਿ ਦੇਵ॥"

ਦੇਵਤੇ ਭੀ ਮਨੁੱਖ ਹੋਣਾ ਲੋਚਦੇ ਹਨ। ਜੀਵ-ਜਗਤ ਵਿਚ, ਸ੍ਰੇਸ਼ਠ ਪਾਣੀ ਹੈ, ਮਨੁੱਖ!

ਪਰ ਇਸੇ ਮਨੁੱਖ ਜੀਵਨ ਵਿੱਚ, ਦੁਖ ਅਤੇ ਨਿਰਾਸ਼ਾ ਭਰਿਆ ਸਮਾਂ ਆਉਂਦਾ ਹੈ, ਹਨੇਰਾ ਘਿਰ ਜਾਂਦਾ ਹੈ, ਭਿਆਨਕ ਜੰਗਲ, ਗਹਿਰੇ, ਅੰਨ੍ਹੇ ਖੂਹ ਵਿੱਚ, ਵਾਜ਼ਾਂ ਮਾਰ ਮਾਰ ਥੱਕਿਆ, ਬੇਹਾਲ ਹੋਇਆ ਮਨੁੱਖ! ਕੋਈ ਆਸ ਨਹੀਂ, ਦੁੱਖ 'ਚੋਂ ਬਾਹਰ ਆਉਣ ਦੀ ਕੋਈ ਸੰਭਾਵਨਾ ਨਹੀਂ। ਉਸ ਸੰਕਟ ਦੀ ਘੜੀ, ਜ਼ਿਹਨ ਅੰਦਰ ਕਿਤੇ ਗਹਿਰੇ ਵਿੱਚ, ਸਿੱਖੀ ਭਰੋਸਾ ਜਾਗ ਉੱਠੇ... ਗੁਰਬਾਣੀ ਦੇ ਬੋਲ ਰਸਨਾ 'ਚੋਂ, ਅਰਦਾਸ ਦੇ ਅੱਖਰ ਬਣ ਨਿਕਲ ਪੈਣਃ-

"ਅੰਧ ਕੂਪ ਮਹਾ ਭਇਆਨ ਨਾਨਕ ਪਾਰ ਉਤਾਰ॥"

ਔਰ, ਉਸ ਹਨੇਰੇ ਖੂਹ ਵਿੱਚ, ਦੀਵੇ ਦੀ ਰੌਸ਼ਨੀ ਵਿੱਚ, ਕੋਈ-ਸਨੇਹਮਈ ਹੱਥ, ਅੱਗੇ ਆ ਜਾਏ ਅਤੇ ਆਵਾਜ਼ ਦੇ, "ਆ ਪੁੱਤ, ਬਾਂਹ ਫੜ!"

ਇਵੇਂ ਕਈ ਵਾਰ, ਜੀਵਨ ਵਿੱਚ ਘਟਨਾ ਘਟਦੀ ਹੈ। ਜ਼ਰੂਰੀ ਹੈ, ਅਉਖੀ ਘੜੀ ਵਿੱਚ, ਗੁਰੂ-ਪਰਮੇਸ਼ਰ ਦੀ ਹਰ ਥਾਂ ਮੌਜੂਦਗੀ ਪ੍ਰਤੀ ਭਰੋਸਾ ਅਤੇ ਸਿਦਕ ਦੀ। ਗੁਰੂ ਆਵਾਜ਼ ਦਿੰਦਾ ਹੈ—

"ਤੂੰ ਕਾਹੇ ਡੋਲਹਿ ਪ੍ਰਾਣੀਆ ਤੁਧੁ ਰਾਖੈਗਾ ਸਿਰਜਣਹਾਰ॥"

(ਤਿਲੰਗ ਮਹਲਾ 5)

ਬਾਲ ਦਾ ਜਨਮ ਹੋਇਆ। ਜੀਵਨ ਵਿੱਚ ਪ੍ਰਵਿਰਤ ਹੋਇਆ। ਦੇਖਣ ਨੂੰ, ਇੱਕ ਜੀਵਨ, ਇੱਕ ਮਨੁੱਖ, ਇੱਕ ਨਾਂ। ਪਰ ਜੇ ਗਹੁ ਨਾਲ ਵੇਖੀਏ ਤਾਂ ਇੱਕ ਮਨੁੱਖ ਵਿੱਚ, ਕਈ-ਕਈ ਕਿਰਦਾਰ ਛੁਪੇ ਹੋਏ ਦਿਸ ਪੈਂਦੇ ਹਨ। ਬਾਲਕ, ਵਿਦਿਆਰਥੀ, ਗ੍ਰਿਹਸਥ, ਮਿੱਤਰ, ਪ੍ਰੀਵਾਰ ਚਿੰਤਕ, ਸਮਾਜ ਚਿੰਤਕ, ਪਿਤਾ, ਦਾਦਾ ਅਤੇ ਹੋਰ ਕਈ ਕਿਰਦਾਰਾਂ ਨੂੰ ਜਿਊਂਦਾ-ਹੰਢਾਉਂਦਾ ਮਨੁੱਖ।

ਸੰਸਾਰ ਪ੍ਰਸਿੱਧ, ਮਨੋਵਿਗਿਆਨੀ, ਸਿਗਮੰਡ ਫ਼ਰਾਇਡ ਨੇ 1890 ਦੇ ਲਾਗੇ-ਚਾਗੇ ਕਿਹਾ ਸੀ, ਮਨੁੱਖ ਦਾ ਜੀਵਨ ਬਹੁਤ ਗੁੰਝਲਦਾਰ ਹੈ... ਇੱਕ ਚੇਹਰੇ 'ਤੇ ਕਈ-ਕਈ ਚੇਹਰਿਆਂ, ਮੁਖੌਟਿਆਂ ਨੂੰ ਸੰਭਾਲਦਾ ਹੋਇਆ ਮਨੁੱਖ!।

ਵੇਖਣ ਨੂੰ ਇੱਕ ਮਨੁੱਖ! ਪਰ ਇਹ ਪ੍ਰੀਚੈ, ਮਨੁੱਖ ਦਾ ਬਹੁਤ ਲਘੂ ਹੈ, ਛੋਟਾ, ਨੰਨ੍ਹਾ ਪ੍ਰੀਚੈ। ਮਨੁੱਖ ਜੀਵਨ ਬਾਬਤ ਲਾਉਤਸੇ ਕਹਿੰਦਾ ਹੈ, "Waves of Ocean"... ਸਾਗਰ ਦੀਆਂ ਅਨਗਿਣਤ ਲਹਿਰਾਂ ਭਰਿਆ ਮਹਾਂਸਾਗਰ।

ਪ੍ਰਭਾਤ ਵੇਲੇ, ਪੰਖੀਆਂ ਦੇ ਗੀਤ ਸੁਣ ਕੇ ਅਸੀਂ ਜਾਗਦੇ ਹਾਂ। ਕਿਤਨਾ ਮਧੁਰ... ਕਿਤਨਾ ਸੁਰੀਲਾ! ਹਰ ਰੋਜ਼, ਇੱਕ ਨਿਰੰਤਰਤਾ ਵਿੱਚ ਹਵਾ ਤੇ ਤਰਦਾ-ਵਗਦਾ, ਹਰ ਪ੍ਰਾਣੀ ਮਾਤਰ ਨੂੰ ਉਮਾਹਤ ਕਰਦਾ ਹੋਇਆ ਪੰਖੀ ਗੀਤ! ਪਰ, ਜੇ ਇਹਨਾਂ ਦੀ ਭਾਸ਼ਾ ਸਮਝ ਸਕੀਏ, ਇਹਨਾਂ ਦੀਆਂ ਆਂਦਰਾਂ 'ਚੋਂ ਉਠਦਾ ਵਿਰਲਾਪ ਸੁਣ ਸਕੀਏ ਤਾਂ ਬਹੁਤ ਕੁਝ, ਅਦਿੱਖ ਸੱਚ ਦਿਸ ਪਵੇਗਾ। ਸੱਚ ਤਾਂ ਇਹ ਹੈ, ਉਸ ਕੋਇਲ ਦਾ, ਨਿੱਕਾ ਜਿਹਾ ਚੂਜਾ, ਰਾਤ ਮਰ ਗਿਆ... ਉਹ ਜਿਹੜੀ ਬੁਲਬੁਲ, ਅਜੇ ਭੀ ਗਾਉਂਦੀ ਹੈ, ਰਾਤ ਦੀ ਹਨੇਰੀ ਨੇ ਉਸ ਦਾ ਆਲ੍ਹਣਾ, ਉਜਾੜ ਦਿੱਤਾ। ਉਹ ਜਿਹੜੀ ਸੋਨਚਿਰੀ, ਉਹ ਕਬੂਤਰੀ, ਉਹ ਗੁਰੱਈਆ... ਪਤਾ ਨਹੀਂ ਕਿੰਨਾ ਦੁੱਖ ਛਾਤੀ 'ਤੇ ਰੱਖ ਕੇ, ਗੀਤ ਗਾ ਰਹੀਆਂ ਹਨ। ਝਰਮੁਟ ਭਰੇ ਬਾਗਾਂ ਵਿੱਚ ਪੰਖੀਆਂ ਦਾ ਗਾਨ, ਸਦਾ ਹਰਖ-ਗਾਨ ਹੀ ਨਹੀਂ ਹੁੰਦਾ। ਉਸ ਦੇ ਅੰਦਰਲੇ ਵਿਸ਼ਾਦ ਨੂੰ ਵੇਖਣਯੋਗ ਸੰਵੇਦਨਸ਼ੀਲ ਹਿਰਦਾ ਹੋਣਾ ਚਾਹੀਦਾ ਹੈ।

ਮਨੁੱਖ ਦਾ ਦੁੱਖ-ਦਰਦ ਤਾਂ, ਇਹਨਾਂ ਪਸ਼ੂਆਂ-ਪੰਖੀਆਂ ਤੋਂ ਬਹੁਤ ਵੱਧ ਹੈ। ਪਸ਼ੂਆਂ ਪੰਖੀਆਂ ਨੂੰ ਘਰ ਬੈਠੀ ਜਵਾਨ ਕੁਆਰੀ ਧੀ ਦਾ ਦਰਦ-ਅਹਿਸਾਸ ਨਹੀਂ ਹੁੰਦਾ। ਪ੍ਰਸੂਤ ਲਈ ਕਿਸੇ "ਮੈਟਰਨਿਟੀ ਸੈਂਟਰ" ਵਿੱਚ ਦਾਖਲ ਹੋਣ ਦੀ ਲੋੜ ਨਹੀਂ। ਸਿੱਖਿਆ, ਨੌਕਰੀ, ਰੋਜ਼ਗਾਰ ਕਈ ਪਚੜਿਆਂ-ਝਮੇਲਿਆਂ ਤੋਂ ਦੂਰ ਹਨ। ਮਨੁੱਖ ਸਿਰ ਤੇ ਤਾਂ ਜ਼ਿੰਮੇਵਾਰੀਆਂ ਦੀਆਂ ਕਈ-ਕਈ ਪੰਡਾਂ ਪਈਆਂ ਹੁੰਦੀਆਂ ਹਨ।

ਤ੍ਰੇਤਾ ਯੁਗ ਦੀ ਘਟਨਾ ਹੈ। ਭਗਵਾਨ ਸ੍ਰੀ ਰਾਮ, ਬਨਵਾਸ ਗਿਆਂ ਤੇਰ੍ਹਾਂ ਸਾਲ ਬਿਤੀਤ ਹੋ ਗਏ। ਸ੍ਰੀ ਰਾਮ ਦੇ ਅਯੁੱਧਿਆ ਤੋਂ ਗਮਨ ਦੇ ਪਹਿਲੇ ਦਿਨ ਤੋਂ, ਭਰਤ ਜੀ ਨੇ, ਰਾਜਸੀ ਵਸਤਰ, ਭੋਜਨ, ਸੇਜਾਂ, ਪਤਨੀ, ਸਾਰੇ ਸੁੱਖ ਭੋਗ ਤਿਆਗ ਦਿੱਤੇ। ਉੱਧਰ ਜੰਗਲ ਵਿੱਚ, ਸੀਤਾ ਦਾ ਅਪਹਰਣ ਹੋ ਗਿਆ। ਵੱਡੀ ਜੰਗ ਦੀ ਤਿਆਰੀ ਦੋਹਾਂ ਪਾਸਿਓਂ ਚੱਲ ਰਹੀ ਸੀ। ਅਯੁੱਧਿਆ ਦੀ ਇੱਕ ਰਾਤ! ਮਾਤਾ ਕੁਸ਼ੱਲਿਆ ਨੂੰ ਨੀਂਦ ਨਹੀਂ ਆ ਰਹੀ। ਰਾਤ, ਅੱਧ ਤੋਂ ਵੱਧ ਬਿਤੀਤ ਹੋ ਚੁੱਕੀ ਹੈ। ਮਾਤਾ ਉੱਠੀ। ਮਹਿਲ ਦੀ ਛੱਤ 'ਤੇ ਟਹਿਲਣ ਦੇ ਖਿਆਲ ਨਾਲ ਗਈ। ਉੱਪਰ ਦੇਖਿਆ, "ਸ਼੍ਰੁਤੀਕੀਰਤੀ", ਸ਼ਤਰੂਘਨ ਦੀ ਘਰ ਵਾਲੀ, ਬਾਵਰੀ ਜਿਹੀ ਫਿਰ ਰਹੀ ਹੈ।

ਕੁਸ਼ੱਲਿਆ ਪੁਛਿਆ, "ਪੁੱਤਰ ਤੂੰ ? ਕੀ ਗੱਲ ਹੈ, ਅੱਧੀ ਰਾਤ ਲੰਘ ਗਈ... ਸੁੱਤੀ ਨਹੀਂ।

"ਨਹੀਂ ਮਾਤਾ ਸ੍ਰੀ"—ਪੈਰੀਂ ਹੱਥ ਲਾ ਕੇ, ਸ਼੍ਰੁਤੀ ਕੀਰਤੀ ਬੋਲੀ, 13 ਵਰ੍ਹੇ ਹੋ ਗਏ... ਰੋਜ਼ ਰਾਤ, ਸ਼ਤਰੂਘਨ ਨੰਦੀਗ੍ਰਾਮ ਦੇ ਉਸ ਮਾਰਗ 'ਤੇ ਜਾ ਬਹਿੰਦੇ ਹਨ, ਜਿਸ ਰਾਹ ਤੋਂ, ਭਗਵਾਨ ਸ੍ਰੀ ਰਾਮ, ਭਾਬੀ ਜਾਨਕੀ ਅਤੇ ਭ੍ਰਾਤਾ ਸ੍ਰੀ ਲਛਮਣ ਸਹਿਤ, ਬਨਵਾਸ ਨੂੰ ਗਏ ਸਨ। ਅਤੇ ਮੈਂ, ਮਾਤਾ ਸ੍ਰੀ, ਇਸੇ ਤਰ੍ਹਾਂ, ਹਰ ਸਰਦੀ-ਗਰਮੀ, ਬਰਸਾਤ, ਮਹਿਲ ਦੇ ਚੁਬਾਰਿਆਂ 'ਤੇ ਰਾਤ ਲੰਘਾਉਂਦੀ ਹਾਂ।

ਕਿੰਨਾ ਦਰਦ ਹੰਢਾ ਰਹੇ ਹਨ, ਰਾਮਾਇਣ ਦੇ ਪਾਤਰ! ਕੋਈ ਰਾਜ ਕੁਮਾਰ, ਕੋਈ ਰਾਜ ਬਹੂ, ਮਾਤਾ, ਭਰਾਤਾ... ਦੁੱਖਾਂ ਦੀ ਇੰਤਹਾ ਝੋਲੀ ਪੈ ਗਈ।

ਇਹ ਤਾਂ, ਸਰਦੇ-ਪੁੱਜਦੇ ਰਾਜ ਘਰਾਨੇ ਦੀ ਸਾਖੀ ਹੈ। ਉਹ ਜਿਹੜੀ, ਮੁੰਸ਼ੀ ਪ੍ਰੇਮ ਚੰਦ ਦੀ ਕਹਾਣੀ 'ਵਿਧਵੰਸ਼" ਦੀ ਪਾਤਰ ਹੈ, ਵਿਧਵਾ ਹੋ ਚੁੱਕੀ ਔਲਾਦਹੀਨ, ਪਿੰਡ ਦੀ ਭੜਭੂੰਜੀ ਭੂਆ। ਰੋਜ ਭੱੜ ਬਾਲਦੀ, ਲੋਗਾਂ ਦੇ ਚਬੇਨੇ ਭੁੰਨਦੀ। ਪੈਸਾ, ਧੇਲਾ ਲੈ ਕੇ ਗੁਜ਼ਾਰਾ ਕਰਦੀ। ਇੱਕ ਦਿਨ ਪਿੰਡ ਦੇ ਹੰਕਾਰੀ ਜ਼ਿੰਮੀਂਦਾਰ ਦੇ ਲਠੈਤ, ਅੱਗ ਲਾ ਕੇ, ਮੜਈ ਸਹਿਤ, ਭੱੜ ਵੀ ਫੂਕ ਦਿੰਦੇ ਹਨ। ਝੌਂਪੜੀ ਤੋਂ ਉੱਠਦੀਆਂ ਅੱਗ ਦੀਆਂ ਲਪਟਾਂ ਵਿੱਚ, ਵਿਰਲਾਪ ਕਰਦੀ, ਜ਼ਮਾਨੇ ਦੇ ਸਿਰ ਠੀਕਰ ਫੋੜਦੀ ਹੋਈ, ਭੜਭੂੰਜੀ ਭੂਆ ਵੀ, ਛਾਲ ਮਾਰ ਸੜ ਮਰਦੀ ਹੈ।

ਇਸੇ ਤਰ੍ਹਾਂ, ਮੈਥਲੀਸ਼ਰਣ ਗੁਪਤ, ਸ਼ਿਵਾਨੀ, ਫਨੀਸ਼ਵਰਨਾਥ ਰੈਣੂ ਜਾਂ ਨਾਨਕ ਸਿੰਘ ਨਾਵਲਿਸਟ ਦਾ, ਸਮਾਜ ਨੂੰ ਦਰਪਣ ਵਿਖਾਉਂਦਾ, "ਮਿੱਧੇ ਹੋਏ ਫੁੱਲ", "ਅਣਸੀਤੇ ਜ਼ਖ਼ਮ" ਜਾਂ "ਚਿੱਟਾ ਲਹੂ" ਜਿਹੀਆਂ ਕਹਾਣੀਆਂ, ਵੱਖ-ਵੱਖ ਕਿਰਦਾਰਾਂ ਰਾਹੀਂ, ਜੀਵਨ ਦਾ ਰੇਖਾ ਚਿੱਤਰ—ਸਮਾਜ ਸਾਹਵੇਂ ਰੱਖਦੇ ਹਨ।

ਜੀਵਨ ਵਿੱਚ ਜ਼ਖ਼ਮ ਤਾਂ ਕਈ ਲੱਗਦੇ ਹਨ। ਨਿਰਾਸ਼ਾ, ਬੇਬੱਸੀ ਦਾ ਹਨੇਰਾ ਕਈ ਵਾਰ ਘਿਰਦਾ ਹੈ। ਪਰ ਗੁਰੂ ਨਾਨਕ ਧਰਮ ਦਰਸ਼ਨ, ਗੁਰਬਾਣੀ ਦੇ ਗੀਤਾਂ ਰਾਹੀਂ, ਜ਼ਖ਼ਮਾਂ ਤੇ ਸੰਵੇਦਨਾ ਦੀ ਮਲਹਮ ਲਾਉਂਦਾ... ਅਤੇ ਨਿਰਾਸ਼ਾ ਦੀ ਕਾਲੀ-ਬੋਲੀ ਰਾਤ ਵਿੱਚ ਵੀ,

"ਅੰਧ ਕੂਪ ਮਹਿ ਦੀਪਕੁ ਬਲਿਓ, ਗੁਰਿ ਰਿਦੈ ਕੀਓ ਪਰਗਾਸਾ॥"

...ਰੌਸ਼ਨੀ ਦੀ ਲੋਅ... ਆਸ਼ਾ ਦੀ ਕਿਰਣ, ਦੁੱਖਾਂ ਦੇ ਸਾਰੇ ਪਰਛਾਵੇਂ ਢੱਕ ਦਿੰਦੀ ਹੈ।

ਤਾਂ ਪੰਜਵੇਂ ਪਾਤਸ਼ਾਹ ਕਹਿੰਦੇ ਹਨ—

"ਤੂੰ ਕਾਹੇ ਡੋਲਹਿ ਪ੍ਰਾਣੀਆ, ਤੁਧੁ ਰਾਖੈਗਾ ਸਿਰਜਣਹਾਰ॥"

ਸਾਰਾ ਸੰਸਾਰ ਆਸ ਦੀ ਅਦਿੱਖ ਡੋਰ ਨਾਲ ਬੱਧਾ ਹੋਇਆ ਹੈ। ਕੋਈ ਨਾ ਕੋਈ ਆਸ, ਮਨੁੱਖ ਨੂੰ ਜੀਊਣ ਲਈ ਸੰਜੀਵਨੀ ਦਿੰਦੀ ਰਹਿੰਦੀ ਹੈ। ਨਾਰੀ ਨੂੰ ਆਪਣੇ ਘਰ ਵਾਲੇ ਤੋਂ ਚਲੌਣ ਯੋਗ ਖਰਚ-ਵਰਚ ਸੁਰੱਖਿਆ ਦੀ ਆਸ ਹੈ। ਘਰ ਵਾਲੇ ਨੂੰ ਗ੍ਰਹਿਸਥੀ ਸੰਭਾਲਣ ਯੋਗ, ਵੰਸ਼ ਵਧਾਉਣ ਯੋਗ ਨਾਰੀ ਦੀ ਆਸ ਹੈ। ਪੁੱਤ ਤੋਂ ਮਾਤਾ-ਪਿਤਾ ਦੀ—ਬੁਢੇਪੇ ਦੀ ਆਸ ਹੈ, ਭਾਈ ਤੋਂ, ਮਿੱਤਰ ਤੋਂ, ਆਸ ਬੱਧੀ ਹੈ। ਦੁਕਾਨਦਾਰ ਨੂੰ ਗਾਹਕ ਦੀ ਆਸ ਹੈ, ਖਪਤਕਾਰ ਨੂੰ ਦੁਕਾਨਦਾਰ ਤੋਂ ਵਾਜਿਬ ਮੁੱਲ ਤੇ ਸਹੀ ਸਾਮਾਨ ਦੀ ਆਸ ਹੈ। ਆਸ ਟੁੱਟਦੀ ਹੈ, ਤਾਂ ਨਿਰਾਸ਼ਾ ਹੁੰਦੀ ਹੈ। ਇਹ ਨਿਰਾਸ਼ਾ, ਬੰਦੇ ਨੂੰ ਤੋੜ ਦਿੰਦੀ ਹੈ। ਪੰਜਵੇਂ ਪਾਤਸ਼ਾਹ, ਮਨ ਦੇ ਵਿਗਿਆਨ ਨੂੰ ਭਲੀਭਾਂਤ ਜਾਣਦੇ ਹਨ। ਜੀਊਣ ਲਈ ਆਸ ਦਾ ਕੋਈ ਤਾਰਾ ਤਾਂ ਹਨੇਰੇ ਆਕਾਸ਼ 'ਤੇ ਦਿਸਣਾ ਹੀ ਚਾਹੀਦਾ ਹੈ। ਪਥਿਕ ਨੂੰ ਆਸ ਹੁੰਦੀ ਹੈ ਕਿ ਤਾਰਿਆਂ ਦੀ ਮੱਧਮ ਲੋਅ ਵਿੱਚ, ਘਣੇ ਜੰਗਲਾਂ ਦੀ ਪਗਡੰਡੀ ਦਿਸ ਪਵੇਗੀ, ਮੁਕਾਮ 'ਤੇ ਪਹੁੰਚ ਜਾਵਾਂਗਾ। ਤਾਰਿਆਂ ਤੋਂ ਰਹਿਤ, ਹਨੇਰੀ ਰਾਤੇ, ਤੁਰਨ ਦਾ ਹੀਆ ਨਹੀਂ ਪੈਂਦਾ।

ਤਾਂ ਪੰਜਵੇਂ ਪਾਤਸ਼ਾਹ, ਸੰਸਾਰ ਅੱਗੇ, ਜੀਵਨ-ਯਾਤਰਾ ਸੰਪੂਰਨ ਕਰਨ ਲਈ ਆਸ ਦਾ ਰੂਪਾਂਤਰਣ ਕਰਦੇ ਹਨ:-

"ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨੁ ॥
ਦੇਵਨ ਕਉ ਏਕੈ ਭਗਵਾਨੁ ॥"

ਆਸ ਜ਼ਰੂਰ ਰੱਖ। ਮਨ ਵਿੱਚ ਕੋਈ ਸਹਾਰਾ ਤਾਂ ਚਾਹੀਦਾ ਹੈ। ਰਿਸ਼ਤੇਦਾਰਾਂ, ਮਿੱਤਰਾਂ, ਸੱਜਣਾਂ, ਮਨੁੱਖਾਂ ਤੇ ਆਸ ਰੱਖੀ, ਤਾਂ ਨਿਸ਼ਚਿਤ ਜਾਣ, ਕਿਸੇ ਵੇਲੇ ਵੀ ਸਹਾਰੇ ਦੀ ਡੋਰ ਤੇਰੇ ਹੱਥੋਂ ਖੋਹ ਲੈਣਗੇ। ਜਗ ਬੜਾ ਨਿਰਮੋਹੀ ਹੈ। ਆਸ ਇੱਕ, ਗੁਰੂ-ਪਰਮੇਸ਼ਰ ਤੇ ਰੱਖ। ਤੂੰ ਆਪ ਨਾ ਦੀਦ ਬਦਲੀਂ, ਸਤਿਗੁਰ ਸਦਾ ਸਹਾਈ ਰਹੇਗਾ... ਤੇਰੇ ਨਾਲ-ਨਾਲ

"ਏਕ ਆਸ ਰਾਖਹੁ ਮਨ ਮਾਹਿ ॥
ਸਰਬ ਰੋਗ ਨਾਨਕ ਮਿਟਿ ਜਾਹਿ ॥ (ਸੁਖਮਨੀ)

ਅੱਜ, ਇੱਕ ਮਨੋਵਿਗਿਆਨੀ ਸਰਵੇਖਣ ਦੇ ਅਨੁਸਾਰ, 80% ਆਬਾਦੀ ਦੁਨੀਆਂ ਦੀ, ਤਨਾਅ, ਡਿਪ੍ਰੈਸ਼ਨ, ਹਾਈਪਰਟੈਂਸ਼ਨ ਜਿਹੇ, ਕਿਸੇ ਨਾ ਕਿਸੇ ਤਰ੍ਹਾਂ ਦੀ ਮਨੋਰੋਗੀ ਹੈ। ਇਹ ਸਾਰੇ, ਕਿਸੇ ਨਾ ਕਿਸੇ ਆਸ ਤੋਂ ਟੁੱਟੇ ਹੋਏ ਹਨ। ਬੰਦੇ, ਜਨਾਨੀ, ਪ੍ਰੇਮੀ, ਵਾਪਾਰੀ, ਕਿਸੇ ਤੋਂ ਮਿਲੀ ਨਿਰਾਸ਼ਾ ਨੇ ਮਨੋਰੋਗ ਦੇ ਦਿੱਤਾ। ਤਾਂ ਪਾਤਸ਼ਾਹ, ਸੁੱਖੀ ਜੀਵਨ ਦਾ ਨੁਸਖਾ ਦੱਸਦੇ ਹਨ, ਇੱਕ ਸਤਿਗੁਰ ਤੇ, ਸਾਰੀਆਂ ਡੋਰਾਂ ਸੁੱਟ ਦੇ। ਤੇਰੀ ਬੇੜੀ ਨੂੰ ਪਾਰ ਲੰਘਾਉਣ ਲਈ—ਉਹ ਗੈਬੀ ਸ਼ਕਤੀ, ਸਦਾ ਤੇਰੇ ਅੰਗ-ਸੰਗ ਹੋ ਜਾਵੇਗੀ।

ਭਾਰਤੀ ਭਾਸ਼ਾ, ਸ਼ਾਸਤ੍ਰੀਆਂ ਨੇ, ਸੰਸਾਰ ਨੂੰ ਸੁਖੀ-ਸ਼ਾਂਤ ਰੱਖਣ ਦੀ ਵਿਚਾਰਧਾਰਾ ਨੂੰ ਬਹੁਤ ਸਾਰਥਕ ਨਾਂ ਦਿੱਤਾ, "ਧਰਮ"! ਮੈਨੂੰ ਨਹੀਂ ਪਤਾ, ਜਨੇਊ, ਧੋਤੀ, ਟਿੱਕਾ ਜਾਂ ਟੋਪੀ, ਤਸਬੀ, ਮੁਸੱਲਾ, ਹਵਨ ਯੱਗ, ਤਰਪਣ, ਪਾਠ, ਸਿਮਰਨ, ਜੱਪ, ਤੱਪ, ਕਿਸ ਕਰਮ ਨੂੰ ਸਹੀ ਅਰਥਾਂ ਵਿੱਚ, ਧਰਮ ਕਹੀਏ। ਪਰ, ਸੱਚ ਜਾਣਿਓ, ਗੁਰੂ ਨਾਨਕ ਧਰਮ ਦਰਸ਼ਨ, ਦੈਹਿਕ ਜੀਵਨ, ਅਤੇ ਇਸ ਦੇਹ ਅੰਦਰ, ਆਤਮਿਕ ਜੀਵਨ ਦੋਹਾਂ ਨੂੰ ਧਾਰਨ ਕੀਤੇ ਹੋਏ ਮਨੁੱਖ ਨੂੰ, ਧਰਮ ਦਾ ਉਚੇਰਾ ਅਰਥ ਦਿੰਦਾ ਹੈ। ਧਰਮ ਦਾ ਅਰਥ ਹੈ, ਜਿਹੜਾ ਧਾਰਨ ਕੀਤਾ ਹੈ, ਉਸ ਦੀ ਰੱਖਿਆ, ਸੰਭਾਲ!

ਗੁਰਮਤਿ ਅਨੁਸਾਰ ਇਸ ਸਿਖਿਆ ਨੂੰ "ਜੀਵਨ ਜਾਚ" ਕਿਹਾ ਜਾਂਦਾ ਹੈ। ਤਾਂ ਧਰਮ ਕਹਿੰਦਾ ਹੈ, ਇਸ ਸਰੀਰ ਨੂੰ ਵੀ ਸੁਖੀ ਰੱਖਣ ਦਾ ਜਤਨ ਕਰੋ। ਕਿਸੇ ਵੈਦ ਜਾਂ ਡਾਕਟਰ ਤੋਂ, ਸਿਹਤਮੰਦ ਖੁਰਾਕ ਦੀ ਪੁੱਛਗਿੱਛ ਕਰੀਏ, ਤਾਂ ਸਭ ਤੋਂ ਪਹਿਲਾਂ, ਉਹ ਦੂਸ਼ਿਤ ਭੋਜਨ-ਪਾਣੀ ਦੀ ਨਿਖੇਧੀ ਕਰੇਗਾ। ਫਿਰ, ਸਰੀਰ ਦੀ ਲੋੜ ਅਨੁਸਾਰ, ਪ੍ਰੋਟੀਨ, ਕਾਰਬੋਹਾਈਡ੍ਰੇਟ, ਵਸਾ, ਵਿਟਾਮਿਨ, ਕੈਲਸ਼ੀਅਮ, ਆਇਰਨ ਜਾਂ ਰੋਗ ਵਧਿਆ ਹੋਵੇ ਤਾਂ ਦਵਾ-ਉਪਚਾਰ ਦਾ ਪਰਾਮਰਸ਼ ਦਿੰਦਾ ਹੈ। "ਧਰਮ" ਵੀ ਇਹੋ ਭੂਮਿਕਾ ਨਿਭਾਉਂਦਾ ਹੈ। ਰੋਗੀ ਬਣਾਉਣ ਵਾਲੀ ਸੋਚ ਦਾ ਤਿਆਗ, ਪਹਿਲਾਂ ਕਰੋ। ਮਰੀਜ਼ ਵਿੱਚ ਜੀਊਣ ਪ੍ਰਤੀ ਉਤਸ਼ਾਹ, ਭਰੋਸਾ ਜਗਾ ਕੇ, ਕੁਸ਼ਲ ਡਾਕਟਰ, ਇਲਾਜ ਆਰੰਭ ਕਰਦਾ ਹੈ। ਤਾਂ, ਲੋਕ-ਪਰਲੋਕ, ਦੇਹ-ਆਤਮਾ, ਦੋਹਾਂ ਦੇ ਮਾਹਿਰ, ਮੇਰੇ ਸਤਿਗੁਰ ਕਹਿੰਦੇ ਹਨ—

"ਤੂੰ ਕਾਹੇ ਡੋਲਹਿ ਪ੍ਰਾਣੀਆ, ਤੁਧੁ ਰਾਖੈਗਾ ਸਿਰਜਣਹਾਰ॥"

ਜਿਸਮ ਅਤੇ ਰੂਹ ਦੋਹਾਂ ਦੀ ਸੁਖ ਕਾਮਨਾ ਲਈ, ਆਹਾਰ, ਵੀਚਾਰ, ਆਚਾਰ ਅਤੇ ਸੰਸਕਾਰ 'ਤੇ ਜ਼ੋਰ ਦਿੱਤਾ ਜਾਂਦਾ ਹੈ। ਹਰ ਮਨੁੱਖ ਇਹਨਾਂ ਗੁਣਾਂ ਨੂੰ ਯਥਾਸ਼ਕਤੀ ਗ੍ਰਹਿਣ ਕਰਨਾ ਚਾਹੁੰਦਾ ਹੈ। ਪਰ ਸਾਰੇ ਮਨੁੱਖ, ਸਰਵ ਗੁਣ-ਸੰਪੰਨ ਨਹੀਂ ਹੋ ਸਕਦੇ। ਆਸ ਦੀ ਡੋਰ, ਸਤਿਗੁਰ ਤੇ ਸੁੱਟਣੀ ਪੈਂਦੀ ਹੈ। ਖਲੀਲ ਜਿਬ੍ਰਾਨ ਨੇ ਇੱਕ ਲਘੂ-ਕਥਾ ਲਿਖੀ ਹੈ। ਇੱਕ ਵਾਰ ਇੱਕ ਬ੍ਰਾਹਮਣ ਜੋਤਸ਼ੀ, ਇੱਕ ਮਲਾਹ ਦੀ ਬੇੜੀ ਤੇ ਨਦੀ ਲੰਘ ਰਹੇ ਸਨ। ਦੋ ਹੀ ਪ੍ਰਾਣੀ ਸਨ, ਜੋਤਸ਼ੀ ਮਹਾਰਾਜ ਅਤੇ ਮਲਾਹ। ਨਦੀ ਦੀਆਂ ਲਹਿਰਾਂ, ਜਾਂ ਚੱਲਦੇ ਹੋਏ ਚੱਪੂ ਦੀ ਛੱਪ-ਛੱਪ... ਫਿਰ ਸ਼ਾਂਤੀ।

ਮੌਨ ਨੂੰ ਭੰਗ ਕਰਨ ਲਈ ਜੋਤਸ਼ੀ ਨੇ ਮਲਾਹ ਤੋਂ ਪੁੱਛਿਆ, ਤੁਸੀਂ ਪੜ੍ਹੇ-ਲਿਖੇ ਹੋ? ਮਲਾਹ ਨੇ "ਨਾਂਹ" ਦੇ ਭਾਵ ਸਿਰ ਹਿਲਾ ਦਿੱਤਾ। ਹੱਛਾ! ਥੋੜ੍ਹਾ ਬਹੁਤ ਕੋਈ ਪਾਠ-ਅਭਿਆਸ?

ਮਲਾਹ ਨੇ ਫਿਰ ਨਾਂਹ ਦੀ ਮੁਦਰਾ ਵਿੱਚ ਸਿਰ ਝਟਕਿਆ। ਬ੍ਰਾਹਮਣ ਹੋਰ ਹੈਰਾਨੀ ਜ਼ਾਹਿਰ ਕਰਦਿਆਂ ਪੁੱਛਿਆ, ਥੋੜ੍ਹੀ ਬਹੁਤ ਜੋਤਿਸ਼-ਵਿੱਦਿਆ? ਮਲਾਹ ਨੇ, ਫਿਰ ਨਾਂਹ ਕੀਤੀ। ਹੱਛਾ! ਤੇਰੀ ਤਾਂ ਅੱਧੀ ਜ਼ਿੰਦਗੀ ਬੇਅਰਥ ਬੀਤ ਗਈ। ਧਰਮ ਸ਼ਾਸ਼ਤਰ, ਜੋਤਿਸ਼, ਗਣਿਤ, ਕੋਈ ਗਿਆਨ ਨਹੀਂ।

ਬ੍ਰਾਹਮਣ, ਵਿਦਵਾਨ, ਜੋਤਿਸ਼-ਵਿਦਿਆ ਦਾ ਮਾਹਿਰ ਹੋਣ ਦੇ ਹੰਕਾਰ ਵਿੱਚ ਥੋੜ੍ਹਾ ਹੋਰ ਆਕੜ ਕੇ ਬੇੜੀ ਨੂੰ ਢੋਹ ਲਾ ਲਈ। ਅਚਾਨਕ ਬੇੜੀ ਇੱਕ ਪੱਥਰ ਨਾਲ ਵੱਜੀ। ਵਿਚਾਲੇ ਤੋਂ ਤਰੇੜ ਪੈ ਗਈ। ਅੱਧ ਨਦੀ ਵਿੱਚ, ਤੇਜ਼ੀ ਨਾਲ ਬੇੜੀ ਵਿੱਚ ਪਾਣੀ ਭਰਨ ਲੱਗਾ। ਬੇੜੀ ਕੁਝ ਪਲਾਂ-ਖਿਨਾਂ ਵਿੱਚ ਡੁੱਬਣ ਵਾਲੀ ਸੀ। ਮਲਾਹ ਨੇ ਬ੍ਰਾਹਮਣ ਜੋਤਸ਼ੀ ਤੋਂ ਪੁੱਛਿਆ, ਪੰਡਿਤ ਜੀ, ਤੁਸੀਂ ਤਰਨਾ ਜਾਣਦੇ ਹੋ?

ਘਬਰਾਏ ਹੋਏ ਪੰਡਿਤ ਜੀ ਨੇ ਨਾਂਹ ਦੇ ਭਾਵ ਸਿਰ ਹਿਲਾਇਆ। ਮਲਾਹ ਨੇ ਕਿਹਾ, ਪੰਡਤ ਜੀ, ਮੇਰੀ ਤਾਂ ਅੱਧੀ ਜ਼ਿੰਦਗੀ ਬੇਕਾਰ ਗਈ... ਤੁਹਾਡੀ ਪੂਰੀ ਜ਼ਿੰਦਗੀ, ਬੇਕਾਰ ਚੱਲੀ ਹੈ। ਇਹ ਕਹਿ ਕੇ ਮਲਾਹ ਨੇ ਨਦੀ ਵਿੱਚ ਛਾਲ ਮਾਰ ਦਿੱਤੀ... ਤਰ ਕੇ ਪਾਰ ਲੰਘ ਗਿਆ। ਸਣੇ ਪੰਡਿਤ ਜੀ, ਬੇੜੀ ਮਝਧਾਰ ਵਿੱਚ ਡੁੱਬ ਗਈ। ਤਾਂ ਮੇਰੇ ਪਾਤਸ਼ਾਹ ਕਹਿੰਦੇ ਹਨ, ਸਾਰਿਆਂ ਵਿੱਚ, ਸਾਰੇ ਗੁਣ ਨਹੀਂ ਹੋ ਸਕਦੇ। ਤੂੰ ਸਤਿਗੁਰ ਤੇ ਭਰੋਸਾ ਰੱਖ, "ਤੁਧੁ ਰਾਖੈਗਾ ਸਿਰਜਣਹਾਰ॥"

ਤਿਲੰਗ ਰਾਗ ਵਿੱਚ, ਪੰਜਵੇਂ ਪਾਤਸ਼ਾਹ ਦਾ ਉਚਾਰਿਆ ਹੋਇਆ ਇਹ ਸ਼ਬਦ, ਬਹੁਤ ਗਹਿਰਾ ਵਿਗਿਆਨ ਸੰਭਾਲ ਰੱਖਿਆ ਹੈ। ਕਈ ਵਾਰ, ਜ਼ਿੰਦਗੀ ਵਿੱਚ, ਹਨੇਰਾ ਘਿਰ ਆਉਂਦਾ ਹੈ। ਨਾਲ ਹੀ ਹਨੇਰੀ, ਝੱਖੜ, ਵਰਖਾ ਸ਼ੁਰੂ ਹੋ ਜਾਵੇ। ਕਹਿੰਦੇ ਹਨ, ਵਿਪੱਤੀ ਇਕੱਲਿਆਂ ਨਹੀਂ ਆਉਂਦੀ। ਨਾਲ ਦੁੱਖਾਂ ਦਾ ਜੱਥਾ ਲੈ ਆਉਂਦੀ ਹੈ। ਨੇੜੇ ਦੇ ਸਾਕ-ਸੰਬੰਧੀ ਸਾਥ ਛੱਡ ਜਾਂਦੇ ਹਨ ਅੱਖਾਂ ਅੱਗੇ ਹਨੇਰਾ... ਮਨ ਵਿੱਚ ਗਹਿਰੀ ਨਿਰਾਸ਼ਾ। ਖੁਦਕੁਸ਼ੀ, ਇੱਕੋ ਰਾਹ, ਖੁੱਲ੍ਹਾ ਦਿਸਦਾ ਹੈ। ਅੱਜ ਦਾ ਇਹੋ ਸੱਚ ਹੈ। ਵਿਦਿਆਰਥੀ, ਵਾਪਾਰੀ, ਮੁਲਾਜ਼ਮ, ਦੁੱਖਾਂ ਦੀ ਮਾਰੀ ਨਾਰੀ... ਕਰਜ਼ੇ ਅਤੇ ਬਦਨਾਮੀ

ਦਾ ਮਾਰਿਆ ਮਰਦ... ਹਰ ਘੰਟੇ, ਦੁਨੀਆਂ ਵਿੱਚ, ਹਜ਼ਾਰਾਂ... ਹਰ ਰੋਜ਼ ਡੇਢ ਲੱਖ ਸੁਸਾਈਡ ਹੋ ਰਹੇ ਹਨ। ਇਹ ਸਾਰੇ ਦੁੱਖਾਂ ਤੋਂ ਡੋਲੇ ਹੋਏ ਹਨ। ਤਾਂ ਪਾਤਸ਼ਾਹ, ਬੇਸਹਾਰੇ ਅਤੇ ਦੁਸ਼ਮਣਾਂ ਤੋਂ ਘਿਰੇ ਹੋਏ ਮਨੁੱਖ ਨੂੰ, ਇੱਕ ਸ਼ਕਤੀਸ਼ਾਲੀ ਸਹਾਰੇ ਦੀ ਪੇਸ਼ਕਸ਼ ਕਰਦੇ ਹਨ—"ਤੁਧੁ ਰਾਖੈਗਾ ਸਿਰਜਣਹਾਰ।"

ਜੀਵਨ, ਨਦੀ ਦੇ ਪ੍ਰਵਾਹ ਵਾਂਗ ਹੈ। ਰਸਤੇ ਦੇ ਪਹਾੜਾਂ, ਘਾਟੀਆਂ, ਪੱਥਰਾਂ, ਨਾਲ ਸੰਘਰਸ਼ ਕਰਦਿਆਂ, ਆਪਣਾ ਰਾਹ ਬਣਾਉਂਦਿਆਂ, ਮੁਕਾਮ ਨੂੰ ਪ੍ਰਾਪਤ ਕਰਨਾ ਹੀ ਇਸ ਦਾ ਲਕਸ਼ ਹੈ। ਮਾਰਗ ਦਾ ਸੰਘਰਸ਼, ਭਾਗਾਂ ਦੀ ਨੀਅਤੀ ਅਤੇ ਹਾਲਾਤ ਤੋਂ ਉਪਜੀ ਸਮੱਸਿਆ ਸਮਝ ਕੇ ਸਵੀਕਾਰ ਕਰਨਾ ਚਾਹੀਦਾ ਹੈ। ਹੋਰ ਕੋਈ ਅਵਿਲੰਬ, ਕੋਈ ਸਹਾਰਾ ਨਾ ਰਹਿ ਜਾਏ ਤਾਂ ਆਪਣੇ ਗੁਰੂ-ਬਚਨਾਂ ਦੀ ਸਿਮ੍ਰੀਤੀ ਨੂੰ ਨਾਲ ਲੈ ਕੇ ਸਮੱਸਿਆ ਦੇ ਸਿਰ 'ਤੇ ਪੈਰ ਰੱਖ ਕੇ, ਅੱਗੇ, ਸਮਾਧਾਨ ਦੀ ਸੰਭਾਵਨਾ ਤਲਾਸ਼ ਵੱਲ ਵੱਧ ਜਾਣਾ ਚਾਹੀਦਾ ਹੈ।

ਸੰਨ ਈਸਵੀ ਤੋਂ ਤਕਰੀਬਨ 350 ਸਾਲ ਪਹਿਲਾਂ, ਹਿੰਦੁਸਤਾਨ (ਉਸ ਵੇਲੇ ਦਾ ਨਾਂ, ਆਰਿਆਵਰਤ) ਤੇ ਨੰਦ ਵੰਸ਼ ਦੇ, ਰਾਜਾ ਧਨਾਨੰਦ ਦਾ ਰਾਜ ਸੀ। ਮਿਥਿਆ ਦੰਭੀ ਅਤੇ ਹੰਕਾਰੀ ਰਾਜਾ। ਤਖਸ਼ਿਲਾ, ਪੰਜਾਬ ਪ੍ਰਾਂਤ ਵਿੱਚ ਰਾਵਲਪਿੰਡੀ ਅਤੇ ਸਰਹੱਦੀ ਇਲਾਕੇ ਦੇ ਪਖਤੁਨਖਵਾ ਦੇ ਵਿਚਾਲੇ, ਪ੍ਰਾਚੀਨ ਅਤੇ ਸਮ੍ਰਿੱਧ ਰਾਜਧਾਨੀ, ਤਖਸ਼ਿਲਾ। ਵਿਦਵਾਨ ਵਿਸ਼ਨੂ ਗੁਪਤ, ਮਹਾਂਮੰਤਰੀ ਸੀ। ਇੱਕ ਦਿਨ, ਰਾਜ ਦਰਬਾਰ ਸਜਿਆ ਹੋਇਆ ਸੀ। ਰਾਜ-ਵਿਕਾਸ ਦੀ ਸੰਭਾਵਨਾ ਤੇ ਵੀਚਾਰ ਮੰਥਨ ਚਲ ਰਿਹਾ ਸੀ। ਕਈਆਂ ਨੇ ਵਿਕਾਸ ਲਈ ਲੋੜੀਂਦੇ ਧਨ ਲਈ, ਨਵੇਂ ਟੈਕਸ ਲਾਉਣ ਦੀ ਸਲਾਹ ਦਿੱਤੀ। ਕਿਸੇ ਮਜ਼ਬੂਤ ਸੁਰੱਖਿਆ ਪ੍ਰਣਾਲੀ ਹਿੱਤ, ਸੈਨਾ ਵਿੱਚ ਵਾਧਾ ਅਤੇ ਅਸਤਰ-ਸ਼ਸਤਰ ਵਿਕਾਸ 'ਤੇ ਜ਼ੋਰ ਦਿੱਤਾ। ਮਹਾਂਮੰਤਰੀ ਵਿਸ਼ਨੂੰ ਗੁਪਤ, ਵੇਲੇ ਦੇ ਵਿਖਿਆਤ ਗੁਰੂ "ਚਣਕ" ਤੋਂ ਸਿਖਿਆ ਪ੍ਰਾਪਤ ਕਰਨ ਕਰ ਕੇ "ਚਾਣਕਿਆ" ਨਾਂ ਨਾਲ ਪ੍ਰਸਿੱਧ ਹੋ ਚੁੱਕੇ ਸਨ। ਗੁਰੂ ਤੋਂ ਪ੍ਰਾਪਤ ਗਿਆਨ ਤੋਂ ਆਤਮਿਕ ਸ਼ਕਤੀ ਸੰਪੰਨ ਚਾਣਕਿਆ ਨੇ ਕਿਹਾ, "ਸਿਖਿਆ" ਅਤੇ "ਕੁਸ਼ਲ ਨੀਤੀ" ਦੋ ਥੰਭ ਹਨ, ਵਿਕਾਸ ਦੇ। ਇੱਕ ਆਚਾਰਿਆ, ਵਿਦਿਆਰਥੀ ਨੂੰ ਸਰਵਅੰਗੀ ਸਿਖਿਆ ਦੇ ਕੇ ਆਤਮ ਨਿਰਭਰ ਰਾਜ ਲਈ, ਲਾਜ਼ਮੀ, ਕੁਸ਼ਲ, ਕਿਸਾਨ, ਰਾਸ਼ਟਰ ਭਗਤ ਜਵਾਨ, ਤਕਨੀਕ ਦੇ ਮਾਹਿਰ ਸ਼ਿਲਪਕਾਰ, ਕਲਾਕਾਰ ਅਤੇ ਲਘੂ ਉਦਯੋਗ ਦੇ ਵਿਸ਼ੇਸ਼ੱਗ, ਸਮਰਪਿਤ ਕਰਦਾ ਹੈ ਅਤੇ ਰਾਜ ਦਰਬਾਰ ਦਾ ਯੋਗ ਮੰਤਰੀ, ਚਾਪਲੂਸੀ, ਕਾਟੂਕਾਰਤਾ ਅਤੇ ਰਾਜੇ ਦੀ ਛਣਿਕ ਵਾਹਵਾਹੀ ਦੀ ਪਰਵਾਹ ਨਾ ਕਰਦੇ ਹੋਏ, ਪ੍ਰਜਾ ਦੇ ਹੱਕ ਅਤੇ ਸੱਚ ਦੀ ਆਵਾਜ਼ ਬੁਲੰਦ ਕਰੇ... ਭ੍ਰਿਸ਼ਟਾਚਾਰ ਮੁਕਤ ਅਤੇ ਨਿਆਂਵਾਦੀ ਪ੍ਰਸ਼ਾਸਨ ਵਿਵਸਥਾ ਦੀ ਸਥਾਪਨਾ ਲਈ ਸੰਕਲਪ ਕਰੇ। ਹੰਕਾਰੀ ਰਾਜਾ, ਧਨਾਨੰਦ ਨੇ, ਭਰੇ ਦਰਬਾਰ, ਮਹਾਂਮੰਤਰੀ ਚਾਣਕ ਦਾ ਅਪਮਾਨ ਕੀਤਾ। "ਮੇਰੇ ਦਿੱਤੇ ਹੋਏ ਪੈਸਿਆਂ-ਟੁਕੜਿਆਂ ਤੇ ਪਰਿਵਾਰ ਪਾਲਣ ਵਾਲੇ ਮੰਤਰੀ, "ਰਾਜ" ਦੀ ਕੀ ਸਹਾਇਤਾ ਕਰ ਸਕਦੇ ਹਨ। ਮੇਰੀ ਕ੍ਰਿਪਾ ਕਰ ਕੇ, ਮਹਾਂਮੰਤਰੀ, ਤੂੰ ਇਸ

ਆਸਨ 'ਤੇ ਬਿਰਾਜਮਾਨ ਹੈ। ਹਰ ਮੰਤਰੀ ਨੂੰ, ਰਾਜੇ ਦੀ ਰਜ਼ਾ ਪ੍ਰਤੀ ਸਮਰਪਿਤ ਰਹਿਣਾ ਚਾਹੀਦਾ ਹੈ। ਕਹਿੰਦੇ ਹਨ, ਗੁਰੂ ਤੋਂ ਪ੍ਰਾਪਤ ਵਿਦਿਆ ਤੋਂ ਸਮ੍ਰਿੱਧ ਚਾਣਕ ਦਾ ਆਤਮਬਲ ਭਰੇ ਦਰਬਾਰ ਵਿੱਚ ਪ੍ਰਗਟ ਹੋਇਆ। ਉਸੇ ਖਿਨ, ਚਾਣਕਿਆ, ਆਸਨ ਤਿਆਗ ਕੇ ਉਠ ਖਲੋਤਾ। ਗਰਜਵੀਂ ਆਵਾਜ਼ ਵਿੱਚ ਘੋਸ਼ਣਾ ਕੀਤੀ, "ਮੈਂ ਇਸੇ ਵੇਲੇ, ਤੇਰੇ ਜਿਹੇ ਹੰਕਾਰੀ ਰਾਜੇ ਦਾ, ਮਹਾਂਮੰਤਰੀ ਪਦ ਦਾ ਤਿਆਗ ਕਰਦਾ ਹਾਂ। ਇੱਕ ਸੱਚੇ ਆਚਾਰਿਆ ਦੀ ਸ਼ਕਤੀ ਵਿੱਚ ਸਤਿਆ ਹੋਈ ਤਾਂ, ਨੰਦਵੰਸ਼ ਦਾ ਨਾਸ਼ ਕਰ ਕੇ, ਪ੍ਰਜਾ ਪਾਲਕ ਸ਼ਾਸਕ ਦਾ ਰਾਜ ਸਥਾਪਿਤ ਕਰਾਂਗਾ। ਉਸੇ ਵੇਲੇ, ਦਰਬਾਰ 'ਚੋਂ ਬਾਹਰ ਨਿਕਲ ਗਿਆ। ਭੇਡਾਂ-ਬੱਕਰੀਆਂ ਚਾਰਦੇ ਹੋਏ, ਇੱਕ ਕਿਸ਼ੋਰ ਬਾਲਕ, ਚੰਦਰਗੁਪਤ ਨੂੰ, ਰਾਜ, ਅਰਥ, ਯੁੱਧ, ਧਰਮ, ਸਾਰੀਆਂ ਨੀਤੀਆਂ ਵਿੱਚ ਨਿਪੁੰਨ ਕਰ ਕੇ, ਸੈਨਾ ਦਾ ਸੰਗਠਨ ਕੀਤਾ। ਹਮਲਾ ਕਰ ਕੇ, ਰਾਜਾ ਧਨਾਨੰਦ ਨੂੰ ਪਰਾਸਤ ਕਰ ਕੇ, ਚੰਦਰਗੁਪਤ ਦੇ ਅਧੀਨ ਮੌਰਿਆ ਵੰਸ਼ ਦਾ ਰਾਜ ਸਥਾਪਿਤ ਕੀਤਾ। ਕੁਸ਼ਲ ਗੁਰੂ ਦੀ ਸਾਪੇਖਿਕ ਸਿੱਖਿਆ, (ਪੌਜਿਟਿਵ ਐਜੂਕੇਸ਼ਨ) ਪ੍ਰਤੀ ਭਰੋਸੇ ਦਾ ਪ੍ਰਤਾਪ, ਇਹ ਹੁੰਦਾ ਹੈ।

ਸੁਖ ਅਤੇ ਦੁਖ, ਭਾਗਾਂ ਦੀ ਨੀਯਤੀ ਵਾਂਗ, ਜੀਵਨ ਵਿੱਚ ਆ ਰਹੀਆਂ ਹਨ, ਜਾ ਰਹੀਆਂ ਹਨ। ਸੁਖ ਦੇ ਵਰ੍ਹੇ ਲੰਘ ਜਾਂਦੇ ਹਨ, ਪਲਕ ਝਪਕੌਂਦਿਆਂ। ਦੁਖ ਦੀ ਇੱਕ ਰਾਤ, ਬਹੁਤ ਔਖੀ ਹੋ ਜਾਂਦੀ ਹੈ। ਕੁਝ ਸਮਝ ਨਹੀਂ ਆਉਂਦਾ। ਅੱਖਾਂ ਖੁੱਲ੍ਹੀਆਂ ਹਨ, ਪਰ ਦਿਸਦਾ ਕੁਝ ਨਹੀਂ। ਨਦੀ ਵਿੱਚ, ਰੋਜ਼ ਇਸ਼ਨਾਨ ਕਰਦੇ ਸਾਂ। ਇੱਕ ਦਿਨ, ਇੱਕ ਖਿਨ ਲਈ, ਨਦੀ ਵਿੱਚ ਨਹਾਉਂਦਿਆਂ, ਪੈਰ ਉਖੜ ਗਏ। ਸਿਰਫ ਇੱਕ ਲਮਹੇ ਵਿੱਚ, ਪਾਣੀ ਦੀ ਧਾਰਾ ਨੇ ਅੰਦਰ ਖਿੱਚ ਲਿਆ। ਬਥੇਰੇ ਹੱਥ-ਪੈਰ ਮਾਰੇ... ਪਰ ਫਿਰ ਪੈਰ ਥਲ ਤੇ ਟਿਕੇ ਨਹੀਂ। ਮੌਤ ਅਚਨਚੇਤ ਸਾਹਮਣੇ ਆ ਖਲੋਤੀ। ਹੇ ਰੱਬਾ! ਮੇਰੀ ਰੂਹ ਵਿੱਚ "ਗਜ" ਦੀ ਆਵਾਜ਼ ਸ਼ਾਮਿਲ ਹੋ ਜਾਏ... ਹੋਰ ਤੂੰ ਬਹੁੜ ਪਵੇਂ।

ਭਾਰਤ ਦੇ ਪੂਰਬ ਰਾਸ਼ਟਰਪਤੀ ਸ੍ਰੀ ਏ.ਪੀ.ਜੇ. ਅਬਦੁਲ ਕਲਾਮ ਦਾ ਜਨਮ, ਸੰਨ 1931 ਨੂੰ, ਦੱਖਣ, ਰਾਮੇਸ਼ਵਰਮ ਵਿਖੇ ਹੋਇਆ ਸੀ। ਸਾਧਾਰਣ ਜਿਹਾ, ਸਮੁੰਦਰੀ ਪੱਥਰ, ਮੋਤੀਆਂ, ਸਿੱਪੀਆਂ ਨਿਰਮਿਤ ਵਸਤੂਆਂ ਵੇਚ ਕੇ ਗੁਜ਼ਾਰਾ ਕਰਦਾ ਪਰਿਵਾਰ। ਪੜ੍ਹਾਈ ਵਿੱਚ ਹੁਸ਼ਿਆਰ ਸਨ। ਸੰਨ 1955, ਤਿਰੁਚਰਾਪੱਲੀ, ਏਅਰੋਟਿਕਸ ਇੰਜੀਨੀਅਰਿੰਗ, ਲਈ ਦਾਖਲਾ ਲਿਆ। ਦਾਖਲੇਯੋਗ, ਉਸ ਸਮੇਂ ਦੀ ਜ਼ਰੂਰੀ ਰਕਮ ਇੱਕ ਹਜ਼ਾਰ, ਡਾ. ਕਲਾਮ ਦੀ ਵੱਡੀ ਭੈਣ ਨੇ ਗਹਿਣੇ ਵੇਚ ਕੇ ਦਿੱਤੇ। ਕਾਲੇਜ ਵਿੱਚ ਪ੍ਰੋ. ਸ੍ਰੀਨਿਵਾਸਨ ਨੇ ਸਪੇਸ ਏਅਰਕ੍ਰਾਫਟ ਦੀ ਡਿਜ਼ਾਈਨਿੰਗ ਦਾ ਪ੍ਰੋਜੈਕਟ ਦਿੱਤਾ। ਤਿੰਨ ਵਿਦਿਆਰਥੀਆਂ ਦਾ ਗਰੁੱਪ ਸੀ। ਤਿੰਨੇ ਲੜਕੇ, ਪਿਛਲੇ 5-6 ਦਿਨਾਂ ਤੋਂ ਜੀਅ ਤੋੜ ਮਿਹਨਤ ਕਰ ਰਹੇ ਸਨ। ਕੋਲੋਂ ਦੀ ਹੋ ਕੇ ਲੰਘਦਿਆਂ, ਪ੍ਰੋ. ਸ੍ਰੀ ਨਿਵਾਸਨ ਖਲੋ ਕੇ ਵੇਖਣ ਲੱਗੇ। ਗੁੱਸੇ ਵਿੱਚ ਭਰ ਕੇ ਬੋਲੇ, "ਇਹ ਕੀ ? ਤੈਨੂੰ ਕਾਲੇਜ 'ਚੋਂ ਕੱਢ ਦੇਣਾ ਹੈ। ਦੋ ਦਿਨਾਂ ਦੇ ਅੰਦਰ ਦੂਸਰਾ ਪ੍ਰੋਜੈਕਟ, ਇੰਜੀਨੀਅਰਿੰਗ ਤਕਨੀਕ ਦੇ ਆਧਾਰ 'ਤੇ ਪਰਫੈਕਟ, ਸਬਮਿਟ ਕਰੋ, ਤੁਹਾਨੂੰ ਇੱਕ ਚਾਂਸ ਦਿੰਦਾ ਹਾਂ। ਰਾਤ ਦਿਨ

ਦੀ ਮਿਹਨਤ ਅਤੇ ਕਲਪਨਾ ਸ਼ਕਤੀ ਦੇ ਆਧਾਰ ’ਤੇ, ਬਣਿਆ ਹੋਇਆ, ਨਵਾਂ ਪ੍ਰਾਜੈਕਟ ਵੇਖ ਕੇ, ਪ੍ਰੋ. ਸ੍ਰੀਨਿਵਾਸਨ, ਖੁਸ਼ ਹੋ ਗਿਆ। ਵੈਲਡੰਨ, ਅਬਦੁਲ ਕਲਾਮ, ਇਹ ਵਾਕਈ ਮੇਰੀ ਸੋਚ ਦਾ ਪਰਫੈਕਟ ਪ੍ਰਾਜੈਕਟ ਹੈ। ਫਿਰ ਹੋਰ ਉਚੇਰੀ ਸਿੱਖਿਆ ਲਈ ਮਦਰਾਸ ਇੰਸਟੀਚਿਊਟ ਆਫ ਟੈਕਨਾਲੋਜੀ (M.I.T.) ਵਿੱਚ ਦਾਖਲਾ ਲਿਆ। ਬਹੁਤ ਚੰਗੇ ਨੰਬਰਾਂ ਨਾਲ ਪਾਸ ਹੋਏ। ਸੰਨ 1963, N.D.A. ਵੱਲੋਂ ਏਅਰਫੋਰਸ ਲਈ ਬਹਾਲੀ ਦੀ ਖ਼ਬਰ ਮਿਲੀ। ਬਹੁਤ ਤਮੰਨਾ ਸੀ, ਮੈਂ ਫ਼ਲਾਈਟ ਲੈਫ਼ਟੀਨੈਂਟ ਬਣਾਂ। ਲੜਾਕੂ ਜਹਾਜ਼ ਉਡਾਵਾਂ। ਦੇਹਰਾਦੂਨ, ਪ੍ਰਵੇਸ਼ ਪ੍ਰੀਖਿਆ ਪਾਸ ਕਰ ਗਏ... ਫ਼ਿਜ਼ੀਕਲ ਟੈਸਟ ਵਿੱਚ ਰਿਜੈਕਟ ਹੋ ਗਏ। ਆਪ ਡਾ. ਕਲਾਮ ਲਿਖਦੇ ਹਨ, ਅੱਖਾਂ ਅੱਗੇ ਨਿਰਾਸ਼ਾ ਦਾ ਗਹਿਰਾ ਹਨੇਰਾ ਘਿਰ ਗਿਆ। ਕੁਝ ਹੋਸ਼ ਨਹੀਂ, ਕਿਵੇਂ ਬਸ ਫੜ ਰਿਸ਼ੀਕੇਸ਼ ਪਹੁੰਚ ਗਿਆ। ਸ਼ਾਇਦ, ਰਾਤ ਦੇ ਵਕਤ ਬੱਸ ’ਤੇ ਬਹਿ ਗਿਆ। ਰਿਸ਼ੀਕੇਸ਼, ਪ੍ਰਭਾਤ ਵੇਲੇ, ਦਿਸ਼ਾਹੀਨ ਜਿਹਾ ਟੁਰਦਾ ਗਿਆ। ਲੱਛਮਣ ਝੂਲਾ ਟੱਪ, ਪਾਰਲੀ ਪਹਾੜੀ ’ਤੇ ਚੜ੍ਹ ਗਿਆ। ਜੀਵਨ ਦਾ ਕੋਈ ਮਕਸਦ ਨਹੀਂ ਸੀ ਰਹਿ ਗਿਆ। ਘਰ ਵਾਲਿਆਂ, ਬਹੁਤ ਤੰਗੀ ਸਹਿ ਕੇ, ਅੱਠ ਸਾਲਾਂ ਦਾ ਖਰਚ ਚੁੱਕਿਆ ਸੀ। ਇੱਕ ਆਸ ਸੀ, ਨੌਕਰੀ ਚੰਗੀ ਲੱਗ ਜਾਣੀ ਏ, ਫਿਰ ਸਾਰੇ ਕਰਜ਼ੇ, ਉਲ੍ਹਾਮੇ ਲੱਥ ਜਾਣਗੇ। ਹੁਣ ਆਸ ਟੁੱਟ ਗਈ... ਸਵਾਸ ਵੀ ਟੁੱਟ ਜਾਣ ਦਿਆਂ। ਉੱਪਰ ਪਹਾੜੀ ’ਤੇ ਚੜ੍ਹ ਕੇ, ਗੰਗਾ ਵਿੱਚ ਛਾਲ ਮਾਰ ਦਿਆਂ। ਪਹਾੜੀ ਦੇ ਕਿਨਾਰੇ ਪਹੁੰਚ ਗਿਆ, ਮਨ ਵਿੱਚ ਅੰਮੀ ਵਾਲਿਦ ਤੋਂ ਮਾਫ਼ੀ ਮੰਗੀ ਔਰ...। ਅਚਾਨਕ ਪਿੱਛੋਂ ਕਿਸੇ ਜੱਫੀ ਪਾ ਲਈ। ਹਿੱਲਣ ਨਾ ਦਿੱਤਾ। ਵੇਖਿਆ, ਗੇਰੂਆ ਧੋਤੀ, ਕੁੜਤਾ, ਮੱਥੇ ’ਤੇ ਵੈਸ਼ਨਵੀ ਤਿਲਕ... ਕੋਈ, ਮਹਾਂਪੁਰਖ ਜਾਪਿਆ। ਬਾਂਹ ਪਕੜ ਨਾਲ ਹੋ ਥੱਲੇ ਨੂੰ ਤੋਰ ਲਿਆ। ਥੱਲੇ, ਇੱਕ ਆਸ਼ਰਮ ਵਿੱਚ ਲੈ ਗਏ। ਇੱਕ ਮੰਦਰ ਸੀ, ਚੜ੍ਹਦੇ ਪਾਸੇ ਰਸੋਈ, ਖੁੱਲ੍ਹੀ-ਡੁੱਲ੍ਹੀ... ਲਹਿੰਦੇ ਪਾਸੇ, ਕੁਝ ਅੱਠ-ਦਸ ਕਮਰੇ... ਇਹ ਵਿਦਿਆਰਥੀਆਂ ਲਈ ਹੈ ਸਨ। ਮਹਾਂਪੁਰਖ ਦੇ ਇਸ਼ਾਰੇ ’ਤੇ, ਦੋ ਵਿਦਿਆਰਥੀ ਮੈਨੂੰ ਇਸ਼ਨਾਨ ਲਈ ਲੈ ਗਏ। ਫਿਰ ਭੋਜਨ ਕਰਵਾਇਆ। ਚਿੱਤ ਥੋੜ੍ਹਾ ਟਿਕ ਚੁੱਕਿਆ ਸੀ। ਇੱਕ ਤਖ਼ਤ ’ਤੇ ਮਹਾਂਪੁਰਖ ਬੈਠੇ ਸਨ... ਮੇਰਾ ਹੱਥ ਫੜ ਕੇ, ਨਾਲ ਹੀ ਤਖ਼ਤ ’ਤੇ ਬਿਠਾ ਲਿਆ। ਪਿਆਰ ਨਾਲ ਮੇਰੇ ਸਿਰ ’ਤੇ ਹੱਥ ਫੇਰਿਆ ਤੇ ਕਿਹਾ, “ਜੀਵਨ ਦਾ ਕੋਈ ਖਿਨ, ਅੰਤਮ ਅਵਸਰ ਨਹੀਂ ਹੁੰਦਾ। ਵਗਦੀ ਹੋਈ ਹਵਾ ਦੀਆਂ ਲਹਿਰਾਂ ਵਾਂਗ, ਕਈ ਅਵਸਰ ਛੂਹ ਕੇ ਲੰਘ ਰਹੇ ਹਨ। ਇੱਕ ਥਾਂ ਅਸਫਲ ਹੋਇਆ... ਪਰਮਾਤਮਾ ਤੈਥੋਂ ਕੋਈ ਵੱਡਾ ਕੰਮ ਲੈਣਾ ਚਾਹੁੰਦਾ ਹੈ। ਨਿਰਾਸ਼ਾ, ਕਾਇਰਾਂ ਦਾ ਸ਼ਬਦ ਹੈ। ਪ੍ਰਮਾਤਮਾ ’ਤੇ ਭਰੋਸਾ ਰੱਖੋ ਔਰ ਅੱਗੇ ਵਧੋ!”

ਉਹੀ ਅਬਦੁਲ ਕਲਾਮ, 1998 ਵਿੱਚ ਪੋਖਰਨ, ਨਿਯੂਕਲੀਅਰ ਬਲਾਸਟ ਕੀਤਾ, ਭਾਰਤ ਲਈ ਪਰਮਾਣੂ ਸ਼ਕਤੀ ਸੰਪੰਨ ਮਿਸਾਈਲ, “ਅਗਨੀ” ਅਤੇ “ਪ੍ਰਿਥਵੀ” ਦਾ ਸਫਲ ਪ੍ਰਯੋਗ ਕੀਤਾ। ਮਿਸਾਈਲਮੈਨ ਨਾਲ ਮਸ਼ਹੂਰ ਹੋਏ। ਬਸ ਇਕ ਖਿਨ ਅਤਿ ਨਿਰਾਸ਼ਾ ਦਾ... ਸਤਿਗੁਰ ਆਵਾਜ਼ ਦਿੰਦੇ ਹਨ ਉਸ ਵੇਲੇ,

“ਤੂੰ ਕਾਹੇ ਡੋਲਹਿ ਪ੍ਰਾਣੀਆ ਤੁਧੁ ਰਾਖੈਗਾ ਸਿਰਜਣਹਾਰ”

# ਧਰਮ ਗੁਰੂ : ਭਾਰਤ

ਭਾਰਤ, ਅਰੁਣਾਂਚਲ-ਪ੍ਰਦੇਸ਼ ਕਿਹਾ ਗਿਆ। ਭਗਵਾਨ ਸੂਰਜ, ਪੂਰਵਾਂਚਲ 'ਚ ਜਦ ਉਦੈ ਹੋਇਆ, ਤਾਂ ਸੂਰਜ ਦੀਆਂ ਕਿਰਨਾਂ ਦੇ ਨਾਲ-ਨਾਲ ਸੱਭਿਅਤਾ-ਵਿਕਾਸ ਦਾ ਪ੍ਰਸਾਰ ਭੀ, ਸਭ ਤੋਂ ਪਹਿਲਾਂ, ਭਾਰਤ ਵਿੱਚ ਹੋਇਆ। ਕਾਸਮੋਸ 'ਚੋਂ... ਬ੍ਰਹਮਾਂਡੀ ਚੇਤਨਾ ਗ੍ਰਹਿਣ ਕਰ ਕੇ ਹਜ਼ਾਰਾਂ ਸਾਲ ਪਹਿਲਾਂ, ਭਾਰਤੀ ਰਿਸ਼ੀਆਂ-ਮੁਨੀਆਂ ਅਤੇ ਅਚਾਰਿਆਂ ਨੇ, ਕੁਦਰਤ ਦੇ ਐਸੇ ਰਹੱਸ ਲੱਭ ਲਏ, ਜਿਸ ਨੂੰ ਸਮਝਣ ਲਈ, ਅੱਜ ਵੀ ਦੁਨੀਆਂ ਦੇ ਵਿਗਿਆਨੀ, ਦਿਮਾਗ ਖਪਾ ਰਹੇ ਹਨ।

ਤਕਰੀਬਨ ਸੱਤ ਹਜ਼ਾਰ ਤੋਂ ਅੱਠ ਹਜ਼ਾਰ ਸਾਲ ਪਹਿਲਾਂ, ਵੈਦਿਕ-ਯੁੱਗ ਵਿੱਚ, ਗੁਰੂ ਬੰਦਨਾ ਦੇ ਸੰਦਰਭ ਵਿੱਚ, ਉਚਾਰੇ ਹੋਏ ਸ਼ਲੋਕ ਵਿੱਚ, ਧਰਤੀ ਦੇ ਮੰਡਲ ਆਕਾਰ, ਗੋਲ ਆਕਾਰ ਦੀ ਸੋਝੀ ਪ੍ਰਗਟ ਕੀਤੀ ਗਈ—

"ਅਖੰਡ ਮੰਡਲਾਕਾਰਮੁ ਵਿਆਪਤੰ ਯੇਨ ਚਰਾਚਰਮ॥
ਤਦ ਪਦਮੁ ਦਰਸ਼ਿੰਤ ਯੇਨ, ਤਸਮੈ ਸ੍ਰੀ ਗੁਰਵੇ ਨਮਹ॥"

ਮੰਡਲ ਦਾ ਵਿਸ਼ੇਸ਼ਣ, ਗੋਲ ਹੈ। ਮੰਡਲ ਆਕਾਰਮ ਅਰਥਾਤ, ਧਰਤੀ ਗੋਲ ਹੈ। ਉਦੋਂ, ਅੱਜ ਦੇ ਤਥਾਕਥਿਤ ਵਿਕਸਤ ਮੁਲਕ, ਇੰਗਲੈਂਡ, ਅਮੇਰਿਕਾ ਜਿਹੇ ਪੱਛਮੀ ਸੱਭਿਅਤਾ ਦੇ ਲੋਕ, ਧਰਤੀ ਨੂੰ ਚਿਪਟਾ ਕਹਿੰਦੇ ਸਨ। ਹੋਰ, ਉਨ੍ਹਾਂ ਦੀ ਮਾਨਤਾ ਸੀ ਕਿ ਧਰਤੀ ਸਥਿਰ ਹੈ, ਸੂਰਜ ਧਰਤੀ ਦੀ ਪਰਿਕਰਮਾ ਕਰ ਰਿਹੈ। 16ਵੀਂ ਸਦੀ ਵਿੱਚ, ਇਟਲੀ ਦੇ ਖਗੋਲ ਵਿਗਿਆਨੀ ਗਲੈਲੀਓ ਨੇ ਪਹਿਲੀ ਵਾਰ ਮੰਨਿਆ ਅਤੇ ਘੋਸ਼ਣਾ ਕੀਤੀ ਕਿ ਧਰਤੀ ਗੋਲ ਹੈ, ਅਤੇ ਸਾਰੇ ਉਪਗ੍ਰਹਿ, ਸੂਰਜ ਦੀ ਪਰਿਕਰਮਾ ਕਰ ਰਹੇ ਹਨ। ਇਹ ਸਿਧਾਂਤ, ਪੱਛਮੀ ਵਿਦਵਾਨਾਂ ਅਤੇ ਹੁਕਮਰਾਨਾਂ ਨੂੰ ਬਾਈਬਲ ਸਿਧਾਂਤ ਦੇ ਉਲਟ ਲੱਗਾ। ਪੱਛਮ ਦਾ ਲੋਕ-ਮਤਿ, ਗਲੈਲੀਓ ਦੇ ਖਿਲਾਫ਼ ਭੜਕ ਗਿਆ। ਗਲੈਲੀਓ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਈਸਾਈ ਧਰਮ ਆਸਥਾ ਦੇ ਵਿਰੁੱਧ ਘੋਸ਼ਣਾ ਕਰਨ ਦੇ ਜੁਰਮ ਵਿੱਚ। 77 ਸਾਲ ਦੀ ਉਮਰ ਵਿੱਚ 1642 ਨੂੰ ਜੇਲ੍ਹ ਵਿੱਚ ਹੀ ਪ੍ਰਮੁੱਖ ਵਿਗਿਆਨੀ ਦੀ ਮੌਤ ਹੋ ਗਈ। ਅੱਜ ਵਿਗਿਆਨ, ਬ੍ਰਹਿਮੰਡ ਦੇ ਨੌਂ ਪ੍ਰਮੁੱਖ ਗ੍ਰਿਹਾਂ ਬਾਬਤ ਦੱਸਦਾ ਹੈ। ਸੰਨ 1958 ਵਿੱਚ, "ਨਾਸਾ" ਦੇ ਵਿਗਿਆਨੀਆਂ ਨੇ ਖੋਜ ਆਰੰਭ ਕੀਤੀ ਅਤੇ ਸੰਨ 1966 ਵਿੱਚ ਮੁਕੰਮਲ ਤੌਰ 'ਤੇ ਨੌਂ ਗ੍ਰਿਹਾਂ ਦੇ ਨਾਂ ਅਤੇ ਉਪਸਥਿਤੀ ਘੋਸ਼ਤ ਕੀਤੀ। ਹਜ਼ਾਰਾਂ ਸਾਲਾਂ ਤੋਂ ਭਾਰਤੀ ਜੋਤਿਸ਼ਵਿਦ, ਨੌਂ ਗ੍ਰਹਿਾਂ ਦੇ ਗਣਿਤ ਦੇ ਆਧਾਰ 'ਤੇ ਸੂਰਜ ਗ੍ਰਹਿਣ, ਚੰਦਰ ਗ੍ਰਹਿਣ, ਜਨਮ ਕੁੰਡਲੀ ਬਾਬਤ ਵਿਸਥਾਰ ਨਾਲ ਦੱਸਦੇ ਰਹੇ। ਪਿੰਡ-ਪਿੰਡ, ਘਰ-ਘਰ ਜਾ ਕੇ ਪੰਡਿਤ ਜੀ, ਹੱਥ ਵਿੱਚ ਜੱਲ ਦੀ ਬੁੱਕ ਭਰ ਕੇ ਨੌਂ ਗ੍ਰਹਿ ਸ਼ਾਂਤੀ ਲਈ, ਮੰਤਰ ਪੜ੍ਹਦੇ ਸਨ—

ਓਮ ਬ੍ਰਹਮਾ, ਮੁਰਾਰੀ; ਤ੍ਰਿਪੁਰਾਂਤਕਾਰੀ,

"ਭਾਨੂ, ਸ਼ਸ਼ੀ, ਭੂਮੀ ਸੁਤੌ, ਬੁੱਧਸ਼ਚ, ਗੁਰੂ, ਸ਼ੁਕ੍ਰ, ਸਨਿਸ਼ਚਰਃ, ਰਾਹੂ, ਕੇਤੂ, ਸਰਵ ਗ੍ਰਹਃ ਸ਼ਾਂਤਃ ਭਵੰਤੂ।"

ਅਰਥ—ਹੇ ਬ੍ਰਹਮਾ, ਵਿਸ਼ਨੂੰ, ਸ਼ਿਵਜੀ!

ਸੂਰਜ, ਚੰਦਰਮਾ, ਧਰਤੀ ਪੁੱਤਰ (ਮੰਗਲ) ਬੁੱਧ, ਗੁਰੂ, ਸ਼ੁੱਕਰ, ਸ਼ਨੀ, ਰਾਹੂ ਅਤੇ ਕੇਤੂ, ਸਾਰੇ ਗ੍ਰਹਿ ਸ਼ਾਂਤ ਕਰੋ।

"ਨਾਸਾ" ਦੀ ਸਥਾਪਨਾ ਤੋਂ ਥੋੜ੍ਹਾ ਸਮਾਂ ਪਹਿਲਾਂ, ਸੰਨ 1956 ਵਿੱਚ ਅਮੇਰਿਕਾ ਵਿੱਚ ਹੋਈ, ਨੌਂ ਗ੍ਰਿਹਾਂ ਦਾ ਖੋਜ ਪੱਤਰ 1965 ਵਿੱਚ ਜਾਰੀ ਹੋਇਆ, ਪਰ ਭਾਰਤੀ-ਜੋਤਿਸ਼ ਸ਼ਾਸਤਰ ਨੇ, ਵੈਦਿਕ ਕਾਲ ਵਿੱਚ ਹੀ, ਇਹਨਾਂ ਦੀ ਭਲੀ ਭਾਂਤ ਸ਼ਨਾਖਤ ਕਰ ਲਈ ਸੀ। ਨਾ ਸਿਰਫ ਸ਼ਨਾਖਤ ਕੀਤੀ, ਸਗੋਂ ਇਹਨਾਂ ਦੇ ਗੁਣ, ਸੁਭਾਅ, ਸਮੇਂ ਅਨੁਸਾਰ ਤਬਦੀਲ ਹੁੰਦੀ ਹੋਈ ਸਥਿਤੀ ਅਤੇ ਉਹਨਾਂ ਦੇ ਪ੍ਰਭਾਅ, ਦੋਸ਼ ਵੀ ਲੱਭ ਲਏ। ਖਗੋਲ ਵਿੱਚ ਹੋਣ ਵਾਲੇ ਗ੍ਰਹਿ ਪ੍ਰੀਵਰਤਨ ਕਰ ਕੇ, ਧਰਤੀ ਦੇ ਜੀਅ, ਜਲਵਾਯੂ ਅਤੇ ਕੁਦਰਤ ਦੇ ਪ੍ਰਕੋਪ ਬਾਬਤ ਵੀ ਜਾਣਕਾਰੀ ਹੈ ਸੀ। ਅੱਜ ਨਾਸਾ ਜਾਂ ਇਸਰੋ ਸ਼ਕਤੀਸ਼ਾਲੀ ਟੈਲੀਸਕੋਪ ਜਾਂ ਦੂਰਬੀਨ ਰਾਹੀਂ ਵੱਖ-ਵੱਖ ਗ੍ਰਿਹਾਂ ਦੀ ਚਾਲ, ਅਤੇ ਗਤੀ (Speed) ਦੇ ਅਨੁਸਾਰ, ਸੂਰਜ ਗ੍ਰਹਿਣ ਜਾਂ ਚੰਦਰ ਗ੍ਰਹਿਣ ਦੀ ਥਿਤਿ ਅਤੇ ਸਮਾਂ ਦੱਸਦੇ ਹਨ। ਪਰ ਹਜ਼ਾਰਾਂ ਸਾਲਾਂ ਤੋਂ ਵਿਕਸਿਤ ਭਾਰਤੀ ਖਗੋਲ ਵਿਗਿਆਨ, ਪੰਚਾਂਗ ਵੇਖ ਕੇ, ਇਹਨਾਂ ਗ੍ਰਹਿਣਾਂ ਦੀ ਸਟੀਕ ਦੱਸ ਪਾ ਦਿੰਦੇ ਸਨ। ਅੱਜ ਵੀ ਆਮ ਭਾਰਤੀ ਜਨ-ਮਾਨਸ, ਗ੍ਰਹਿਣ, ਏਕਾਦਸ਼ੀ, ਪੂਰਨਮਾਸ਼ੀ ਦੀ ਪੁੱਛ ਗਿੱਛ, ਇਹਨਾਂ ਪੋਥੀ ਪੰਚਾਂਗ ਲਈ ਫਿਰਦੇ ਹੋਏ, ਪੰਡਿਤਾਂ ਤੋਂ ਹੀ ਕਰਦੇ ਹਨ... ਨਾਸਾ ਜਾਂ ਇਸਰੋ ਤੋਂ ਨਹੀਂ ਪੁੱਛਦੇ।

ਦੁਨੀਆਂ ਦੇ ਗਣਿਤੱਗ, ਇਹ ਮੰਨਦੇ ਹਨ ਕਿ "ਸੁੰਨ" ਦੀ ਖੋਜ, ਭਾਰਤ ਦੇ ਆਰਿਆ ਭੱਟ ਨੇ ਸੰਨ 520 ਵਿੱਚ ਕੀਤੀ, ਤਾਂ ਗਣਿਤ ਦੀ ਗਣਨਾ ਆਰੰਭ ਹੋਈ। ਇਹ "ਸੁੰਨ" ਬਹੁਤ ਪਹਿਲਾਂ, ਵੇਦ-ਰਚਨਾ ਕਾਲ ਤੋਂ, ਰਿਸ਼ੀ-ਮੁਨੀ, ਆਚਾਰਿਆ, ਗੁਰੂ, ਖੋਜ ਕਰ ਬੈਠੇ ਸਨ। ਗਣਿਤ ਵਿਗਿਆਨ ਅਤੇ ਆਯੁਰਵਿਗਿਆਨ ਵੇਦਾਂ ਦੇ ਹੀ ਅੰਗ ਹਨ। "ਸੁੰਨ" ਨੂੰ ਸ੍ਰਿਸ਼ਟੀ ਦੇ ਉਤਪਾਦ ਅਤੇ ਵਿਨਾਸ਼ ਦਾ ਕੇਂਦਰ ਘੋਸ਼ਿਤ ਕੀਤਾ।

"ਸੁੰਨਯਃ ਸ੍ਰਿਸ਼ਟਿ ਸ੍ਰਿਜਤਾਃ" -ਸੁੰਨ ਹੀ ਸ੍ਰਿਸ਼ਟੀ ਦਾ ਸਿਰਜਕ ਹੈ। ਸੱਚ ਤਾਂ ਇਹ ਹੈ ਕਿ ਵੇਦਾਂ ਦੀ ਰਚਨਾ ਤੋਂ ਵੀ ਬਹੁਤ ਪਹਿਲਾਂ, ਭਾਰਤੀ ਮੁਨੀ ਜਨ ਆਪ ਸੁੰਨ ਵਿੱਚ ਸਥਿਤ ਹੋਣ ਦਾ ਅਭਿਆਸ ਕਰਦੇ ਰਹੇ। ਸੁੰਨ ਦੀ ਮਹੱਤਤਾ, ਬਹੁਤ ਪਹਿਲਾਂ ਸਮਝ ਚੁੱਕੇ ਸਨ। ਪੰਜ ਹਜ਼ਾਰ ਸਾਲ ਪਹਿਲਾਂ, ਭਗਵਾਨ ਸ੍ਰੀ ਕ੍ਰਿਸ਼ਨ ਨੇ, ਗੀਤਾ-ਉਪਦੇਸ਼ ਦੇ ਸੰਦਰਭ ਵਿੱਚ, ਅਰਜੁਨ ਨੂੰ ਕਰਮਫਲ ਦੀ ਆਸਾ ਤੋਂ ਰਹਿਤ, ਸੁੰਨ ਵਿੱਚ ਸਥਿਤ ਹੋ ਕੇ "ਮਹਾਂਭਾਰਤ" ਵਿੱਚ ਪ੍ਰਵੇਸ਼ ਦਾ ਮੰਤਰ ਦਿੰਦੇ ਹਨ। ਇਸ ਵਿੱਚ ਹੋਣ ਵਾਲੀਆਂ ਮੌਤਾਂ, ਮੋਹ, ਜੀਵਨ ਦੀ ਆਸ ਸਭ ਤਿਆਗ ਦੇ। "ਕਰਮਨਯੇ ਵਾਧਿਕਾ ਰਸਤੂ ਮਾਂ ਫਲੇਸੁ ਕਦਾਚਨ" ਸੁੰਨ ਦੇ ਯੋਗ ਵਿੱਚ ਹੋ ਜਾਣਾ ਅਰਥਾਤ ਸਿਰਜਨਹਾਰ

ਦੇ ਯੋਗ ਵਿੱਚ ਹੋ ਜਾਣਾ। ਅੱਜ ਦੇ ਨਾਂਗੇ, ਸੰਨਿਆਸੀਆਂ ਦੀ ਗੱਲ ਤਾਂ ਅਸੀਂ ਕੁਝ ਨਹੀਂ ਕਰ ਸਕਦੇ, ਪਰ ਢਾਈ ਹਜ਼ਾਰ ਸਾਲ ਪਹਿਲਾਂ ਦੇ ਮਹਾਂਬੀਰ ਸਵਾਮੀ ਜਾਂ ਨਾਂਗੇ ਸਾਧ, ਘਰ ਵਸਤਰ ਸਭ ਤਿਆਗ ਦਿੱਤੇ। ਦਿਗੰਬਰ ਹੋ ਗਏ... ਇਹ ਦਿਸ਼ਾਵਾਂ ਹੀ ਮੇਰੇ ਵਸਤ੍ਰ ਹਨ, ਕਹਿਣ ਵਾਲੇ, ਯਥਾਰਥ ਵਿੱਚ ਸੁੰਨ ਦੇ ਅਰਥਾਤ "ਅਸੀਮ" ਪਰਮਾਤਮਾ ਦੇ ਨੇੜੇ-ਨੇੜੇ ਹੋਣ ਦੇ ਗਹਿਰੇ ਭਾਵ ਵਿੱਚ ਹੈ ਸਨ। ਮਨੁੱਖ ਦੀ ਪ੍ਰਾਣਸ਼ਕਤੀ... ਮਨੁੱਖ ਦੀ ਊਰਜਾ, ਮਨੁੱਖ ਦੀਆਂ ਵੀਹ ਇੱਛਾਵਾਂ ਦੀ ਪੂਰਤੀ ਵਿੱਚ ਵੰਡ ਕੇ ਕਾਰਜ ਕਰ ਰਹੀਆਂ ਹਨ। ਪਰਿਵਾਰ ਲਈ ਘਰ, ਵਸਤਰ, ਭੋਜਨ, ਕਾਰ-ਵਿਹਾਰ, ਸੇਹਤ, ਮਾਨ ਸਨਮਾਨ... ਵੀਹ ਪਾਸੇ ਧਿਆਨ ਲੱਗਾ ਹੈ। ਸਾਰਿਆਂ ਪ੍ਰਤੀ ਜੁਗਤ ਲਾਉਂਦੇ, ਵੀਹ ਗੁਣਾ ਊਰਜਾ ਖਰਚ ਹੋ ਰਹੀ ਹੈ। ਧਰਮ ਸ਼ਾਸਤਰਾਂ ਕਿਹਾ, ਇੱਛਾਵਾਂ ਅਨੰਤ ਹਨ, ਇਹਨਾਂ ਨੂੰ ਘਟਾਓ। ਜੇ ਵਾਧੂ ਦੀਆਂ ਦੱਸ ਘਟਾ ਦਿੱਤੀਆਂ ਜਾਣ ਤਾਂ ਪ੍ਰਾਣ ਸ਼ਕਤੀ ਦੱਸ ਵਿੱਚ ਖਰਚ ਹੋਵੇਗੀ, ਹੋਰ ਬਚੀ ਰਹੇਗੀ। ਅੱਜ ਵੀ ਵਿਖਾਵੇ ਦੀ ਜ਼ਿੰਦਗੀ ਜੀਊਣ ਵਾਲਾ ਵਿਅਕਤੀ, ਕਰਜ਼ ਵਿੱਚ ਸੁਖ ਦੇ ਸਾਧਨ ਤਾਂ ਲਿਆ ਰਿਹੈ, ਪਰ ਅੰਦਰੋਂ ਜਾਣਦਾ ਹੈ, ਮੇਰੇ ਸਿਰ ਕਿੰਨਾ ਕਰਜ਼ ਹੈ, ਕਿੰਨੀ ਵਿਆਜ ਪੈ ਰਹੀ ਹੈ ਅਤੇ ਕਿੰਨੀ ਕਿਸ਼ਤ ਹਰ ਮਹੀਨੇ ਦੇਣਦਾਰੀ ਹੈ। ਸੋਚ ਵਿੱਚ ਪ੍ਰਾਣ ਸ਼ਕਤੀ ਮੁੱਕ ਰਹੀ ਹੈ। ਤਾਂ ਹੀ ਵਿਖਾਵੇ ਵਾਲਾ ਵਿਅਕਤੀ, ਤੇਜ ਤੋਂ ਹੀਨ, ਅੰਦਰ ਦੀਆਂ ਸੋਚਾਂ ਵਿੱਚ ਡੁੱਬਿਆ ਹੋਇਆ, ਹਰ ਵੇਲੇ ਦੁਖੀ ਰਹਿੰਦਾ ਹੈ। ਜਿਸ ਨੇ ਇੱਛਾਵਾਂ ਘਟਾਈਆਂ, ਉਹ ਸੁਖੀ ਦਿਸਦਾ ਹੈ। ਦੁਖੀ ਮਨੁੱਖ ਸੁਭਾਵਕ ਹੀ ਧਰਮ ਤੋਂ, ਸੁੰਨ ਤੋਂ, ਸਿਰਜਨਹਾਰ ਤੋਂ ਦੂਰ ਹੁੰਦਾ ਹੈ। ਤਾਂ ਰਿਸ਼ੀਆਂ ਨੇ "ਦਮ" ਅਰਥਾਤ ਬ੍ਰਹਮਚਾਰਿਆ ਨੂੰ ਪ੍ਰਪੱਕ ਕੀਤਾ। ਬਹੁਤ ਸਮੇਂ ਮਗਰੋਂ, ਹਾਲਾਂਕਿ ਵੇਖਾ ਵੇਖੀ ਦੇ ਸੰਨਿਆਸੀ "ਢੋਂਗੀ" ਸਾਬਤ ਹੋਏ। ਪਰ ਮੈਂ ਗੱਲ ਆਰੰਭ ਦੀ ਕਰ ਰਿਹਾਂ। ਜਿਨ੍ਹਾਂ ਨੂੰ "ਸੁੰਨ" ਦੀ ਝਲਕ ਜਿਹੀ ਲੱਗੀ, ਉਹ ਹੌਲੀ-ਹੌਲੀ ਨੇੜੇ ਹੁੰਦੇ ਗਏ। ਬਾਹਰ ਦੀਆਂ ਮੰਗਾਂ ਤਾਂ ਮੁਕਾ ਲਈਆਂ। ਅੰਤ ਪੰਜ ਅਤਿ ਜ਼ਰੂਰੀ ਸ਼ੈਅ ਰਹਿ ਗਏ। ਘਰ, ਭੋਜਨ, ਵਸਤਰ, ਸਵਾਸ ਅਤੇ ਨਿੱਜ ਦਾ ਵਜੂਦ! ਹੁਣ 20 'ਚੋਂ 15 ਖਰਚ ਬੰਦ ਹੋ ਗਏ, ਪੰਜ ਰਹਿ ਗਏ। ਉਹ ਸਾਧ ਭਗਤ, ਤੇਜ ਤਪ ਦੇ ਧਨੀ ਦਿੱਸਣ ਲੱਗੇ। ਫਿਰ ਘਰ ਤਿਆਗ ਦਿੱਤਾ, ਸੰਨਿਆਸੀ ਹੋ ਗਏ। ਪਹਾੜਾਂ ਦੀਆਂ ਗੁਫਾਵਾਂ, ਰੁੱਖਾਂ ਹੇਠ ਬਹਿ ਗਏ। ਫਿਰ ਵਸਤਰ ਤਿਆਗ ਦਿੱਤੇ, ਚਾਰ ਦਿਸ਼ਾਵਾਂ ਮੇਰਾ ਵਸਤਰ ਹਨ। ਫਿਰ ਅੰਦਰ ਹੋਰ ਊਰਜਾ ਸੰਚਤ ਹੋ ਗਈ। ਫਿਰ ਭੋਜਨ ਤਿਆਗ ਦਿੱਤਾ। ਬ੍ਰਹਿਮਾਂਡ 'ਚੋਂ, ਕਾਸਮੋਸ ਤੋਂ ਸ਼ਕਤੀ ਖਿੱਚਣ ਲੱਗੇ। ਫਿਰ ਸਵਾਸਾਂ 'ਤੇ ਨਿਯੰਤਰਣ ਕਰ ਲਿਆ। ਸਵਾਸ ਦਸਮ ਦੁਆਰ 'ਤੇ ਚੜ੍ਹਾ ਲੈਂਦੇ। ਹੁਣ ਸਿਰਫ ਇੱਕ ਬਿੰਦੂ ਰਹਿ ਗਿਆ, ਵਜੂਦ ਦਾ ਬੋਧ, ਦੇਹ ਆਸਕਤੀ ਦਾ ਜੁੜਾਅ। ਹੋਰ ਜਦੋਂ ਅੰਤਮ ਖੁੰਟੀ ਬੇੜੀ ਦੀ ਖੋਲ੍ਹੀ, ਸਾਰੀਆਂ ਇੱਛਾਵਾਂ ਦਾ ਅੰਤ ਹੋ ਗਿਆ... ਉਸ ਦਿਨ ਮਨੁੱਖ "ਅਨੰਤ" ਹੋ ਗਿਆ। X-0=X. ਸ੍ਰਿਸ਼ਟੀ ਤੇ ਆਇਆ ਮਨੁੱਖ ਸਿਰਜਨਹਾਰ ਹੋ ਗਿਆ... "ਸੁੰਨ" ਹੋ ਗਿਆ। ਤਾਂ ਭਾਰਤੀ ਰਿਸ਼ੀ-ਮੁਨੀ, ਗੁਰੂ ਸੁੰਨ ਦੀ ਖੋਜ ਕਰ ਸਕੇ, ਕਿਉਂਕਿ ਉਹ ਆਪ "ਸੁੰਨ" ਹੋ ਗਏ।

ਅੱਜ ਦੇ ਜਹਾਜ਼, ਰਾਕੇਟ, ਹਜ਼ਾਰਾਂ ਸਾਲ ਪਹਿਲਾਂ ਦੇ ਉੜਨਖਟੋਲਾ ਦਾ ਹੀ ਸਰੂਪ ਹੈ। ਧਰਮਸ਼ਾਸਤਰਾਂ ਵਿੱਚ ਆਕਾਸ਼ੋਂ ਦੇਵਤਿਆਂ ਦਾ ਵਿਮਾਨ 'ਤੇ ਆਉਣਾ, ਰਾਵਣ ਦਾ ਪੁਸ਼ਪਕ ਵਿਮਾਨ ਤੇ, ਸੀਤਾ ਦਾ ਅਪਹਰਣ ਕਰ ਲੈ ਜਾਣਾ। ਇਹ ਪ੍ਰਸੰਗ-ਕਥਾਵਾਂ ਪ੍ਰਮਾਣ ਹਨ ਕਿ ਉਸ ਵੇਲੇ ਹਵਾਈ ਮਾਰਗ, ਭਾਰਤੀ ਪ੍ਰਭੁੱਧ ਮਾਨਸ ਦੇ ਜ਼ਿਹਨ ਵਿੱਚ ਆਕਾਰ ਲੈ ਚੁੱਕਿਆ ਸੀ।

ਅੱਜ ਸੈਟੇਲਾਈਟ ਨੂੰ ਵਸੀਲਾ ਬਣਾ ਕੇ, ਦੁਨੀਆਂ ਦੇ ਮੋਬਾਇਲਾਂ, ਟੀ.ਵੀ. ਤੇ "ਨੈੱਟਵਰਕ" ਪ੍ਰਾਪਤ ਹੈ। ਅੱਜ ਤੋਂ 1600 ਸਾਲ ਪਹਿਲਾਂ 5ਵੀਂ ਸ਼ਤਾਬਦੀ ਵਿੱਚ, ਕਾਲੀਦਾਸ "ਮੇਘਦੂਤਮ" ਵਿੱਚ, ਆਕਾਸ਼ ਦੇ ਮੇਘਾਂ ਨੂੰ ਸੈਟੇਲਾਈਟ ਰੂਪ ਵਿੱਚ ਵਰਤ ਕੇ, ਨਵੀਂ ਵਿਆਹੀ ਘਰ ਵਾਲੀ ਨੂੰ ਪਰਦੇਸ 'ਚੋਂ ਸੁਨੇਹਾ ਭੇਜਦੇ ਹਨ। "ਮੇਘਦੂਤਮ" ਦਾ ਅਰਥ ਹੈ, ਬੱਦਲਾਂ ਨੂੰ ਦੂਤ ਰੂਪ ਵਿੱਚ ਵਰਤਣਾ।

19ਵੀਂ ਸਦੀ ਵਿੱਚ, 200 ਸੌ ਸਾਲ ਪਹਿਲਾਂ, ਵਿਗਿਆਨ ਨੇ ਸੂਰਜ ਦੀਆਂ ਕਿਰਨਾਂ ਵਿੱਚ ਮੌਜੂਦ "ਸੱਤ ਰੰਗਾਂ" ਦੀ ਖੋਜ ਕੀਤੀ। ਇਹ "ਸਤਰੰਗੀ" ਕਲਪਨਾ ਹਜ਼ਾਰਾਂ ਸਾਲ ਪਹਿਲਾਂ, ਆਦਿ ਕਵੀ, ਬਾਲਮੀਕਿ, ਕਾਲੀਦਾਸ, ਜਾਂ ਰਾਮਾਨੁਜ ਆਚਾਰਿਆ ਜਿਹਿਆਂ ਕਈਆਂ ਨੇ ਕੀਤੀ ਹੈ। ਦੱਖਣ ਦਿਆਂ ਮੰਦਰਾਂ ਵਿੱਚ, ਜਾਂ ਉੜੀਸਾ ਦੇ ਕੋਣਾਰਕ ਮੰਦਿਰ ਵਿੱਚ ਰੱਥ 'ਤੇ ਬਿਰਾਜਮਾਨ ਸੂਰਜ ਨੂੰ , ਸੱਤ ਘੋੜੇ ਖਿੱਚ ਕੇ ਲੈ ਜਾਂਦੇ ਵੇਖੇ ਜਾ ਸਕਦੇ ਹਨ। ਇਹ ਸੱਤ ਘੋੜੇ, ਸੂਰਜ ਦੀਆਂ ਕਿਰਨਾਂ ਵਿੱਚ ਮੌਜੂਦ, ਸੱਤ ਰੰਗ ਦਾ ਪ੍ਰਤੀਕ ਹਨ।

ਤਾਂ ਭਾਰਤ, ਦੁਨੀਆਂ ਦਾ ਗਿਆਨ ਗੁਰੂ ਹੋਣ ਦਾ ਅਧਿਕਾਰੀ ਹੈ ਸੀ। ਇਹ ਉਪਮਾ, ਐਵੇਂ ਨਹੀਂ ਸੀ ਮਿਲੀ। ਪਰ ਮੰਦਭਾਗਾ ਪੱਖ ਹੈ ਕਿ, ਵਧਦੇ ਹੋਏ, ਧਰਮ ਅਡੰਬਰਾਂ ਦੇ ਨਾਲ-ਨਾਲ, ਧਰਮ ਦੇ ਤੱਤ ਵੀ ਸਾਡੇ ਹੱਥੋਂ ਡਿੱਗਦੇ ਗਏ। ਸਾਡਾ ਅਸੀਮ ਗਿਆਨ, ਸਾਡਾ ਵਿਰਸਾ, ਸਾਡਾ ਆਤਮ ਵਿਸ਼ਵਾਸ, ਸਭ ਕੁਝ ਗਵਾਚਦਾ ਗਿਆ। ਖਾਲੀ ਹੱਥ ਰਹਿ ਗਏ।

ਸੋਮਨਾਥ ਮੰਦਿਰ, ਗੁਜਰਾਤ ਦੇ ਸੌਰਾਸ਼ਟਰ ਵਿੱਚ ਸਥਿਤ, ਆਪਣੀ ਨਿਵੇਕਲੀ ਨਿਰਮਾਣ ਕਲਾ, ਵਾਸਤੂ ਕਲਾ ਅਤੇ ਵਿਗਿਆਨੀ ਤਕਨੀਕ ਨਾਲ ਨਿਰਮਿਤ, ਮੁੱਖ ਆਕਰਖਣ ਦਾ ਕੇਂਦਰ ਸੀ। ਕਹਿੰਦੇ ਹਨ। ਰਿਗਵੇਦ ਵਿੱਚ, ਇਸ ਮੰਦਿਰ ਦਾ ਵਰਨਣ ਹੈ। ਕਹਿੰਦੇ ਹਨ, ਚੰਦਰ ਦੇਵਤਾ ਨੇ ਇਸ ਮੰਦਿਰ ਦਾ ਨਿਰਮਾਣ ਕਰਵਾਇਆ। ਇਸ ਮੰਦਿਰ ਵਿੱਚ ਚੁੰਬਕੀ ਸ਼ਕਤੀ ਦੀ ਉਹ ਤਕਨੀਕ ਵਰਤੀ, ਜਿਸ ਦਾ ਗਿਆਨ ਅੱਜ ਦੇ ਵਿਕਸਿਤ ਮੁਲਕਾਂ ਨੂੰ, ਹਜ਼ਾਰਾਂ ਸਾਲ ਮਗਰੋਂ ਹੋਇਆ। 30 ਫੁੱਟ ਤੇ ਛੱਤ ਸੀ ਧਾਤੂ ਨਿਰਮਿਤ ਸ਼ਿਵਲਿੰਗ, ਫ਼ਰਸ਼ ਤੋਂ 15 ਫੁੱਟ ਉੱਪਰ ਅਤੇ ਛੱਤ ਤੋਂ 15 ਫੁੱਟ ਥੱਲੇ, ਬਗੈਰ ਕਿਸੇ ਪਿੱਲਰ ਜਾਂ ਸਪੋਰਟ ਦੇ ਸਵਤੰਤਰ ਲਟਕਦਾ ਹੋਇਆ ਸਥਿਤ ਸੀ। ਥੱਲੇ ਫਰਸ਼ ਤੇ ਸ਼ਕਤੀਸ਼ਾਲੀ ਚੁੰਬਕ ਲੱਗੇ ਸਨ। ਇਸੇ ਤਰ੍ਹਾਂ ਉਪਰ ਛੱਤ 'ਤੇ ਵੀ ਉਤਨੀ ਹੀ ਸ਼ਕਤੀ ਦੇ ਚੁੰਬਕ ਲੱਗੇ ਸਨ। ਥੱਲੇ ਵਾਲੇ ਚੁੰਬਕ, ਧਾਤੂ ਦੇ ਸ਼ਿਵਲਿੰਗ ਨੂੰ ਥੱਲੇ ਖਿੱਚਦੇ ਸਨ ਅਤੇ ਉਪਰ ਵਾਲੇ ਚੁੰਬਕ, ਉਤਨੀ ਹੀ ਸਮਾਨ ਸ਼ਕਤੀ ਨਾਲ ਉੱਪਰ

ਖਿੱਚਦੇ ਸਨ। ਨਤੀਜੇ ਵਜੋਂ ਵਿਚਾਲੇ ਦਾ ਖੇਤਰ ਨਿਊਟਰਲ ਹੋ ਗਿਆ ਅਤੇ ਸ਼ਿਵਲਿੰਗ ਹਵਾ ਵਿੱਚ ਲਟਕਦਾ ਰਹਿੰਦਾ ਸੀ। ਸੰਨ 1026 ਵਿੱਚ ਮਹਿਮੂਦ ਗਜ਼ਨਵੀ ਨੇ ਹਮਲਾ ਕਰ ਕੇ, ਇਸ ਮੰਦਿਰ ਦੀ ਬਹੁਕੀਮਤੀ ਸੰਪਤੀ, ਹੀਰੇ, ਮੋਤੀਆਂ ਦੇ ਨਾਲ ਹੀ ਭਾਰਤੀ ਸੱਭਿਅਤਾ ਦਾ ਅਤਿ ਵਿਕਸਿਤ ਤਕਨੀਕ ਦੇ ਬਿੰਬ ਸ਼ਿਵਲਿੰਗ ਦੇ ਵੀ ਚਾਰ ਟੋਟੇ ਕਰ ਕੇ ਲੈ ਗਏ।

ਧਰਮ ਗੁਰੂ ਕਹਿਲਾਉਣ ਦੇ ਗੌਰਵ ਨੂੰ, ਅਸੀਂ ਭਾਰਤ ਵਾਸੀ, ਸੰਭਾਲ ਕੇ ਰੱਖ ਨਹੀਂ ਸਕੇ। ਸਾਡੀ ਲਾਪ੍ਰਵਾਹੀ ਅਤੇ ਅਗਿਆਨਤਾ ਕਰ ਕੇ ਹੱਥੋਂ ਗਵਾਚ ਗਈ। ਸੰਨ 2012 ਵਿੱਚ, ਪਦਾਰਥ ਦੇ ਸੂਖਮਤਮ ਪਰਮਾਣੂ ਨੂੰ ਜਨੇਵਾ ਦੀ ਪ੍ਰਯੋਗਸ਼ਾਲਾ, ਧਰਤੀ ਦੇ ਹੇਠਾਂ, ਸਾਢੇ ਪੰਜ ਸੌ ਫੁੱਟ ਥੱਲੇ, 27 ਕਿਲੋਮੀਟਰ ਲੰਬੀ ਸੁਰੰਗ ਵਿੱਚ ਸਥਾਪਤ ਪ੍ਰਯੋਗਸ਼ਾਲਾ ਵਿੱਚ, ਲਾਰਜ ਹਾਈਡਰੋ ਕੋਲਾਈਡਰ ਮਸ਼ੀਨ ਨਾਲ ਤੋੜਿਆ ਤਾਂ ਉਹ ਅਨੰਤ ਸ਼ਕਤੀਸ਼ਾਲੀ ਹੋ ਕੇ ਇੱਕ ਸੈਕੰਡ ਵਿੱਚ 27 ਕਿਲੋਮੀਟਰ ਸੁਰੰਗ ਦੀਆਂ, ਦੋਹਾਂ ਪਾਸਿਆਂ ਦੀਆਂ ਧਾਤੂ ਦੀਆਂ ਦੀਵਾਰਾਂ ਵਿੱਚ 4 ਕਰੋੜ ਤੋਂ ਵੱਧ ਟੱਕਰਾਂ ਮਾਰੀਆਂ। ਦੁਨੀਆਂ ਦੇ ਵਿਗਿਆਨੀਆਂ, ਪੱਥਰ ਦੇ ਅਤਿ ਸੂਖਮ ਪ੍ਰਮਾਣੂ ਤੋਂ ਵੀ ਟੁੱਟੇ ਹੋਏ "ਕਣ" ਨੂੰ "ਗੱਾਡ ਪਾਰਟੀਕਲ" ਕਿਹਾ। ਸੰਨ 2012 ਵਿੱਚ, ਹਰ ਕਣ ਵਿੱਚ "ਰੱਬੀ ਤੱਤ" ਨੂੰ ਸਵੀਕਾਰਿਆ ਗਿਆ। ਭਾਰਤ ਵਿੱਚ, ਵੈਦਿਕ ਕਾਲ ਵਿੱਚ ਹੀ, ਰਿਸ਼ੀਆਂ ਨੇ ਘੋਸ਼ਣਾ ਕੀਤੀ, "ਬ੍ਰਹਮੈਵ ਇਦਮ ਸਰਵ"—ਕਣ ਕਣ ਵਿੱਚ, ਹਰ ਜੀਵ ਵਿੱਚ ਬ੍ਰਹਮ ਹੈ...

ਸਭੁ ਗੋਬਿੰਦੁ ਹੈ ਸਭੁ ਗੋਬਿੰਦ ਹੈ,<br>
ਗੋਬਿੰਦ ਬਿਨੁ ਨਹੀਂ ਕੋਈ॥ (ਪੰ. 485)

# “ਮਤਿ ਵਿਚਿ ਰਤਨ ਜਵਾਹਰ ਮਾਣਿਕ”

ਪ੍ਰਾਣੀ ਜਗਤ ਦੇ, ਪਸ਼ੂਆਂ ਪੰਖੀਆਂ ਵਿੱਚ ਤਿੰਨ ਕਲਾਵਾਂ ਹੁੰਦੀਆਂ ਹਨ। ਆਹਾਰ, ਨਿੰਦ ਅਤੇ ਭੋਗ ਦੀ ਕਲਾ। ਮਨੁੱਖ ਵਿੱਚ ਦੱਸ ਕਲਾਵਾਂ ਹੁੰਦੀਆਂ ਹਨ; ਧਰਮ ਕਲਾ, ਗਿਆਨ ਕਲਾ, ਕਰਮ ਕਲਾ, ਸੰਗੀਤ, ਆਕ੍ਰਮਣ, ਪ੍ਰਤੀਰਖਿਆ, ਹਾਸ ਬਿਨੋਦ ਦੀ ਕਲਾ। ਭੋਜਨ, ਭੋਗ ਅਤੇ ਨੀਂਦ, ਤਿੰਨ ਕਲਾਵਾਂ ਦੇ ਤਲ ਤੇ ਮਨੁੱਖ ਅਤੇ ਪਸ਼ੂ ਪੰਖੀ ਬਰਾਬਰ ਹੁੰਦੇ ਹਨ। ਸੱਤ ਅਤਿਰਿਕਤ ਕਲਾਵਾਂ, ਮਨੁੱਖ ਦੀ ਮੱਤ ਵਿੱਚ ਰਹਿੰਦੀਆਂ ਹਨ; ਅਤੇ ਇੱਛਾ ਅਨੁਸਾਰ ਪ੍ਰਯੋਗ ਵਿੱਚ ਆਉਂਦੀਆਂ ਹਨ। ਤਾਂ ਦੱਸ ਕਲਾਵਾਂ, ਵਿਕਸਿਤ ਬਿਬੇਕ ਕਰ ਕੇ ਮਨੁੱਖ ਪ੍ਰਾਣੀ, ਜਗਤ ਦਾ ਸ੍ਰੇਸ਼ਠ ਜੀਅ ਮੰਨਿਆ ਗਿਆ। ਇਹ ਸਾਰੀਆਂ ਸ਼ਕਤੀਆਂ “ਮਤਿ” ਵਿੱਚ ਰਹਿੰਦੀਆਂ ਹਨ।

ਮਤਿ, ਤਿੰਨ ਖੰਡਾਂ ਵਿੱਚ ਵੰਡਿਆ ਹੋਇਆ ਹੁੰਦਾ ਹੈ, ਮਨਮਤਿ, ਦੁਰਮਤਿ ਅਤੇ ਗੁਰਮਤਿ! ਸਰੀਰ ਦੀ ਰਚਨਾ, ਭੌਤਿਕ ਤੱਤਾਂ ਤੋਂ ਸਿਰਜਤ ਹੋਣ ਕਰ ਕੇ, ਸੁਭਾਵਕ ਰੂਪ ਨਾਲ, ਜ਼ਰੂਰਤਾਂ ਵੀ ਭੌਤਿਕ ਲੱਗਦੀਆਂ ਹਨ। ਸਰੀਰ ਦੀਆਂ ਇੰਦ੍ਰੀਆਂ, ਸੈਨਿਕ ਹਨ। ਹੱਥ, ਪੈਰ, ਮੂੰਹ, ਰਸਨਾ, ਅੱਖ, ਕੰਨ, ਨੱਕ ਅਤੇ ਇਹ ਸਾਰੇ ਸੈਨਿਕ ਮਨ ਦੇ ਨਿਰਦੇਸ਼ ਤੇ ਮਾਰਚ ਕਰਦੇ ਹਨ। ਮਨ ਸੈਨਾਪਤੀ ਹੈ। ਮਤਿ ਜਾਂ ਬੁੱਧੀ, ਮੰਤਰੀ ਹੈ। ਸਰੀਰ ਦਾ ਸੁਆਮੀ, “ਜੀਵਾਤਮਾ”, ਅਦਿੱਖ ਹੈ। ਉਸ ਦੀ ਪ੍ਰਤੱਖ ਮੌਜੂਦਗੀ ਨਾ ਹੋਣ ਕਰ ਕੇ, ਮਨ ਅਤੇ ਬੁੱਧੀ ਅਨੁਸਾਰ ਸਰੀਰ ਦੇ ਅੰਗ, ਕਾਰਜਸ਼ੀਲ ਰਹਿੰਦੇ ਹਨ। ਤਾਂ “ਮਨਮਤਿ”, ਭੌਤਿਕ ਸੁਭਾਅ ਅਤੇ ਜ਼ਰੂਰਤਾਂ ਅਨੁਸਾਰ, ਜਤਨਸ਼ੀਲ ਰਹਿੰਦੀ ਹੈ। ਸੰਸਾਰ ਦੇ ਸਾਰੇ ਮਨੁੱਖ, ਜਤਨ ਦੀ ਜੰਗ ਵਿੱਚ ਹਥਿਆਰ ਚਲਾ ਰਹੇ ਹਨ ਅਤੇ ਜਿਵੇਂ ਕਿਸੇ “ਮਨੁੱਖੀ ਮਤਿ” ਨੇ ਹੀ ਮੁਹਾਵਰਾ ਬਣਾਇਆ ਕਿ “ਪ੍ਰੀਤ ਅਤੇ ਜੰਗ” ਵਿੱਚ ਸਭ ਕੁਝ ਜਾਇਜ਼ ਹੈ। ਇੱਥੇ “ਜਿਹੜਾ ਜਿੱਤਿਆ, ਉਹੀ ਸਿਕੰਦਰ” ਹੁੰਦਾ ਹੈ। ਤਾਂ ਭੌਤਿਕ ਪ੍ਰਾਪਤੀਆਂ ਦੀ ਲੁੱਟ-ਖੋਹ ਵਿੱਚ ਜਾਇਜ਼-ਨਾਜਾਇਜ਼ ਦੀ ਸਰਹੱਦ ਲੰਘ ਕੇ ਮਨਮਤਿ, ਦੁਰਮਤਿ ਵਿੱਚ ਪਹੁੰਚ ਜਾਂਦੀ ਹੈ। ਇਹ ਪਸ਼ੂ-ਪੰਖੀ ਦੇ ਤਲ ਤੋਂ ਵੀ ਥੱਲੇ ਦਾ ਤਲ ਹੁੰਦਾ ਹੈ। ਅੱਜ, ਖੁਦਗਰਜ਼ੀ, ਮੌਕਾਪ੍ਰਸਤੀ, ਲੁੱਟ, ਖੋਹ, ਬਦਫੈਲੀ.... ਪਸ਼ੂ ਇਵ ਨਹੀਂ ਕਰਦੇ। ਮਨਮਤਿ ਦੇ, ਦੁਰਮਤਿ ਵਿੱਚ ਤਬਦੀਲ ਹੋਣ ਦੀ ਪ੍ਰਕਿਰਿਆ ਬਹੁਤ ਪੁਰਾਣੀ ਹੈ। ਤਥਾਕਥਿਤ “ਸਤਿਜੁਗ” ਵਿੱਚ—ਚੰਦਰ ਦੇਵਤਾ ਨੇ, ਗੌਤਮ ਤਪਾ ਦਾ ਭੇਖ ਧਾਰ, ਰਿਸ਼ੀ ਪਤਨੀ ਅਹਿਲਯਾ ਨਾਲ ਦੁਰਾਚਾਰ ਕਰਨਾ, ਇਹ “ਦੁਰਮਤਿ” ਹੀ ਹੈ ਸੀ। ਤ੍ਰੇਤਾ ਯੁਗ ਵਿੱਚ, ਕੈਕਈ ਦੀ ਦੁਰਮਤਿ ਨੇ ਰਘੁਕੁਲ ਨੂੰ ਸੰਕਟ ਦੇ ਸਮੁੰਦਰ ਵਿੱਚ ਧੱਕ ਦੇਣਾ ਜਾਂ ਦੁਆਪੁਰ ਦੇ ਮਹਾਂਭਾਰਤ ਕਾਲ ਵਿੱਚ ਅਨੈਤਿਕ ਸ਼ਤਰੰਜ ਦੀਆਂ ਚਾਲਾਂ ਨੇ, “ਦੁਰਮਤਿ” ਦਾ ਭਿਆਨਕ ਰੂਪ ਦਿਖਾਇਆ। ਜੰਗ ਨੂੰ ਜਿੱਤਣ ਲਈ, ਪਾਂਡਵ ਭ੍ਰਾਤਾ ਭੀਮ ਦੇ ਸਗੇ ਪੋਤਰੇ, ਬਰਬਰਿਕ ਦਾ ਸਿਰ, ਸ੍ਰੀ ਕ੍ਰਿਸ਼ਨ

ਦੁਆਰਾ ਗੁਰੂ-ਭੇਟਾ ਰੂਪ ਵਿੱਚ ਮੰਗ ਲੈਣਾ, ਨਿਰਸੰਦੇਹ ਰਹਿੰਦੀ ਦੁਨੀਆਂ ਤੱਕ, ਤਥਾਕਥਿਤ ਸਤਿ ਦੀ ਜਿੱਤ ਲਈ ਲੜੀ ਜਾਣ ਵਾਲੀ ਜੰਗ-ਪ੍ਰਸੰਗ ਵਿੱਚ ਪ੍ਰਸ਼ਨਵਾਚਕ ਚਿਹਨ ਬਣ ਕੇ ਜਵਾਬ ਮੰਗਦਾ ਰਹੇਗਾ। ਮਨ ਤੋਂ ਪ੍ਰਭਾਵਤ ਮਤਿ, ਸਮੇਂ ਦੀ ਲੋੜ ਅਨੁਸਾਰ ਰੰਗ ਬਦਲਦੀ ਰਹੀ ਹੈ ਔਰ ਇਸ ਨੂੰ "ਨੀਤੀ" ਕਿਹਾ ਜਾਂਦਾ ਰਿਹਾ ਹੈ।

ਗੁਰੂ ਨਾਨਕ ਦੇਵ ਪਾਤਸ਼ਾਹ ਨੇ, ਮਨੁੱਖ ਨੂੰ ਗੁਰਮਤਿ ਅਨੁਸਾਰ ਜੀਊਣ ਦੀ ਜਾਚ ਦੇ ਕੇ, ਦੇਵਤੇ ਬਣਾਉਣ ਦਾ ਸੰਕਲਪ ਲਿਆ। ਇਹ ਬਹੁਤ ਵੱਡਾ ਪ੍ਰਕਲਪ ਸੀ, ਪ੍ਰੋਜੈਕਟ ਸੀ। ਹਰ ਦਿਨ ਨਵਾਂ ਮਨੁੱਖ, ਨਵੀਂ ਮਤਿ, ਜਨਮ ਲੈ ਰਹੀ ਹੈ। ਮਤਿ ਦੀ ਦਿਸ਼ਾ ਸੁਧਾਰ ਕੇ ਗੁਰਮਤਿ ਬਣਾਉਣੀ, ਦੇਵ ਤੁੱਲ ਮਨੁੱਖ ਬਣਾਉਣ ਦੀ ਯੋਜਨਾ। ਤਾਂ, "ਗੁਰੂ ਪ੍ਰੰਪਰਾ" ਤੋਰੀ। ਹਰ ਕਾਲ ਖੰਡ ਵਿੱਚ, ਮਨੁੱਖੀ ਮਤਿ ਨੂੰ "ਗੁਰੂ ਸਿੱਖਿਆ" ਨਾਲ ਪ੍ਰਬੋਧ ਕੇ, ਦੇਵਮਤਿ ਬਣਾਉਣ ਦਾ ਨਿਰਣਾ ਲਿਆ।

ਗੁਰਮਤਿ ਰੂਹਾਨੀ ਸਿੱਖਿਆ ਹੈ। ਰੂਹ ਦੀ ਸ਼ਕਤੀ ਨੂੰ ਆਤਮ ਸ਼ਕਤੀ ਨੂੰ, ਸਰੀਰ ਦਾ ਮੁੱਖ ਸਵਾਮੀ ਸਵੀਕਾਰ ਕਰਨਾ। ਮਨ, ਬੁੱਧੀ, ਇੰਦ੍ਰੀਆਂ ਨੂੰ ਰੂਹ ਦੇ ਅਨੁਸਾਰ ਚਲਾਉਣਾ ਅਤੇ ਰੂਹ ਦਾ ਸਦਾ ਗੁਰੂ ਦੇ ਸੰਗ-ਸੰਗ ਰਹਿਣਾ "ਗੁਰ ਮੇਰੈ ਸੰਗਿ ਸਦਾ ਹੈ ਨਾਲੇ" ਦੀ ਪ੍ਰਤੀਤ ਵਿੱਚ ਰਹਿੰਦਾ ਮਨੁੱਖ! ਇਹ ਦੁਨੀਆਂ ਤੋਂ ਨਿਵੇਕਲਾ ਮਨੁੱਖ, ਸਿੱਖ ਹੈ... ਗੁਰਸਿੱਖ! ਇਹ ਗੁਰੂ ਦਾ ਸਿੱਖ, ਇਸ਼ਨਾਨ ਕਰਦਿਆਂ, ਪ੍ਰਸ਼ਾਦ ਛਕਦਿਆਂ, ਵਾਪਾਰ ਜਾਂ ਨੌਕਰੀ ਕਰਦਿਆਂ, ਸਮਾਜ ਵਿੱਚ ਵਿਚਰਦਿਆਂ, ਵਿਹਾਰ ਕਰਦਿਆਂ, ਹਰ ਤਲ 'ਤੇ ਗੁਰਮਤਿ ਨੂੰ ਧਾਰਨ ਰੱਖਦਾ ਹੈ। ਗੁਰੂ ਸੰਗਿ ਹੈ ਤਾਂ ਗੁਰਮਤਿ ਰੋਮ-ਰੋਮ ਵਿੱਚ ਸਥਾਪਿਤ ਰਹਿੰਦੀ ਹੈ। ਭਾਈ ਕਟਾਰਾ, ਸ੍ਰੀ ਗੁਰੂ ਨਾਨਕ ਪਾਤਸ਼ਾਹ ਦੇ ਸਮੇਂ ਦਾ ਗੁਰਸਿੱਖ ਸੀ। ਸਤਿਗੁਰ ਦੇ ਦਰਸ਼ਨ ਲਈ, ਸ੍ਰੀ ਕਰਤਾਰਪੁਰ ਆਉਂਦਿਆਂ ਰਾਤ ਖਡੂਰ ਸਾਹਿਬ ਰੁਕਿਆ। ਲੰਗਰ ਬਣਾਉਣ ਲਈ ਪਿੰਡ ਦੇ ਦੁਕਾਨਦਾਰ, ਭਾਈ ਲਹਿਣਾ ਜੀ ਦੀ ਹੱਟੀ 'ਤੇ ਪਹੁੰਚੇ। ਲੋੜ ਅਨੁਸਾਰ ਆਟਾ, ਦਾਲ, ਲੂਣ, ਮਸਾਲਾ, ਘਿਉ ਖਰੀਦਿਆ। ਪੈਸੇ ਦਿੱਤੇ ਤਾਂ ਭਾਈ ਲਹਿਣਾ ਜੀ ਨੇ ਕਿਹਾ, ਭਾਈ ਇਹ ਝੂੰਗਾ ਲੈਂਦਾ ਜਾ। ਇੱਕ ਬੁੱਕ ਭਰ ਕੇ ਸ਼ੱਕਰ ਦੀ ਦੇਣ ਲੱਗੇ। ਇਹ ਕਿਉਂ ਲਵਾਂ ? ਭਾਈ ਕਟਾਰਾ ਜੀ ਨੇ ਸਨਿਮਰ ਕਿਹਾ, ਮੈਂ ਜਿਤਨੇ ਪੈਸੇ ਦਿੱਤੇ, ਉਤਨੇ ਦਾ ਸਾਮਾਨ ਲੈ ਲਿਆ। ਹੋਰ ਵੱਧ ਲੈਣਾ, ਮੇਰੇ ਗੁਰੂ ਦਾ ਹੁਕਮ ਨਹੀਂ। ਭਾਈ ਲਹਿਣਾ ਜੀ ਨੂੰ ਤਜ਼ੁਰਬਾ ਸੀ, ਲੋਕ ਤਾਂ ਹੋਰ ਵੱਧ ਝੂੰਗਾ ਦੇਹ ਕਹਿ ਕੇ ਮੰਗਦੇ ਹਨ। ਭਾਈ, ਤੂੰ ਕਿਸ ਦਾ ਸਿੱਖ ਹੈਂ ?

"ਸ੍ਰੀ ਗੁਰੂ ਨਾਨਕ ਦੇਵ ਜੀ ਦਾ"—ਭਾਈ ਕਟਾਰਾ ਜੀ ਕਿਹਾ। ਭਾਈ, ਮੈਨੂੰ ਵੀ ਐਸੇ ਗੁਰੂ ਦੇ ਦਰਸ਼ਨ ਕਰਾਉ—ਭਾਈ ਲਹਿਣਾ ਜੀ ਬੇਨਤੀ ਕੀਤੀ। ਇੱਕ ਗੁਰਮਤਿ ਧਾਰੀ ਸਿੱਖ ਨੇ, ਭਾਈ ਲਹਿਣਾ ਜੀ ਨੂੰ, "ਗੁਰੂ ਅੰਗਦ ਦੇਵ" ਬਣਾ ਦਿੱਤਾ।

ਗੁਰੂ ਇੱਕ ਤੁਰਦਾ ਫਿਰਦਾ ਧਰਮ-ਸਕੂਲ ਹੈ। ਕਿਸੇ ਸਕੂਲ ਦੇ ਦੋ ਖੰਡ ਹੁੰਦੇ ਹਨ।

ਪਹਿਲਾ–ਅਨੁਸ਼ਾਸਨ ਖੰਡ।

ਦੂਜਾ–ਸਿੱਖਿਆ ਖੰਡ।

ਸਕੂਲ ਦੀ ਡ੍ਰੈੱਸ, ਯੂਨੀਫੌਰਮ, ਸਮੇਂ ਦੀ ਪਾਬੰਦੀ, ਸਾਫ਼–ਸਫ਼ਾਈ, ਨਿੱਤ ਦੀ ਪ੍ਰਾਰਥਨਾ ਸਭਾ... ਇਹ ਸਾਰੀਆਂ ਗਤੀਵਿਧੀਆਂ, ਅਨੁਸ਼ਾਸਨ ਖੰਡ ਦੇ ਕਾਰਜ ਹਨ।

ਸਿੱਖਿਆ, ਦੂਜਾ ਖੰਡ ਹੈ। ਸਕੂਲ ਵਿੱਚ ਦਾਖਲੇ ਦਾ ਮਕਸਦ, ਚੰਗੇਰੀ ਸਿੱਖਿਆ ਪ੍ਰਾਪਤ ਕਰਨਾ ਹੈ, ਤਾਂ ਜੋ ਵੱਡਾ ਹੋ ਕੇ ਇੱਕ ਸੁੱਖੀ–ਸੰਪੰਨ ਜੀਵਨ ਜੀ ਸਕੀਏ। ਅਨੁਸ਼ਾਸਨ ਪੂਰਨ ਜੀਵਨ, ਚੰਗੀ, ਕਵਾਲਿਟੀ ਸਿੱਖਿਆ ਦਾ ਅਧਿਕਾਰੀ ਬਣਦਾ ਹੈ।

ਗੁਰੂ ਸਿੱਖਿਆ, ਜਾਂ ਗੁਰਮਤਿ ਸਿੱਖਿਆ ਦਾ ਸਕੂਲ, "ਗੁਰੂ" ਹੈ। ਗੁਰੂ ਕੋਲ ਵੀ ਦੋ ਖੰਡ ਹੁੰਦੇ ਹਨ। ਸਿੱਖ ਦਾ ਪਹਿਰਾਵਾ, ਇਸ਼ਨਾਨ, ਸਿਮਰਨ, ਪਾਠ, ਪੰਜ ਕੱਕਿਆਂ (ਕੱਕਾਰਾਂ) ਨੂੰ ਧਾਰਨ ਕਰਨਾ... ਇਹ ਅਨੁਸ਼ਾਸਨ ਖੰਡ ਦੀ ਨਿਯਮਾਵਲੀ ਹੁੰਦੀ ਹੈ। ਸਿੱਖਿਆ ਸਤਰ ਵਿੱਚ, ਗੁਰੂ, ਦੇਹ 'ਚ ਗੁਪਤ ਆਤਮਾ ਨੂੰ, ਪ੍ਰਭੂ ਜੋਤਿ ਨੂੰ ਪ੍ਰਗਟ ਕਰਨ ਦੀ ਸਿਖਿਆ ਦਿੰਦਾ ਹੈ। ਇੱਥੇ ਜੀਵ–ਬ੍ਰਹਮ ਦਾ ਪ੍ਰਤੱਖ ਸੰਵਾਦ ਹੁੰਦਾ ਹੈ :

"ਪੂਰੇ ਗੁਰ ਕਾ ਸੁਨਿ ਉਪਦੇਸੁ ॥

ਪਾਰਬ੍ਰਹਮ ਨਿਕਟਿ ਕਰਿ ਪੇਖੁ ॥"

ਜੀਵ ਨੂੰ ਬ੍ਰਹਮ ਹੋਣ ਦਾ ਬੋਧ, ਇਹ ਗੁਰਮਤਿ ਦੀ ਸਿਖਰ–ਸਿੱਖਿਆ ਹੈ। ਇਸ ਤੋਂ ਉਪਰ ਹੋਰ ਕੋਈ ਸਿੱਖਿਆ ਨਹੀਂ ਰਹਿ ਜਾਂਦੀ।

ਇਸ ਸਿਖਰ 'ਤੇ ਪਹੁੰਚਣ ਲਈ ਕਈ ਪਾਇਦਾਨ ਲੰਘਣੇ ਹੁੰਦੇ ਹਨ। ਪਹਿਲੀ ਸ਼ਰਤ ਹੈ, "ਮੈਂ" ਨੂੰ ਗੁਰੂ–ਦਵਾਰ ਤੋਂ ਬਾਹਰ ਛੱਡਣਾ। ਮੈਂ ਕੁਝ ਨਹੀਂ ਜਾਣਦਾ। ਕਿਹੜਾ ਮਾਰਗ, ਕਿਹੜਾ ਨਾਮ, ਕਿਹੜਾ ਕਰਮ ਕਰਾਂ, ਜੋ ਤੈਨੂੰ ਭਾਵੇ। ਤਾਂ ਪਹਿਲੀ ਸਵੀਕ੍ਰਿਤੀ—

"ਨਾਥ ਕਛੂਅ ਨ ਜਾਨਉ ॥"

ਮੇਰੇ ਸਤਿਗੁਰ, ਮੈਂ ਕੁਝ ਨਹੀਂ ਜਾਣਦਾ... ਮੇਰੇ ਨਿੱਜ ਦੀ ਕੋਈ ਧਾਰਨਾ ਨਹੀਂ ਹੈ। ਇਹ ਭਾਂਡਾ ਪੂਰੀ ਤਰ੍ਹਾਂ ਖਾਲੀ ਕਰ ਆਇਆ ਹਾਂ। ਮੇਰੇ ਸਤਿਗੁਰ, ਦਇਆ ਕਰੋ, ਨਾਮ ਦੇਹੁ। ਇਹ ਨਾਮ ਅੱਖਰ ਮਾਤਰ ਨਹੀਂ ਹੈ, ਇਹ ਨਾਮ, ਪਰਮੇਸ਼ਰ ਦਾ ਬਿੰਬ ਹੈ, ਇਹ ਨਾਮ ਪਰਮੇਸ਼ਰ ਹੈ। ਉਹ ਮੇਰੇ ਹਿਰਦੇ ਵਿੱਚ ਪਰਗਟ ਕਰ ਦਿਉ। ਸੰਸਾਰ ਵਿੱਚ ਭੌਤਿਕ ਸਿੱਖਿਆ ਦੇ ਬਹੁਤੇ ਕੇਂਦਰ ਹਨ, ਅਧਿਆਤਮ ਵਿੱਦਿਆ ਦਾ ਕੇਂਦਰ, ਗੁਰੂ ਹੁੰਦਾ ਹੈ। ਅਧਿਆਤਮ ਦਾ ਅਰਥ ਹੈ, ਆਤਮਾ ਦਾ ਅਧਿਐਨ... ਆਤਮ ਸਿੱਖਿਆ।

ਕਾਸ਼ੀ ਵਿੱਚ, ਬ੍ਰਹਮ ਭੱਟ ਬੇਣੀ ਨਾਂ ਦੇ ਇੱਕ ਬ੍ਰਾਹਮਣ ਰਹਿੰਦੇ ਸੀ। ਧਰਮ ਗ੍ਰੰਥਾਂ ਦਾ ਬਹੁਤ ਅਧਿਐਨ ਕੀਤਾ। ਜੋਤਿਸ਼ ਸ਼ਾਸਤ੍ਰ, ਕੁੰਡਲਿਨੀ ਵਿਦਿਆ, ਤਰਕ ਸ਼ਾਸਤ੍ਰ ਦੇ ਵਿਦਵਾਨ ਬਣੇ। ਭਾਰਤ ਭ੍ਰਮਣ ਲਈ ਨਿਕਲੇ। ਜਿਸ ਨਗਰ ਜਾਂਦੇ, ਉਥੋਂ ਦੇ ਮਸ਼ਹੂਰ ਵਿਦਵਾਨਾਂ ਨਾਲ ਸ਼ਾਸਤ੍ਰਾਰਥ ਕਰਦੇ... ਗਿਆਨ ਸ਼ਕਤੀ ਨਾਲ ਪਰਾਜਿਤ

ਕਰ ਕੇ ਅਧੀਨ ਬਣਾਉਂਦੇ। ਫਿਰਦੇ ਹੋਏ, ਸ੍ਰੀ ਗੋਇੰਦਵਾਲ ਸਾਹਿਬ, ਸ੍ਰੀ ਗੁਰੂ ਅਮਰਦਾਸ ਜੀ ਨਾਲ ਮਿਲਾਪ ਹੋ ਗਿਆ। ਅੱਜ ਤੱਕ ਕਿਤਾਬਾਂ ਦਾ ਗਿਆਨ ਸੀ, ਅੱਖਰਾਂ ਦਾ ਭੰਡਾਰ ਇਕੱਠਾ ਕੀਤਾ ਹੋਇਆ ਸੀ। ਸਤਿਗੁਰਾਂ ਨੇ ਅੰਦਰ ਝਾਤ ਪਵਾਈ। ਮਨ ਦਾ ਹੰਕਾਰ ਵਿਖਾਇਆ... ਮਨ ਤੋਂ ਪਾਰ ਲੰਘ ਜਾਣ ਦੀ ਜੁਗਤਿ ਦੱਸ, ਆਤਮਾ ਦੇ.... ਜੋਤ ਦੇ ਰੂਬਰੂ ਕਰ ਦਿੱਤਾ। ਤਾਂ ਭਗਤ ਬੇਣੀ ਜੀ ਨੇ ਉਚਾਰਨ ਕੀਤਾ—

"ਜਿਨਿ ਆਤਮ ਤਤੁ ਨਾ ਚੀਨ੍ਹਿਆ॥ ਸਭ ਫੋਕਟ ਧਰਮ ਅਬੀਨਿਆ॥
ਕਹੁ ਬੇਣੀ ਗੁਰਮੁਖਿ ਧਿਆਵੈ॥ ਬਿਨੁ ਸਤਿਗੁਰ ਬਾਟ ਨਾ ਪਾਵੈ॥

(ਪੰਨਾ 1351)

ਭੱਟ, ਬ੍ਰਾਹਮਣ ਪਰਿਵਾਰ ਵਿੱਚ ਜਨਮ ਲੈ ਕੇ, ਤਿਲਕ, ਤ੍ਰਿਪੁੰਡ, ਜਨੇਊ, ਠਾਕੁਰ ਪੂਜਾ... ਸਾਰੇ ਧਰਮ ਕਰਮ, ਬਾਹਰੀ ਉਪਕ੍ਰਮ, ਫੋਕਟ ਸਾਬਿਤ ਹੋਏ। ਹੰਕਾਰ ਵਧਦਾ ਗਿਆ। ਗੁਰੂ ਪ੍ਰਤੀ ਮੁਖ ਹੋਇਆ... ਗੁਰਮਤਿ ਲਈ, ਤਾਂ ਆਤਮ-ਮਾਰਗ ਖੁੱਲ੍ਹ ਗਿਆ... ਰੂਹ ਨੇ ਉਚੇ ਮੰਡਲ ਦੀ ਉਡਾਰੀ ਭਰੀ।

ਤਾਂ, ਸ੍ਰੀ ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ, ਬਾਹਰੀ ਧਰਮ-ਕਰਮ, ਧਰਮ ਸ਼ਾਸਤ੍ਰ ਅਧਿਐਨ, ਮਤਿ ਵਿੱਚ ਹੰਕਾਰ ਦਾ ਕੂੜਾ ਭਰਦੇ ਰਹਿੰਦੇ ਹਨ। ਪੰਡਿਤ, ਪੁਰੋਹਿਤ, ਸਿੱਧ, ਨਾਥ, ਸਾਰਿਆਂ ਨਾਲ ਇਹੋ ਘਟਨਾ ਘਟ ਰਹੀ ਸੀ। ਬਾਹਰੀ ਗਿਆਨ-ਧਿਆਨ, ਫੋਕਟ ਹੋ ਜਾਂਦਾ ਹੈ, ਜਦੋਂ ਗੁਰੂ ਦੀ ਮਤਿ ਨਸੀਬ ਹੋਈ—

"ਮਤਿ ਵਿਚ ਰਤਨ ਜਵਾਹਰ ਮਾਣਿਕ
ਜੇ ਇਕ ਗੁਰ ਕੀ ਸਿਖ ਸੁਣੀ॥ (ਜਪੁਜੀ ਸਾਹਿਬ)

ਰਾਜਾ ਜਨਕ, ਮਿਥਿਲਾ ਦਾ ਰਾਜਾ ਸੀ। ਪਿਛਲੇ ਜਨਮਾਂ ਦੀ ਧਰਮ ਗਿਆਨ ਜਗਿਆਸਾ ਨਾਲ ਹੀ ਆਈ। ਰਾਜ-ਕਾਜ ਕਰਦੇ, ਵਿਦਵਾਨਾਂ ਦੀ ਸਭਾ ਆਯੋਜਤ ਕਰਦੇ, ਧਰਮ ਗ੍ਰੰਥ ਪੜ੍ਹਦੇ, ਚਰਚਾ ਕਰਦੇ। ਪਰ ਮਨ ਸ਼ਾਂਤ ਨਾ ਹੋਇਆ। ਭਾਗ ਜਾਗੇ, ਤਾਂ ਅਸ਼ਟਾਵਕ੍ਰ ਜੀ, ਇੱਕ ਪੂਰਨ ਗੁਰੂ ਮਿਲੇ। ਗੁਰੂ ਨੇ ਜਨਕ ਜੀ ਨੂੰ, ਬਿਦੇਹ ਹੋਣ ਦਾ ਗਿਆਨ ਦਿੱਤਾ। ਦੇਹ ਨਾਲ ਜੁੜਿਆ, ਧਰਮ, ਅਰਥ, ਸਭ ਦੇਹ ਤਲ ਤੇ ਧੂੰਏ ਦੇ ਬੱਦਲ ਹਨ। ਇਹਨਾਂ ਕਦੇ ਆਤਮਾ ਤੇ ਵਰਖਾ ਨਹੀਂ ਕਰਨੀ। ਦੇਹ-ਨਗਰੀ ਦੇ ਬਾਹਰ-ਬਾਹਰ ਵਿਖਾਵੇ ਦੇ ਬੱਦਲ ਹਨ। ਅੰਦਰ ਇੱਕ ਵਾਰ ਝਾਤੀ ਪੈ ਜਾਏ, ਤੇ ਹੋਣ ਰੂਹਾਂ ਦੀਆਂ ਗੱਲਾਂ।

ਗੁਰੂ ਨੇ ਜਨਕ ਨੂੰ, ਦੇਹ 'ਚੋਂ ਆਤਮਾ ਨੂੰ ਵੱਖ ਕਰਨ ਦੀ ਜਾਚ ਦੇ ਦਿੱਤੀ... ਉਸੇ ਖਿਨ ਆਤਮ-ਅਭਿਆਸ ਹੋਇਆ ਔਰ ਜਨਕ "ਬਿਦੇਹ" ਹੋ ਗਏ...

"ਮਤਿ ਵਿੱਚ ਰਤਨ ਜਵਾਹਰ ਮਾਣਿਕ...।"

ਕਹਿੰਦੇ ਹਨ, ਸਮੁੰਦਰ ਮੰਥਨ ਕਰਦਿਆਂ, ਅੰਮ੍ਰਿਤ ਦਾ ਕਲਸ਼, ਧਨਵੰਤਰੀ ਵੈਦ ਲੈ ਕੇ ਪ੍ਰਗਟ ਹੋਏ। ਆਯੁਰਵੈਦ, ਚਿਕਿਤਸਾ ਗਿਆਨ ਦੇ ਜਨਮ ਦਾਤਾ ਮੰਨੇ ਜਾਂਦੇ ਹਨ। ਧੰਨਵੰਤਰੀ ਨੇ ਕਿਹਾ ਸੀ, ਸੌ 'ਚੋਂ ਨੜਿੱਨਵੇਂ ਮੌਤਾਂ, ਅਕਾਲ ਮੌਤਾਂ ਹੁੰਦੀਆਂ

ਹਨ। ਆਹਾਰ, ਆਚਾਰ ਅਤੇ ਵੀਚਾਰਾਂ ਦੀ ਮਲੀਨਤਾ ਤੋਂ ਮਿਲੀਆਂ ਹੋਈਆਂ ਮੌਤਾਂ। ਸੌ 'ਚੋਂ ਮਾਤਰ ਇੱਕ ਮੌਤ, ਮੋਕਸ਼ ਹੁੰਦੀ ਹੈ... ਪੂਰਨਤਾ ਨੂੰ ਪ੍ਰਾਪਤ ਹੋਣਾ ਹੁੰਦਾ ਹੈ... ਔਰ ਇਹ ਵਥ, ਗੁਰੂ ਹੱਥ ਹੁੰਦਾ ਹੈ "ਜੈ ਭਾਵੈ ਤੈ ਦੇਹ॥

ਗੁਰਮਤਿ, ਸਦੀਵੀ ਆਨੰਦ, ਸਤਿ ਚਿਤ ਆਨੰਦ, ਜੀਵਨ-ਮੁਕਤਿ ਕਰਨ ਵਾਲੀ ਮਤਿ ਹੈ। ...ਗੁਰੂ ਦਿੰਦਾ ਹੈ, ਸਿੱਖ ਹਿਰਦੈ ਵਿੱਚ ਸੰਭਾਲਦਾ ਹੈ...

"ਗੁਰੁ ਕੀ ਮਤਿ ਤੂੰ ਲੇਹਿ ਇਆਨੇ..."

# ਤ੍ਰਿਹਾਇਆ ਬਾਬੀਹਾ

ਅਭਾਗਾ ਬਾਬੀਹਾ! ਜਨਮਾਂ ਜਨਮਾਂ ਤੋਂ ਤ੍ਰਿਹਾਇਆ ਹੈ। ਜਲ ਦੀ ਤਲਾਸ਼ ਵਿੱਚ ਧਰਤ-ਆਕਾਸ਼ ਉਡਾਰੀ ਮਾਰਦੈ, ਜਲ ਦੀ ਪਿਆਸ ਨਹੀਂ ਬੁਝਦੀ। ਇਹ ਬਾਬੀਹਾ, ਜੀਵਾਤਮਾ ਹੈ... ਅਤ੍ਰਿਪਤ ਆਤਮਾ! ਜਨਮਾਂ-ਜਨਮਾਂ ਤੋਂ ਭਾਲ ਹੈ, ਅੰਮ੍ਰਿਤ ਬੂੰਦ ਦੀ। ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ, ਬਾਬੀਹੇ ਨੂੰ ਬਿੰਬ ਬਣੌਂਦੇ ਹਨ, ਜੀਵਾਤਮਾ ਦਾ—

"ਬਾਬੀਹਾ ਸਗਲੀ ਧਰਤੀ ਜੇ ਫਿਰਹਿ ਊਡਿ ਚੜਹਿ ਆਕਾਸਿ॥
ਸਤਿਗੁਰਿ ਮਿਲਿਐ ਜਲੁ ਪਾਈਐ ਚੂਕੈ ਭੂਖ ਪਿਆਸ॥"

(ਪੰ-1419-20)

ਜੀਵਾਤਮਾ ਤ੍ਰਿਹਾਈ ਹੈ। ਮਨੁੱਖ ਸਮਝਦੈ, ਇਹ ਪਿਆਸ, ਧਨ ਦੀ ਹੈ... ਸ਼ਕਤੀ ਦੀ, ਸੇਹਤ ਦੀ, ਜਾਂ ਸ਼ੌਹਰਤ ਦੀ ਹੈ। ਤ੍ਰਿਹਾਇਆ ਮਨੁੱਖ, ਧਰਤ-ਆਕਾਸ਼ ਤੱਕ ਦੌੜ ਰਿਹੈ। ਇਹ ਸਿਲਸਿਲਾ, ਬਹੁਤ ਪੁਰਾਣਾ ਹੈ, ਜਨਮਾਂ-ਜਨਮਾਂ ਤੋਂ।

ਭਗਤ ਕਬੀਰ ਜੀ ਕਹਿੰਦੇ ਹਨ—ਨਦੀਆਂ, ਸਰੋਵਰ, ਭਰੇ ਪਏ ਹਨ, ਪਰ ਪਾਣੀ ਨਸੀਬ ਨਹੀਂ। ਇਹ ਝੀਲਾਂ, ਸਰੋਵਰਾਂ ਦੇ ਸਮੂਹ ਭੌਤਿਕ ਦੇਹ ਦੀ ਪਿਆਸ ਬੁਝਾ ਸਕਦੇ ਹਨ। ਪਰ, ਜੀਵਾਤਮਾ, ਅੰਮ੍ਰਿਤ ਵੇਲੇ, "ਅੰਮ੍ਰਿਤ ਬੂੰਦ" ਦੀ ਯਾਚਨਾ ਕਰਦੀ ਹੈ। ਕੋਈ ਭਾਗਾਂ ਵਾਲਾ, ਸਤਿਗੁਰ ਪਿਆਰਾ, ਆਤਮ-ਤੱਤ ਦਾ ਜਾਣੂੰ, "ਆਬੇ-ਹਯਾਤ" ਤੱਕ ਪਹੁੰਚ ਜਾਂਦਾ ਹੈ :

"ਕਬੀਰ ਪਾਲਿ ਸਮੁਹਾ ਸਰਵਰੁ ਭਰਾ ਪੀ ਨ ਸਕੈ ਕੋਈ ਨੀਰੁ॥
ਭਾਗ ਬਡੇ ਤੈ ਪਾਇਓ ਤੂੰ ਭਰਿ ਭਰਿ ਪੀਉ ਕਬੀਰ॥ (ਪੰ-1373)

ਮਹਾਂਰਿਸ਼ੀ ਅਰਵਿੰਦ ਨੇ, ਕੈਂਬ੍ਰਿਜ ਯੂਨੀਵਰਸਿਟੀ ਤੋਂ ਦਰਸ਼ਨ ਸ਼ਾਸਤਰ ਵਿੱਚ ਮਾਸਟਰੀ ਕੀਤੀ, "ਇੰਡੀਅਨ ਸਿਵਲ ਸਰਵਿਸ" ਪਾਸ ਕੀਤੀ। ਕਵੀ, ਜਰਨਲਿਸਟ, ਸਾਹਿਤਕਾਰ, ਪੱਤ੍ਰਿਕਾ "ਵੰਦੇ ਮਾਤਰਮ" ਦੇ ਸੰਪਾਦਕ ਰਹੇ... ਪ੍ਰਿੰਸਲੀ ਸਟੇਟ, ਬੜੌਦਾ ਦੇ ਮਹਾਰਾਜਾ ਕੋਲ ਬਤੌਰ ਆਈ.ਸੀ.ਐੱਸ. ਕੰਮ ਕੀਤਾ। ਸੰਸਾਰ ਵਿੱਚ ਬਹੁਤ ਦੌੜੇ। ਪਿਆਸ ਨਾ ਬੁਝੀ। ਤ੍ਰਿਹਾਈ-ਆਤਮਾ, ਅਵਚੇਤਨ ਤੋਂ ਅਚਾਨਚਕ ਪ੍ਰਗਟ ਹੁੰਦੀ, ਜਲ ਦੀ ਫ਼ਰਿਆਦ ਕਰਦੀ। ਅੰਤ 1926 ਵਿੱਚ ਪਾਂਡੂਚੇਰੀ, (ਹੁਣ ਪੁਡੂਚੇਰੀ) "ਅਰਵਿੰਦੋ ਆਸ਼੍ਰਮ" ਦੀ ਸਥਾਪਨਾ ਕੀਤੀ। ਉਥੇ ਹੀ ਮਸ਼ਹੂਰ ਪੁਸਤਕ "ਦੀ ਅਨਕੰਟੇਂਟੇਡ ਥਰੱਸਟ" ਐਤ੍ਰਿਪਤ ਪਿਆਸ" ਲਿਖੀ। ਬਾਹਰੋਂ, ਸੰਸਾਰ 'ਚ ਭੌਤਿਕ ਸਮੱਗਰੀ ਦਾ, ਧਨ ਪਦਾਰਥ ਦਾ, ਜਿੰਨਾ ਮਰਜ਼ੀ ਸੰਗ੍ਰਹਿ ਕਰ ਲਈਏ... "ਜੀਵਾਤਮਾ ਅਤ੍ਰਿਪਤ ਰਹਿ ਜਾਂਦੀ ਹੈ।"

ਮੇਰੇ ਪਾਤਸ਼ਾਹ ਕਹਿੰਦੇ ਹਨ, ਇਸ ਆਤਮ-ਜਲ ਦਾ ਅਧਿਕਾਰੀ ਤਾਂ ਸਤਿਗੁਰ ਹੁੰਦਾ ਹੈ—

"ਸਤਿਗੁਰ ਮਿਲਿਐ ਜਲੁ ਪਾਈਐ ॥"

ਅਸੀਂ, ਤੁਸੀਂ, ਵਾਯੂਮੰਡਲ ਦੇਖਦੇ ਹਾਂ। ਕੁਝ ਦਿਸਦਾ ਨਹੀਂ, ਪਰ ਸਮਝਦੇ ਹਾਂ, ਇਸ ਵਿੱਚ ਵਾਯੂ ਹੈ... ਹਵਾ ਹੈ। ਵਿਗਿਆਨੀਆਂ ਨੇ, ਗਹਿਰੀ ਦ੍ਰਿਸ਼ਟੀ ਨਾਲ ਵੇਖਿਆ ਤਾਂ ਇਸ ਵਾਯੂਮੰਡਲ ਵਿੱਚ, ਆੱਕਸੀਜ਼ਨ, ਹਾਈਡ੍ਰੋਜਨ, ਕਾਰਬਨ ਡੀ ਆੱਕਸਾਈਡ, ਕਾਰਬਨ ਮੋਨੋ ਆੱਕਸਾਈਡ, ਨਾਈਟ੍ਰੋਜਨ, ਹਿਲੀਅਮ... ਕਈ ਗੈਸਾਂ ਨੂੰ ਲੱਭ ਲਿਆ। ਗੁਰੂ ਨਾਨਕ ਪਾਤਸ਼ਾਹ ਨੇ ਇਸ ਵਿੱਚ ਸੁੰਨ ਵੇਖ ਲਿਆ... ਸਿਰਜਨਹਾਰ ਦੀ ਸਾਰੀ ਖੇਡ ਵੇਖ ਲਈ। ਗੁਰਬਾਣੀ ਉਚਾਰਨ ਕੀਤੀ, ਇਸੇ ਸੁੰਨ 'ਚੋਂ ਪੰਜ ਤੱਤ ਸਿਰਜ ਰਹੇ ਹਨ... ਇਹਨਾਂ ਦਾ ਸੰਯੋਗ ਹੋ ਰਿਹਾ ਹੈ... ਸਾਰੀ ਸ੍ਰਿਸ਼ਟੀ ਇਥੋਂ ਹੀ ਜੰਮ ਰਹੀ... ਮੌਤ ਬਾਅਦ ਸਾਰੇ ਤੱਤ ਇਸੇ ਵਿੱਚ ਸਮਾਹਿਤ ਹੋ ਰਹੇ ਹਨ। ਇਹ "ਪਰਮ ਚੇਤਨਾ" ਹੈ, ਨਿਰਾ ਗੈਸਾਂ ਦਾ ਮਿਸ਼ਰਣ ਮਾਤਰ ਨਹੀਂ ਹੈ। ਇਹ ਪਵਨ ਮੰਡਲ, ਸਤਿਗੁਰ ਦਾ ਬਿੰਬ ਹੈ। ਤੱਤ-ਦਰਸ਼ਨ ਯੋਗ ਦ੍ਰਿਸ਼ਟੀ ਦੇ ਅਭਾਵ ਵਿੱਚ "ਗੁਰੂ" ਇੱਕ ਮਨੁੱਖ ਦਿਸਦਾ ਹੈ। ਤੱਤ ਦਰਸ਼ੀ ਕੋਈ ਯੋਗੀ ਵੇਖਦਾ ਹੈ, ਇਹ ਸਰੀਰ-ਜਗਤ ਦਾ ਸਿਰਜਕ ਹੈ... ਇਹੋ ਵਿਸਰਜਨ ਹੈ। ਜਨਮ ਅਤੇ ਮੌਤ ਦਾ ਬ੍ਰਹਮ-ਬਿੰਦੂ, ਇਹ ਗੁਰੂ ਹੈ। ਤਾਂ ਪਾਤਸ਼ਾਹ ਕਹਿੰਦੇ ਹਨ—"ਸਤਿਗੁਰੂ ਮਿਲਿਐ ਜਲੁ ਪਾਈਐ"

ਬਾਲਕ ਦਾ ਜਨਮ ਹੋਇਆ। ਬਸ ਪਹਿਲੇ ਪੰਜ ਮਿੰਟ, ਆਜ਼ਾਦੀ ਦੇ ਉਸ ਨੂੰ ਨਸੀਬ ਹੋਏ। ਪੰਜਾਂ ਮਿਟਾਂ ਵਿੱਚ ਉਸ ਦਾ ਇਸ਼ਨਾਨ, ਵਸਤਰ, ਉਸ ਦਾ ਕੋਈ ਨਾਂ, ਉਸ ਦੀ ਪਛਾਣ, ਉਸ 'ਤੇ ਚਿਪਕਾ ਦਿੱਤੀ ਜਾਂਦੀ ਹੈ। ਲਾਉਤੇਸ ਕਹਿੰਦੈ, ਬਸ ਪਹਿਲੇ ਪੰਜ ਮਿੰਟ, ਆਜ਼ਾਦੀ ਦੇ ਹੈ ਸਨ। ਨੰਗਾ ਬਾਲ, ਨਾਮ ਤੋਂ ਰਹਿਤ, ਪਛਾਣ ਤੋਂ ਰਹਿਤ, ਪਾਪ ਤੋਂ ਰਹਿਤ... ਦਿੱਵ ਰੂਪ। ਪੰਜ ਮਿੰਟਾਂ ਮਗਰੋਂ, ਉਹ, ਹਿੰਦੂ, ਮੁਸਲਮਾਨ, ਸਿੱਖ, ਈਸਾਈ ਜਾਂ ਬੌਧ... ਕਿਸੇ ਸੰਪਰਦਾ ਦੀ ਇੱਕ "ਗਿਣਤੀ" ਬਣ ਜਾਂਦਾ ਹੈ। ਜ਼ਿੰਦਗੀ ਦੇ ਪਹਿਲੇ ਪੰਜ ਮਿੰਟ, ਜਿਹੜਾ ਮੌਨ, ਜਿਹੜੀ ਪਵਿੱਤਰਤਾ, ਜਿਹੜੀ ਤ੍ਰਿਪਤੀ ਦੇ ਗਏ, ਉਹ ਮੁੜ ਨਸੀਬ ਨਾ ਹੋਇਆ। ਕੋਈ ਭਾਗਾਂ ਵਾਲਾ ਖਿਨ, ਕੋਈ ਸੁਲੱਖਣੀ ਘੜੀ, ਰੱਬ ਮੇਹਰ ਕੀਤੀ... ਗੁਰੂ ਮਿਲਾ ਦਿੱਤਾ।

"ਸਤਿਗੁਰ ਮਿਲਿਐ ਜਲੁ ਪਾਈਐ, ਚੂਕੈ ਭੂਖ ਪਿਆਸ ॥"

ਸਤਿਗੁਰ ਮਿਲਿਆ ਤਾਂ ਇੱਕ ਘਟਨਾ ਘਟੀ, "ਦਵੈਤ" ਹੋ ਗਿਆ। ਦਵੈਤ ਮਤਿ ਦਾ ਖੰਡਨ ਕਰਨ ਵਾਲੇ ਤਥਾਕਥਿਤ ਅਦਵੈਤੀ ਮਤਿ ਅਵਲੰਬੀ, ਸ਼ਾਇਦ ਪੂਰੀ ਤਰ੍ਹਾਂ "ਦਵੈਤ" ਨੂੰ ਅਜੇ ਪ੍ਰਾਪਤ ਨਹੀਂ ਹੋ ਸਕੇ। ਮੇਰਾ ਮੰਨਣਾ ਹੈ ਕਿ ਦਵੈਤ ਨੂੰ ਜਾਣਿਆਂ ਬਗੈਰ, ਅਦਵੈਤ ਨੂੰ ਕੋਈ ਪ੍ਰਾਪਤ ਨਹੀਂ ਹੋ ਸਕਦਾ। ਪਹਿਲਾਂ ਇੱਕ ਰਸਤਾ ਸੀ... ਇੱਕ ਰਾਜ ਮਾਰਗ, ਸਮਝ ਲਵੋ, ਦਿੱਲੀ-ਮਥੁਰਾ ਰੋਡ। ਇੱਕ ਸੜਕ ਦਿੱਲੀ ਤੋਂ ਮਥੁਰਾ ਜਾਂਦੀ ਦਿਸ ਰਹੀ ਹੈ। ਸਿੱਧੀ ਸੜਕ! ਇੱਕ ਲਕੀਰ... ਇੱਕ ਰੇਖਾ ਵਾਂਗ! ਸਤਿਗੁਰ ਨੇ ਰੇਖਾ ਦੇ ਵਿਚਾਲੇ, ਇੱਕ ਬਿੰਦੂ ਅੰਕ ਕਰ ਦਿੱਤਾ। ਬਸ ਏਨੀ ਖੇਡ

ਖੇਡੀ। ਉਹ ਰੇਖਾ, ਉਹ ਸੜਕ, ਦੋ ਹੋ ਗਈਆਂ। ਬਿੰਦੂ ਦੇ ਦੱਖਣ ਵਾਲੀ ਸੜਕ ਹੁਣ ਮਥੁਰਾ ਜਾ ਰਹੀ ਹੈ ਅਤੇ ਬਿੰਦੂ ਦੇ ਉੱਤਰ ਵਾਲੀ ਦਿੱਲੀ ਜਾ ਰਹੀ ਹੈ। ਇਹੋ ਦਵੈਤ ਹੈ। ਦਵੈਤ, ਅਦਵੈਤ ਅਭੇਦ ਹਨ... ਇੱਕੋ ਹਨ, ਨਾ ਸਮਝ ਝਗੜੇ ਦਾ ਕਾਰਨ ਬਣਾ ਲੈਂਦੇ ਹਨ। ਇਹ ਤਾਂ ਜੀਵਨ-ਦਰਸ਼ਨ ਹੈ। ਸਮਝ ਵਿੱਚ ਆ ਗਈ ਤਾਂ ਫ਼ਲਸਫ਼ਾ, ਨਹੀਂ ਤਾਂ ਕਲੇਸ਼ ਦਾ ਕਾਰਨ! ਉਹ ਰੇਖਾ, ਉਹ ਮਾਰਗ, ਅਸੀਂ, ਤੁਸੀਂ ਸਾਰਾ ਪ੍ਰਾਣੀ ਜਗਤ ਹੈ।

ਵੇਖਣ ਨੂੰ ਅਸੀਂ ਇੱਕ ਦੇਹ ਹਾਂ... ਇੱਕ ਪ੍ਰਾਣੀ... ਇੱਕ ਨਾਂ। ਸਤਿਗੁਰ ਨੇ ਇੱਕ ਬਿੰਦੂ ਅੰਕਤ ਕਰ ਦਿੱਤਾ। ਹੁਣ ਦੋ ਹੋ ਗਈਆਂ... ਦਵੈਤ ਹੋ ਗਿਆ। ਬਾਹਰ ਨੂੰ ਜਾਈਏ, ਤਾਂ ਭੌਤਿਕ ਦੇਹ... ਅੰਦਰ ਨੂੰ ਜਾਈਏ, ਤਾਂ ਪ੍ਰਭੂ-ਜੋਤਿ! ਹੁਣ ਗੁਰੂ ਪੂਰਨ ਵਿਧੀ ਦਸਦੇ ਹਨ, ਦੋਹਾਂ ਵਿੱਚ ਸਾਂਝ ਸਥਾਪਿਤ ਕਰਨ ਦੀ ਜੁਗਤ। ਤਾਂ, ਸ੍ਰੀ ਗੁਰੂ ਅਮਰਦਾਸ ਪਾਤਸ਼ਾਹ ਦੱਸਦੇ ਹਨ, ਅੰਦਰਲੇ ਰਾਹ ਟੁਰੀਏ, ਤਾਂ ਬਾਬੀਹਾ, ਤ੍ਰਿਹਾਇਆ, ਜਲ ਲਈ ਪੁਕਾਰਦਾ ਦਿਸਦਾ ਹੈ। ਇਹ ਬਾਬੀਹਾ ਸਾਡੀ ਰੂਹ ਹੈ; ਜਿਸਮ ਦੇ ਅੰਦਰਲੇ ਮਾਰਗ 'ਤੇ। ਸਰੀਰ ਦਿਸਦਾ ਹੈ, ਸਰੀਰ ਦੀਆਂ ਜ਼ਰੂਰਤਾਂ, ਸਮਝਦੇ ਹਾਂ... ਯਥਾਸ਼ਕਤ ਪੂਰਿਆਂ ਕਰਨ ਦਾ ਉਪਰਾਲਾ ਵੀ ਕਰਦੇ ਹਾਂ। ਸਾਰੀ ਭੱਜ-ਦੌੜ, ਸੰਸਾਰ ਦੀ, ਸਰੀਰ ਦੇ ਸੰਦਰਭ ਵਿੱਚ ਹੋ ਰਹੀ ਹੈ। ਕਈ ਥਾਵਾਂ 'ਤੇ, ਇਸ ਦੇਹ ਨੂੰ ਮਿੱਟੀ ਕਿਹਾ ਗਿਆ ਹੈ, ਮਾਇਆ ਕਿਹਾ ਗਿਆ ਹੈ। ਇਸ ਨੂੰ ਫਿਜ਼ੂਲ ਘੋਸ਼ਤ ਕਰਨ ਦੀ ਚਰਚਾ ਕੀਤੀ ਗਈ ਹੈ। ਇਹ ਸਭ ਕੁਝ, ਵਿਪਰੀਤ ਵੱਲ ਸੋਚਣ ਦੀ ਮਨੋਦਸ਼ਾ ਹੈ। ਜੇ ਰਾਤ ਹੈ, ਤਾਂ ਦਿਨ ਦੀ ਗੱਲ ਕਰੀਏ... ਜੇ ਦੁੱਖ ਹੈ, ਤਾਂ ਸੁਖ ਦੀ ਗੱਲ ਕਰੀਏ.... ਜੇ ਭੁੱਖ ਹੈ, ਤਾਂ ਭੋਜਨ ਦੀ ਚਰਚਾ ਛੇੜੀਏ। ਇਹ ਵਿਪਰੀਤ ਹੋਣ ਦੀ ਮਨੋਦਸ਼ਾ ਹੈ। ਯਥਾਰਥ ਤਾਂ, ਮੇਰੇ ਗੁਰੂ ਅੰਗਦ ਦੇਵ ਪਾਤਸ਼ਾਹ ਦੱਸੀ :

"ਇਹ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥"

ਇਹ ਸਾਰਾ ਜਗਤ... ਜਗਤ ਦੇ ਵਿਚਾਲੇ ਦਾ ਇੱਕ ਪਿੰਡ, ਇੱਕ ਪ੍ਰਾਣੀ ਦੀ ਦੇਹ! ਇਹ ਕੋਠੜੀ ਹੈ, ਸੱਚੇ ਨਿਰੰਕਾਰ ਦੀ ਅਤੇ ਇਸ ਦੇਹ ਦੇ ਅੰਦਰ ਜਗਦੀ ਜੋਤਿ, ਨਿਰੰਕਾਰ ਆਪ ਹੈ। ਸਾਰਾ ਬ੍ਰਹਮਾਂਡ ਅਤੇ ਸੰਪੂਰਨ ਬ੍ਰਹਮਾਂਡ ਵਿੱਚ ਵਸਦੇ ਪਿੰਡ ਧਾਰੀ ਪ੍ਰਾਣੀ। ਇਹ ਦੋ, ਇੱਕ ਪ੍ਰਭੂ ਬਣਾਏ। ਬਾਹਰਲੀ ਦੇਹ ਨੂੰ ਤਾਂ ਅਸੀਂ ਸਾਰੇ ਚੰਗੀ ਤਰ੍ਹਾਂ ਜਾਣਦੇ ਹਾਂ। ਇਸ ਦੇਹ ਨੂੰ ਸਵਾਰਨ ਦੇ ਜਤਨ ਵੀ ਕਰਦੇ ਹਾਂ। ਅੰਦਰਲੀ ਸੜਕ ਸੁੰਨੀ ਪਈ ਹੈ... ਅਗਿਆਤ, ਅਣਪਛਾਤੀ। ਦਸਮ ਪਾਤਸ਼ਾਹ ਕਹਿੰਦੇ ਹਨ, ਦੋਹਾਂ ਦੀ ਸ਼ਨਾਖਤ, ਦੋਹਾਂ ਦੀ ਪਛਾਣ ਕਰ ਕੇ, ਦੋਹਾਂ ਦੇ ਅਭਿੰਨ ਰਿਸ਼ਤੇ ਦੇ ਧਾਗੇ ਨੂੰ ਜੋੜ ਦੇਣਾ ਹੀ ਅਦਵੈਤ ਹੈ। ਆਪਣਾ ਤਜੁਰਬਾ ਵਖਿਆਨ ਕਰਦੇ ਹਨ—

"ਇਹ ਬਿਧਿ ਕਰਤ ਤਪੱਸਿਆ ਭਯੋ ॥
ਦ੍ਵੈ ਰੂਪ ਤੇ ਇੱਕ ਰੂਪ ਹ੍ਵੈ ਗਯੋ ॥" (ਸ੍ਰੀ ਦਸਮ ਗ੍ਰੰਥ ਪੰ-277)

ਮੇਰੇ ਸਤਿਗੁਰ, ਤੀਜੇ ਗੁਰੂ ਨਾਨਕ, ਅੰਦਰਲੀ ਜੋਤ ਪ੍ਰਤੀ ਸੁਚੇਤ ਕਰਦੇ ਹਨ— ਅਭਾਗਾ ਬਾਬੀਹਾ, ਮੰਦਭਾਗੀ ਜੀਵਾਤਮਾ, ਤ੍ਰਿਹਾਈ ਹੈ, ਤੇਰੀ ਸੁਰਤਿ, ਤੇਰੀ

ਆਤਮਿਕ ਚੇਤਨਾ, ਗੁਰੂ ਤੋਂ ਪ੍ਰਾਪਤ ਅੰਤਰ ਗਿਆਨ ਨਾਲ ਇਸ ਦੀ ਪਿਆਸ ਬੁਝਦੀ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਪਾਤਸ਼ਾਹ, ਔਰੰਗਜ਼ੇਬ ਦੀ ਇਸੇ ਗਫ਼ਲਤ ਨੂੰ ਜ਼ਾਹਿਰ ਕਰਦੇ ਹਨ। ਭੇਖ ਦਾ ਦੀਨ... ਵਿਖਾਵੇ ਦਾ ਇਸਲਾਮ। ਲੋਕਾਂ 'ਤੇ ਜ਼ੁਲਮ ਕਰਦਾ ਰਿਹਾ, ਧੱਕੇ ਨਾਲ ਮਜ਼ਹਬ ਤਬਦੀਲ ਕਰਵੌਂਦਾ ਰਿਹਾ ਅਤੇ ਭੁਲੇਖੇ ਵਿੱਚ ਉਮਰ ਗਵਾ ਦਿੱਤੀ ਕਿ ਅੱਲਾਹ ਖੁਸ਼ ਹੋ ਰਿਹਾ ਹੋਵੇਗਾ। ਜਦੋਂ ਜ਼ਫ਼ਰਨਾਮਾ ਔਰੰਗਜ਼ੇਬ ਤੱਕ ਪਹੁੰਚਿਆ, ਉਸ ਦੀ ਉਮਰ 89 ਸਾਲ ਦੀ ਹੋ ਚੁੱਕੀ ਸੀ। ਬਿਰਧ ਦੇਹ, ਪੁੱਤਰਾਂ ਦੀ ਬਗਾਵਤ ਔਰ ਫਿਰ ਕਲਗੀਧਰ ਪਾਤਸ਼ਾਹ ਨੇ ਸੱਚ ਦਾ ਸ਼ੀਸ਼ਾ ਅੱਗੇ ਰੱਖ ਦਿੱਤਾ—

"ਸ਼ਰੀਅਤ ਪਰਸਤੋਂ ਫ਼ਜ਼ੀਲਤ ਮਆਬ॥
ਹਕੀਕਤ ਸ਼ਨਾਸ਼ੋ ਨਬੀਉਲ ਕਿਤਾਬ॥ (ਬੈਂਤ -੯)

ਤੂੰ ਦੁਨੀਆਂ ਨਾਲ ਜ਼ੁਲਮ ਕਰ ਕੇ, ਆਪਣੇ ਆਪ ਨੂੰ ਦੀਨ ਪ੍ਰਸਤ... ਧਰਮੀ ਸਮਝਦਾ ਰਿਹਾ... ਫ਼ਜ਼ੀਲਤ ਦਾ, ਵਡਿਆਈ ਦਾ, ਸ਼ੋਭਾ ਦਾ ਬਿੰਬ ਸਮਝਦਾ ਰਿਹਾ। ਮੁਗ਼ਾਲਤੇ ਵਿੱਚ ਰਿਹਾ... ਭੁਲੇਖੇ ਵਿੱਚ, ਪਾਪ ਕਮੌਂਦਾ ਰਿਹਾ। ਹਕੀਕਤ ਦੀ, ਸਤਿ ਦੀ ਪਛਾਣ ਨਾ ਕਰ ਸਕਿਆ। ਜਿਹੜੀ ਰੂਹ ਦੀ ਗੱਲ, ਆਤਮਾ ਦਾ ਪ੍ਰੀਚੈ, ਕੁਰਾਨ ਸ਼ਰੀਫ ਵਿੱਚ... ਇਸਲਾਮ ਦੀ ਕਿਤਾਬ ਵਿੱਚ ਪ੍ਰਵਾਨ, ਸੱਚ ਤੋਂ ਦੂਰ ਦੂਰ ਰਿਹਾ। ਅੱਜ ਦਾ ਸੱਤ ਇਹੋ ਹੈ ਕਿ ਤੂੰ ਮੌਤ ਦੇ ਨੇੜੇ ਹੈਂ ਅਤੇ ਤੇਰੇ ਹੱਥ, ਨਾ ਦੀਨ ਰਿਹਾ ਨਾ ਦੁਨੀਆਂ। ਤੂੰ ਮਾੜੇ ਕਰਮਾਂ ਕਰ ਕੇ ਧਰਮ ਵੀ ਗਵਾ ਲਿਆ ਅਤੇ ਤੇਰਾ ਰਾਜ ਵੀ ਬਗ਼ਾਵਤਾਂ ਦੀ ਅੱਗ ਵਿੱਚ ਸੜ ਕੇ ਸੁਆਹ ਹੋ ਰਿਹਾ ਹੈ।

ਤਾਂ ਮੇਰੇ ਸਤਿਗੁਰੂ ਕਹਿੰਦੇ ਹਨ—

"ਸਤਿਗੁਰ ਮਿਲਿਐ ਜਲੁ ਪਾਈਐ..."

ਸਤਿਗੁਰ ਤੇਰੇ ਨਾਲ ਇੱਕ ਪ੍ਰਯੋਗ ਕਰੇਗਾ। ਬਾਹਰਲਾ ਜਿਸਮ ਅਤੇ ਅੰਦਰਲੀ ਰੂਹ ਨੂੰ ਇੱਕ ਸੁਰ ਕਰ ਦੇਵੇਗਾ। ਇੱਕ ਸਾਜ਼ ਅਤੇ ਇੱਕ ਆਵਾਜ਼!

"ਇੱਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ॥"

ਦੇਹ ਮਰਦਾਨੇ ਵਾਂਗ ਰਬਾਬੀ ਬਣ ਜਾਏਗੀ ਅਤੇ ਰੂਹ, ਗੁਰੂ ਨਾਨਕ ਵਾਂਗ ਰੱਬੀ ਗਵੱਈਆ!

ਤਕਰੀਬਨ ਪੰਦਰਾਂ ਸੌ ਸਾਲ ਪਹਿਲਾਂ, ਬਰਮਾਂ ਦਾ ਰਾਜਾ ਸੀ, "ਤੀਬੋ"। ਉਸ ਦੀਆਂ ਕਈ ਰਾਣੀਆਂ ਸਨ। ਛੋਟੀ ਰਾਣੀ "ਸੁਪਾਯਾ" ਨੂੰ ਆਪਣੀ ਸੁੰਦਰਤਾ ਦਾ ਬਹੁਤ ਹੰਕਾਰ ਸੀ। ਹੰਕਾਰ, ਭੈਅ ਦੀ ਬੁਨਿਆਦ 'ਤੇ ਟਿਕਿਆ ਹੁੰਦਾ ਹੈ। ਉਹ ਵੀ ਸਦਾ ਭੈਅ ਵਿੱਚ ਜੀਊਂਦੀ। ਜੇ ਮੇਰੇ ਤੋਂ ਬਹੁਤੀ ਸੋਹਣੀ ਕੋਈ ਮੁਟਿਆਰ, ਰਾਜੇ ਦੀ ਨਜ਼ਰੀਂ ਪੈ ਜਾਵੇ, ਤਾਂ ਮੇਰਾ ਮੁੱਖ ਪਟਰਾਣੀ ਦਾ ਦਰਜਾ ਖੋਹ ਲਿਆ ਜਾਏਗਾ। ਜਾਂ ਕੱਲ੍ਹ, ਜਦੋਂ ਮੇਰੀ ਜਵਾਨੀ ਦੀ ਸਿਖਰ ਦੁਪਹਿਰ ਢਲਣ ਲੱਗੇਗੀ ਤਾਂ ਨਿਰਮੋਹੀ ਤੀਬੋ, ਮੇਰੇ ਤੋਂ ਮੂੰਹ ਮੋੜ ਲਵੇਗਾ। ਭੈਅ ਵਿੱਚ ਸ਼ੰਕਾਗ੍ਰਸਤ ਸੁਪਾਯਾ ਨੇ ਬਰਮਾਂ ਦੀਆਂ ਹਜ਼ਾਰਾਂ ਸੁੰਦਰ ਔਰਤਾਂ ਨੂੰ ਮਰਵਾ ਘੱਤਿਆ; ਕਿਤੇ ਕੋਈ ਹੋਰ ਸੁੰਦਰੀ ਮੇਰਾ ਥਾਂ ਨਾ

ਖੋਹ ਲਵੇ। ਕਹਿੰਦੇ ਹਨ, ਇੱਕ ਦਿਨ, ਇੱਕ ਅਲਮਸਤ ਬੌਧ ਫ਼ਕੀਰ ਨਾਲ ਸੁਪਾਯਾ ਦਾ ਟਾਕਰਾ ਹੋ ਗਿਆ। ਉਸ ਨੇ ਸੁਪਾਯਾ ਨੂੰ ਸ਼ੀਸ਼ਾ ਵਿਖਾ ਦਿੱਤਾ। ਹੰਕਾਰੀ ਹਤਿਆਰਨ ਸੁਪਾਯਾ, ਸੰਸਾਰ 'ਤੇ ਤਾਂ ਸੂਰਜ ਵੀ ਸਵੇਰ ਚੜ੍ਹਦੈ... ਸ਼ਾਮਾਂ ਨੂੰ ਢਲ ਜਾਂਦੈ। ਤੇਰਾ ਰੂਪ, ਸੁਹੱਪਣ ਬਹੁਤ ਜਲਦੀ ਸ਼ਾਮ ਦੀ ਇੱਕ ਕਾਲਖ ਭਰੇ ਹਨੇਰੇ ਵਿੱਚ ਗੁੰਮ ਹੋ ਜਾਏਗਾ... ਕਰਮਾਂ ਦੀ ਸਜ਼ਾ ਲਈ ਤਿਆਰ ਹੋ ਜਾ। ਬਰਮਾਂ ਦੇ ਲੋਕ ਗੀਤਾਂ ਵਿੱਚ, ਕਹਿੰਦੇ ਹਨ, ਫੱਕੜ ਬੋਧੀ ਦੀ ਲਾਹਨਤਾਂ ਨੇ ਗਹਿਰਾ ਜ਼ਖ਼ਮ ਕੀਤਾ... ਸੁਪਾਯਾ ਮਰ ਗਈ।

ਤਾਂ ਪਾਤਸ਼ਾਹ ਕਹਿੰਦੇ ਹਨ, ਸਤਿਗੁਰ ਜੀਵਨ ਹੈ... ਪ੍ਰਾਣ ਦੀ ਊਰਜਾ ਹੈ... ਆਤਮ-ਜਲ ਹੈ... ਅੰਮ੍ਰਿਤ ਬੂੰਦ ਦਾ ਦਾਤਾ। ਇੱਕ ਸਿੱਖ, ਇਸ ਮਰਮ ਨੂੰ ਸਮਝਦਾ ਹੈ। ਮਾਫ਼ ਕਰਨਾ, "ਸਿੱਖ" ਦਾ ਅਰਥ ਮੇਰੇ ਲਈ ਸਿੱਖਿਆ ਹੈ... ਗੁਰੂ ਸਿੱਖਿਆ ਨਾਲ ਭਰਿਆ ਪਾਤਰ। ਇਹ ਸਿੱਖਿਆ ਲਰਨਿੰਗ ਹੈ, ਗੁਰੂ-ਗਿਆਨ ਹੈ। ਲਰਨਿੰਗ ਅਤੇ ਐਜੂਕੇਸ਼ਨ ਵਿੱਚ ਭੇਦ ਹੈ। ਐਜੂਕੇਸ਼ਨ, ਕਿਤਾਬੀ ਸਿੱਖਿਆ, ਕਹਿੰਦਾ ਹੈ, ਰੀਠੇ ਕਉੜੇ ਹੁੰਦੇ ਹਨ। ਅਸੀਂ ਉਸ ਬਨਸਪਤੀ ਗਿਆਨ ਨੂੰ ਨਕਾਰ ਨਹੀਂ ਸਕਦੇ। ਵਾਕਈ, ਰੀਠੇ ਕਉੜੇ ਹੁੰਦੇ ਹਨ। ਇਹ ਐਜੂਕੇਸ਼ਨ ਹੈ। ਗੁਰੂ ਗਿਆਨ, ਗੁਰੂ ਸਿੱਖਿਆ ਕਹਿੰਦੀ ਹੈ, ਜੇ ਮੇਰਾ "ਬਾਬਾ" ਕਹਿੰਦਾ ਹੈ, ਮਰਦਾਨਿਆ, ਦਰੱਖ਼ਤ ਤੇ ਚੜ੍ਹ ਜਾ... ਸਾਧਾਂ ਨੂੰ, ਨਾਥਾਂ ਜੋਗੀਆਂ ਨੂੰ ਮਿੱਠੇ ਰੀਠੇ ਛਕਾਉ ਤਾਂ ਰੀਠੇ ਮਿੱਠੇ ਹੋ ਜਾਂਦੇ ਹਨ, ਇਹ ਲਰਨਿੰਗ ਹੈ... ਗੁਰੂ ਦੀ ਸਿੱਖਿਆ ਹੈ। ਤਾਂ ਮੇਰੀ ਨਜ਼ਰ ਵਿੱਚ, ਸਿੱਖ ਦਾ ਅਰਥ, ਭੇਖ ਅਤੇ ਪਹਿਰਾਵੇ ਵਾਲਾ ਮਾਤਰ ਸਿੱਖ ਨਹੀਂ ਹੈ। ਗੁਰੂ ਦੀ ਸਿੱਖਿਆ ਨੂੰ, ਸਿਰ ਧਾਰਨ ਵਾਲਾ ਹੀ ਸਿੱਖ ਹੁੰਦਾ ਹੈ।

ਹਨੂੰਮਾਨ, ਭਗਵਾਨ ਸ੍ਰੀ ਰਾਮ ਦਾ ਸਿੱਖ ਸੀ। ਅੰਦਰ ਗੁਰੂ ਦੀ ਪ੍ਰਤੀਤ ਸੀ। ਸਿਰ ਵਿਚਲੀ ਮਤਿ ਮਨਮਤਿ ਸੀ। ਸੀਸ, ਗੁਰੂ ਚਰਨਾਂ 'ਤੇ ਰੱਖਿਆ ਤਾਂ ਨਿਜ ਦੀ ਮਤਿ, ਉਥੇ ਹੀ ਛੱਡ ਆਏ... ਗੁਰੂ ਦੀ ਮਤਿ ਰਹਿ ਗਈ। ਰਾਵਣ ਨਾਲ ਜੰਗ ਚੱਲ ਰਹੀ ਸੀ। ਮੇਘਨਾਥ ਦਾ ਸ਼ਕਤੀਬਾਣ, ਲੱਛਮਣ ਨੂੰ ਲੱਗਾ, ਬੇਹੋਸ਼ ਹੋ ਡਿੱਗ ਪਿਆ। ਸ੍ਰੀ ਰਾਮ ਸੈਨਾ ਵਿੱਚ ਖਲਬਲੀ ਪੈ ਗਈ। ਸੁਸੈਨ ਵੈਦ ਨੇ ਕਿਹਾ, ਅੱਧੀ ਰਾਤ ਹੋ ਚੁੱਕੀ ਹੈ, ਪ੍ਰਭਾਤ ਦੇ ਸੂਰਜ ਉਦੈ ਹੋਣ ਤੋਂ ਪਹਿਲਾਂ, ਸੁਮੇਰ ਪਰਬਤ 'ਤੇ ਮੌਜੂਦ ਸੰਜੀਵਨੀ ਬੂਟੀ ਜੇ ਦੇ ਦਿੱਤੀ ਜਾਏ ਤਾਂ ਲਛਮਣ ਬਚ ਸਕਦਾ ਹੈ। ਭਲਕੇ ਦਾ ਚੜ੍ਹਦਾ ਸੂਰਜ, ਮੌਤ ਦਾ ਸੁਨੇਹਾ ਲੈ ਕੇ ਚੜ੍ਹੇਗਾ। ਘਬਰਾਹਟ ਪੈ ਗਈ। ਅੱਧੀ ਰਾਤ ਲੰਘ ਚੁੱਕੀ ਹੈ। ਪ੍ਰਭਾਤ ਦੀ ਲੋਅ ਤੋਂ ਪਹਿਲਾਂ... ਇਹ ਤਾਂ ਕਿਸੇ ਹਾਲ ਸੰਭਵ ਨਹੀਂ। ਜਾਂਬਵੰਤ, ਅੰਗਦ, ਸੁਗ੍ਰੀਵ, ਸਾਰੇ ਇੱਕ-ਦੂਜੇ ਦਾ ਮੂੰਹ ਵੇਖਣ। ਸਾਰਿਆਂ ਨੀਵੀਆਂ ਪਾਈਆਂ ਸਨ। ਹਨੂੰਮਾਨ ਉਠ ਖਲੋਤਾ... ਸ੍ਰੀ ਰਾਮ ਦਾ ਸੱਚਾ ਸਿੱਖ ਸੀ। ਸਿਖਿਆਰਥੀ ਤਾਂ ਹੋਰ ਵੀ ਉੱਥੇ ਕਈ ਸਨ। ਪਰ, ਪੂਰਨ ਸਿੱਖਿਆ ਨੂੰ ਧਾਰਨ ਕਰਨ ਵਾਲਾ ਸਿੱਖ ਹੁੰਦੈ। ਤਾਂ ਮੈਂ ਹਨੂੰਮਾਨ ਨੂੰ ਸਿੱਖ ਕਹਿੰਦਾਂ। ਉਸ, ਤਤਕਾਲ ਆਪਣੇ 'ਤੇ ਇੱਕ ਪ੍ਰਯੋਗ ਕੀਤਾ, ਇੱਕ ਐਕਸਪੈਰੀਮੈਂਟ। ਅੰਦਰ ਮਨ 'ਚੋਂ, ਹਿਰਦੈ 'ਚੋਂ ਹਨੂੰਮਾਨ ਨੂੰ ਕੱਢ ਦਿੱਤਾ... ਸ੍ਰੀ

ਰਾਮ ਨੂੰ ਉਤਾਰ ਲਿਆ ਔਰ ਉਸੇ ਖਿਨ ਬ੍ਰਹਮਾਂਡੀ ਅਤੁਲ ਸ਼ਕਤੀਆਂ ਅੰਦਰ ਉਤਰ ਗਈਆਂ—

"ਰਾਮ ਚਰਨ ਸਰਸਿਜ ਉਰ ਰਾਖੀ,
ਚਲੇਉ ਪ੍ਰਭੰਜਨ ਸੁਤ ਬਲ ਭਾਸੀ॥
ਸ੍ਰੀ ਰਾਮਚਰਿਤ ਮਾਨਸ (ਲੰਕਾ ਕਾਂਡ)

ਹਿਰਦੈ ਵਿੱਚ, ਗੁਰੂ ਦੀ ਪ੍ਰਤੀਤ ਆਈ, ਤਾਂ ਅਨੰਤ ਸ਼ਕਤੀਆਂ ਅੰਦਰ ਉਤਰ ਆਈਆਂ... ਪਵਨ ਪੁੱਤਰ ਹਨੂੰਮਾਨ, ਆਕਾਸ਼ ਵਿੱਚ ਉੱਡੇ, ਸੰਜੀਵਨੀ ਬੂਟੀ ਦੀ ਥਾਂ ਕਹਿੰਦੇ ਹਨ, ਸੁਮੇਰ ਪਰਬਤ ਹੀ ਚੁੱਕ ਲਿਆਏ। ਦਵਾ ਦਿੱਤੀ, ਲਛਮਣ ਉੱਠ ਖਲੋਤੇ।

"ਗੁਰੂ" ਦਾ ਅਰਥ, ਹਰ ਮਨੁੱਖ ਲਈ ਵੱਖ ਹੋ ਸਕਦਾ ਹੈ। ਸ੍ਰੀ ਗੁਰੂ ਨਾਨਕ ਪਾਤਸ਼ਾਹ ਤੋਂ ਬਾਅਦ, ਭਾਈ ਲਹਿਣਾ ਜੀ ਗੁਰਤਾ ਗੱਦੀ 'ਤੇ ਬਿਰਾਜਮਾਨ ਹੋਏ। ਕਿਸੇ ਭਾਈ ਬਾਲਾ ਜੀ ਤੋਂ ਪੁੱਛਿਆ, "ਤੁਸੀਂ ਵੀ ਸਤਿਗੁਰ ਨਾਨਕ ਦੇ ਸੰਗ ਸਾਥ ਸਦਾ ਰਹੇ ਹੋ... ਤੁਹਾਨੂੰ ਬਾਬੇ ਨਾਨਕ ਨੇ ਗੁਰੂ ਕਿਉਂ ਨਹੀਂ ਬਣਾਇਆ? ਬਾਲਾ ਜੀ ਨੇ ਕਿਹਾ, "ਗੁਰੂ ਨਾਨਕ ਪਾਤਸ਼ਾਹ ਨੂੰ ਜਿੰਨੇ, ਜਿਵੇਂ ਕਰ ਕੇ ਜਾਣਿਆ, ਉਸ ਨੂੰ ਸਤਿਗੁਰ ਜੀ ਨੇ ਉਵੇਂ ਦਾ ਬਣਾ ਦਿੱਤਾ। ਮੈਂ ਬਾਬੇ ਨਾਨਕ ਨੂੰ ਪੂਰਨ ਸੰਤ ਕਰ ਕੇ ਜਾਣਿਆ, ਮੈਨੂੰ ਪੂਰਨ ਸੰਤ ਬਣਾ ਦਿੱਤਾ। ਭਾਈ ਲਹਿਣੇ, ਨਾਨਕ ਨੂੰ, ਨਿਰੰਕਾਰ ਜਾਣਿਆ, ਉਸ ਨੂੰ ਨਿਰੰਕਾਰ ਵਾਂਗ ਸਰਬ ਕਲਾ ਸਮਰੱਥ ਬਣਾ ਦਿੱਤਾ। ਕਿਸੇ ਕਾਲ ਖੰਡ ਵਿੱਚ ਅਵਤਰਿਤ ਅਵਤਾਰ ਨੂੰ, ਗੁਰੂ ਨੂੰ ਸੰਪੂਰਨ ਖਲਕ ਨੇ ਨਹੀਂ ਸਵੀਕਾਰਿਆ। ਸ੍ਰੀ ਰਾਮ, ਸ੍ਰੀ ਕ੍ਰਿਸ਼ਨ, ਬੁੱਧ ਜਾਂ ਗੁਰੂ ਨਾਨਕ ਨੂੰ ਬਹੁਤੇ ਸਮਕਾਲੀਆਂ ਨੇ ਦੇਹਧਾਰੀ ਬੰਦਾ ਹੀ ਜਾਣਿਆ। ਦੇਹਧਾਰੀ ਮਨੁੱਖ, ਅਕਾਲ ਦਾ ਪ੍ਰਤੀਰੂਪ ਕਿਵੇਂ ਹੋ ਸਕਦਾ ਹੈ? ਇੱਕ ਨਰ ਦੇਹ ਵਿੱਚ, ਨਾਰਾਇਣ ਨੂੰ ਵੇਖਣ ਵਾਲੀਆਂ ਅੱਖਾਂ, ਕੋਈ ਹੋਰ ਹੁੰਦੀਆਂ ਹਨ।

ਅਸੀਂ ਸਾਰੇ ਪਵਨ ਮੰਡਲ ਦੇਖਦੇ ਹਾਂ। ਇਸ ਵਾਯੂਮੰਡਲ ਨੂੰ ਬਸ ਹਵਾ ਦਾ ਤਲ ਦੇਖਦੇ ਹਾਂ। ਵਿਗਿਆਨੀਆਂ, ਇਸ ਹਵਾ ਮੰਡਲ ਵਿੱਚ, ਅੱਕਸੀਜਨ, ਹਾਈਡ੍ਰੋਜਨ, ਨਾਈਟ੍ਰੋਜਨ, ਕਾਰਬਨ ਡੀ ਅੱਕਸਾਈਡ, ਕਾਰਬਨ ਮੋਨੋ ਅੱਕਸਾਈਡ, ਜਲ ਦੇ ਕਣ, ਹਿਲੀਅਨ, ਜਿਹੀਆਂ ਕਈ ਗੈਸਾਂ ਦਾ ਮਿਸ਼ਰਣ ਵੇਖ ਲਿਆ। ਸ੍ਰੀ ਗੁਰੂ ਨਾਨਕ ਨੇ, ਇਸ ਮੰਡਲ ਨੂੰ ਸੁੰਨ, ਸਿਰਜਨ ਦਾ ਮੰਡਲ ਕਿਹਾ—

ਪੰਚ ਤਤੁ ਸੁੰਨਹੁ ਪਰਗਾਸਾ॥
ਦੇਹ ਸੰਜੋਗੀ ਕਰਮ ਅਭਿਆਸਾ॥

ਇਥੇ ਹੀ ਖਿੱਲਰੇ ਹੋਏ ਪੰਜ ਤੱਤਾਂ ਦਾ ਸੰਗ੍ਰਹਿ, ਸੰਯੋਗ ਕਰ ਕੇ ਪ੍ਰਾਣੀ ਦੇਹ ਸਿਰਜ ਰਹੀ ਹੈ। ਸੰਪੂਰਨ ਸ੍ਰਿਸ਼ਟੀ ਮਰ ਕੇ ਇਸੇ ਵਿੱਚ ਲੀਨ ਹੋ ਰਹੀ ਹੈ। ਤਾਂ ਪਾਤਸ਼ਾਹ ਕਹਿੰਦੇ ਹਨ, ਸਤਿਗੁਰ ਕੋਲ ਰੱਬੀ ਜਲ ਹੁੰਦਾ ਹੈ, ਜਿਸ ਨਾਲ ਤ੍ਰਿਹਾਈਆਂ, ਵਿਆਕੁਲ ਰੂਹਾਂ ਤ੍ਰਿਪਤ ਹੁੰਦੀਆਂ ਹਨ।

"...ਸਤਿਗੁਰਿ ਮਿਲਿਐ ਜਲੁ ਪਾਈਐ, ਚੂਕੈ ਭੂਖ ਪਿਆਸ..."

# ਆਤਮ ਰਸੁ

ਸੰਸਾਰ ਵਿੱਚ, ਰਸ ਕਈ ਹਨ, ਕਾਮ ਰਸ, ਲੋਭ ਰਸ, ਮੋਹ ਰਸ। ਕ੍ਰੋਧ ਅਤੇ ਹੰਕਾਰ ਵੀ ਭੌਤਿਕਵਾਦੀ ਵਿਚਾਰਕ, ਰਸ ਮੰਨਦੇ ਹਨ। ਇਹਨਾਂ ਰਸਾਂ ਦਾ ਭੋਗ, ਇੰਦ੍ਰੀਆਂ ਕਰਦੀਆਂ ਹਨ। ਭੋਜਨ ਪਦਾਰਥਾਂ ਦਾ ਭੋਗ ਮੂੰਹ ਕਰਦਾ ਹੈ। ਸੁੰਦਰਤਾ ਰਸ ਦਾ ਭੋਗ, ਨਜ਼ਰਾਂ ਕਰਦੀਆਂ ਹਨ। ਰਾਗ ਨਾਦ ਸ੍ਰਵਣ ਦਾ ਭੋਗ, ਕੰਨ ਕਰਦੇ ਹਨ। ਇਸ ਤੋਂ ਇਲਾਵਾ, ਸਾਹਿਤ ਦੇ ਰਸ, ਬੀਰ ਰਸ, ਸ਼ਿੰਗਾਰ ਰਸ, ਕਰੁਣਾ ਰਸ, ਰੁਦ੍ਰ ਰਸ। ਸਾਰੇ ਭੋਗ, ਇੰਦ੍ਰੀਆਂ ਕਰਦੀਆਂ ਹਨ... ਪਰ ਤ੍ਰਿਪਤ ਤਾਂ ਮਨ ਹੁੰਦਾ ਹੈ। ਕੁਝ ਚੰਗਾ ਪਦਾਰਥ ਛਕਿਆ, ਕਹਿੰਦੇ ਹਾਂ ਮਨ ਪ੍ਰਸੰਨ ਹੋ ਗਿਆ। ਸਾਰੀਆਂ ਭੋਗ-ਇੰਦ੍ਰੀਆਂ, ਮਨ ਦੀ ਇੱਛਾ ਅਨੁਰੂਪ ਹੀ ਕ੍ਰਿਆਸ਼ੀਲ ਹੁੰਦੀਆਂ ਹਨ। ਪਰ ਇਹਨਾਂ, ਸੰਸਾਰਕ ਭੋਗ-ਰਸਾਂ ਤੋਂ ਪਰ੍ਹੇ ਇੱਕ ਰਸ ਹੁੰਦਾ ਹੈ, ਆਤਮ ਰਸ! ਇੰਦ੍ਰੀਆਂ ਇਸ ਰਸ-ਭੋਗ ਦਾ ਅਧਿਕਾਰ ਨਹੀਂ ਰੱਖਦੀਆਂ। ਇਹ ਇੰਦ੍ਰੀ ਅਤੀਤ ਰਸ ਹੁੰਦਾ ਹੈ। ਪਰ ਇਹ ਗੱਲ ਅਚਰਜ ਭਰੀ ਹੈ ਕਿ ਆਤਮ ਰਸ ਦਾ ਆਨੰਦ ਵੀ ਮਨ ਹੀ ਮਹਿਸੂਸ ਕਰਦਾ ਹੈ। ਕਾਮ ਦਾ ਰਸ ਆਇਆ ਤਾਂ ਮਨ ਤ੍ਰਿਪਤ ਹੋਇਆ... ਰਾਮ ਦਾ ਰਸ ਆਇਆ ਤਾਂ ਭੀ ਕਹਿੰਦੇ ਹਾਂ :

"ਝਿਮ ਝਿਮ ਵਰਸੈ ਅੰਮ੍ਰਿਤ ਧਾਰਾ॥
ਮਨੁ ਪੀਵੈ ਸੁਨਿ ਸਬਦੁ ਬੀਚਾਰਾ॥" (ਮਾਝ ਰਾਗ, ਪੰਜਵੇਂ ਪਾਤਸ਼ਾਹ)

ਕਿਸੇ ਸਿਨਮੇ... ਰੰਗੀਨ ਮਹਿਫ਼ਲ ਵਿੱਚ ਜਾਣਾ ਹੋਵੇ, ਕਹਿੰਦੇ ਹਾਂ, ਅੱਜ ਮਨ ਕਰਦੈ। ਗੁਰੂ ਦਰਸ਼ਨਾਂ ਨੂੰ ਜਾਣਾ ਹੋਵੇ, ਕਹਿੰਦੇ ਹਾਂ, "ਦਰਸ਼ਨ ਨੂੰ ਮਨ ਲੋਚਦੈ।" ਇਹ ਮਨ ਦੋ-ਧਾਰੀ ਤਲਵਾਰ ਹੈ। ਤਾਂ ਤੀਜੇ ਪਾਤਸ਼ਾਹ, ਬੇਣੀ ਭਗਤ ਨੂੰ, ਸ੍ਰੀ ਗੋਇੰਦਵਾਲ ਆਇਆਂ ਤੇ, ਉਪਦੇਸ਼ ਦਿੰਦੇ ਹਨ, ਹੋਰ ਤਰਕ-ਕੁਤਰਕ, ਵਾਦ-ਵਿਵਾਦ ਕਰਨ ਤੋਂ ਵੱਧ ਜ਼ਰੂਰੀ ਹੈ, ਮਨ ਨਾਲ ਪ੍ਰੀਚਤ ਹੋਣਾ। ਇਹ ਮਨ ਕੀ ਹੈ ?

"ਇਹੁ ਮਨੁ ਗਿਰਹੀ ਕਿ ਇਹੁ ਮਨ ਉਦਾਸੀ ?

ਮਨ, ਸੰਸਾਰ ਭੋਗ ਕਰਦਾ ਹੋਇਆ ਗ੍ਰਿਹਸਥ ਹੈ ਜਾਂ ਸੰਸਾਰ ਤੋਂ ਵਿਰਕਤ ਉਦਾਸ ਜੀਵਾਤਮਾ ?

ਦੋਹਾਂ ਥਾਵਾਂ 'ਤੇ ਮਨ ਹੀ ਪ੍ਰਯੋਗ ਕੀਤਾ ਜਾਂਦਾ ਹੈ। ਬੇਣੀ ਭਗਤ ਦੀ ਅੰਤਰ ਆਤਮਾ ਨੂੰ ਇਹ ਗੱਲ ਛੂਹ ਗਈ। ਸ੍ਰੀ ਗੋਇੰਦਵਾਲ, ਗੁਰੂ ਕੀ ਨਗਰੀ ਨੇ, ਪੰਡਿਤ ਜੀ ਨੂੰ ਉਥੇ ਹੀ ਫੜ ਕੇ ਬਿਠਾ ਲਿਆ। ਆਪਣੇ ਹੀ ਅੰਦਰ, ਗਹਿਰੀ ਘਾਟੀਆਂ ਵਿੱਚ ਮਨ ਨੂੰ ਭਾਲਦੇ ਰਹੇ ਔਰ ਰਾਤ-ਦਿਨ ਦੀ ਇਹ ਪ੍ਰਬਲ ਜਗਿਆਸਾ, ਇੱਕ ਦਿਨ ਮਨ ਤੋਂ ਪਾਰ ਲੰਘ ਗਈ। ਭੋਗ ਦੀਆਂ ਅਭਿਲਾਖੀ ਇੰਦ੍ਰੀਆਂ ਦੀ ਪਿੱਠ 'ਤੇ ਥਾਪੀ ਦੇਣ ਵਾਲਾ ਮਨ ਹੁਣ ਨਹੀਂ ਰਿਹਾ। ਸੰਸਾਰਕ ਰਸ ਸਾਰੇ ਫਿੱਕੇ ਹੋਇ ਗਏ। ਇੱਕ ਨਿਵੇਕਲਾ,

ਲੋਕ-ਰਸ ਤੋਂ ਪਰ੍ਹੇ—ਰੱਬੀ ਰਸ... ਆਤਮਾ ਰਸ ਦੀ ਫੁਹਾਰ ਪੈਣ ਲੱਗ ਪਈ।

ਤਾਂ ਪੰਜਵੇਂ ਪਾਤਸ਼ਾਹ, ਇਸ ਵਿਸਮਾਧੀ ਰਸ ਬਾਬਤ, ਪਵਿੱਤਰ ਗੁਰਬਾਣੀ ਉਚਾਰਦੇ ਹਨ—

"ਆਤਮ ਰਸੁ ਜਿਹ ਜਾਨਿਆ ਹਰਿ ਰੰਗ ਸਹਜੇ ਮਾਣੁ ॥
ਨਾਨਕ ਧਨਿ ਧਨਿ ਧੰਨਿ ਜਨ ਆਏ ਤੇ ਪਰਵਾਣੁ ॥" (ਪੰਨਾ-252)

ਆਤਮ-ਪ੍ਰਦੇਸ਼, ਸ੍ਰਿਸ਼ਟੀ ਤੋਂ ਪਰ੍ਹੇ ਦਾ ਦੇਸ਼ ਹੈ। ਇਸ ਦਾ ਸਿਰਜਣ ਨਹੀਂ ਹੋਇਆ। ਇਹ ਪਰਮ ਤੱਤ ਹੈ, ਜਿਸ ਵਿੱਚ ਕਿਸੇ ਦੀ ਦਖਲ ਅੰਦਾਜ਼ੀ ਨਹੀਂ ਹੋ ਸਕਦੀ। ਤੱਤ, ਉਹ ਹੁੰਦਾ ਹੈ, ਜੋ ਇੱਕੋ ਪਰਮਾਣੂ ਤੋਂ ਬਣਿਆ ਹੋਵੇ। ਬਾਹਰਲਾ ਕੋਈ ਤੱਤ ਮਿਲਦਿਆਂ ਇਹ ਯੋਗਿਕ ਜਾਂ ਹੋਰ ਅੱਗੇ ਮਿਸ਼ਰਣ ਬਣ ਜਾਂਦਾ ਹੈ। ਪ੍ਰਮਾਤਮਾ ਤੱਤ ਵੀ ਨਹੀਂ, ਤੱਤਾਂ ਦਾ ਵੀ ਸਿਰਜਣਹਾਰ, ਪਰਮ ਤੱਤ... ਪਰਮ ਪੁਰਖ! ਇਹ ਅਗੰਮ ਹੈ। ਇੱਥੇ ਕੋਈ ਪਹੁੰਚ ਨਹੀਂ ਸਕਦਾ। ਇਸ ਦਾ ਕੋਈ ਆਕਾਰ ਨਹੀਂ, ਦਿੱਖ ਨਹੀਂ, ਭੁਗੋਲ ਨਹੀਂ। ਨਕਸ਼ਾ ਵੀ ਨਹੀਂ ਬਣਾਇਆ ਜਾ ਸਕਦਾ। ਸਵਾਲ ਇਹ ਹੈ ਕਿ ਜੇ ਇਸ ਆਤਮ-ਦੇਸ਼ ਕੋਈ ਪਹੁੰਚ ਨਹੀਂ ਸਕਦਾ, ਕੋਈ ਦ੍ਰਿਸ਼ਟੀ, ਦੇਖ ਨਹੀਂ ਸਕਦੀ। ਤਾਂ ਫਿਰ ਸਤਿਗੁਰਾਂ ਨੇ, ਭਗਤਾਂ ਨੇ, ਉਸ ਥਾਂ ਦੀ ਉਪਮਾ ਕਿਵੇਂ ਕੀਤੀ ਅਤੇ ਕਿਉਂ ਕੀਤੀ। ਭਗਤ ਕਬੀਰ ਜੀ ਕਹਿੰਦੇ ਹਨ, ਦੇਹ ਦੇ ਨਾਲ ਜੁੜੀਆਂ ਹੋਈਆਂ, ਮਨ, ਬੁੱਧੀ, ਇੰਦ੍ਰੀਆਂ ਤੋਂ ਉਪਜੀ ਸੋਚ ਜਾਂ ਕਲਪਨਾ ਦੀ ਉਡਾਣ ਉੱਥੇ ਨਹੀਂ ਪਹੁੰਚ ਸਕਦੀ। ਇਹ ਸਾਰੇ ਲੌਕਿਕ ਹਨ, ਲੋਕ ਸੰਸਾਰ ਨਾਲ ਸਿਰਜਤ ਭੌਤਿਕ ਪਦਾਰਥ! ਰੂਹਾਂ ਦਾ ਦੇਸ਼, ਅਦਿੱਖ ਮੰਡਲ ਹੈ। ਨੇਤਰ, ਕੰਨ, ਅੱਖਾਂ ਜਾਂ ਸਪਰਸ਼ਯੋਗ ਤਵੱਚਾ, ਉਸ ਦੀ ਜੋ ਵੀ ਜਾਣਕਾਰੀ ਲਵੇਗੀ, ਉਹ ਕਿਤਾਬਾਂ 'ਚੋਂ ਪੜ੍ਹੇ ਹੋਏ, ਕਿਸੇ ਤੋਂ ਸੁਣੇ ਹੋਏ, ਅੱਖਰਾਂ ਦੀ ਤਰਤੀਬ ਮਾਤਰ ਹੋਵੇਗੀ। ਪੱਲੇ ਕੁਝ ਨਹੀਂ ਹੁੰਦਾ। ਸਿਰਫ ਅਨੁਭਵ, ਨਿੱਜ ਦਾ ਅਨੁਭਵ, ਆਤਮ-ਅਨੁਭੂਤੀ, ਉਸ "ਥਾਓਂ" ਦੀ ਵਾਰਤਾ ਲਈ ਸੱਛਮ ਹੈ, ਔਰ ਉਹ ਅਨੁਭੂਤੀ ਸਤਿਗੁਰ ਕੋਲ ਹੁੰਦੀ ਹੈ। ਸਤਿਗੁਰ ਮਨ-ਬੁੱਧੀ ਦੀ ਸੋਚ-ਸਮਝ ਤੋਂ ਪਰ੍ਹੇ, ਸੁਰਤਿ ਨੂੰ ਸੁੰਨ ਦੀ ਰਾਹ 'ਤੇ, ਆਤਮ ਪ੍ਰਦੇਸ਼ ਦੇ ਪ੍ਰਤੱਖ ਲਿਆ ਖੜ੍ਹਿਆਂ ਕਰਦਾ ਹੈ। ਮਨੁੱਖ, ਜਿੰਨਾ ਭੀ ਉੱਚਾ ਸੋਚੇ, ਇਹ ਸੋਚ ਦੇਹ ਨਾਲ ਜੁੜੇ ਹੋਏ ਮਨ ਤੋਂ ਹੀ ਉਠੇਗੀ... ਔਰ ਮਨ ਸਦਾ ਭੈਅ ਵਿੱਚ ਰਹਿੰਦਾ ਹੈ। ਅਸਫਲਤਾ ਦਾ ਭੈਅ, ਨੁਕਸਾਨ, ਅਪਮਾਨ... ਹੋਰ ਅੱਗੇ, ਮੌਤ ਦਾ ਭੈਅ। ਸਾਰੀ ਸੋਚ, ਸੁਭਾਵਕ ਤੌਰ 'ਤੇ ਭੈਅ ਦੇ ਪ੍ਰੀਪੇਖ ਵਿੱਚ ਉਠੇਗੀ। ਇਸ ਸਰੀਰਕ ਰੰਗਮੰਚ ਤੋਂ ਪਰ੍ਹੇ, ਸਹਜ, ਸਰਲ, ਅਦਿੱਖ ਆਤਮ ਮੰਡਲ ਹੈ। ਭਗਤ ਕਬੀਰ ਜੀ ਕਹਿੰਦੇ ਹਨ, ਉਹ ਆਤਮ-ਦੇਸ਼ ਹੈ, ਹਰੀ ਦਾ ਪ੍ਰਦੇਸ਼! ਜੀਵਨ ਦਾ ਮੋਹ, ਮੌਤ ਦਾ ਭੈਅ, ਸਾਰੇ ਮਨੁੱਖੀ ਚਿੰਤਨ ਤੋਂ ਪਰ੍ਹੇ, ਦੂਰ ਇੱਕ ਸੁੰਨ ਘਾਟੀ।

"ਜਹ ਅਨਭਉ ਤਹ ਭੈ ਨਹੀਂ, ਜਹ ਭਉ ਤਹ ਹਰਿ ਨਾਹਿ ॥
ਕਹਿਓ ਕਬੀਰ ਬਿਚਾਰਿ ਕੈ, ਸੰਤ ਸੁਨਹੁ ਮਨ ਮਾਹਿ ॥" (ਪੰਨਾ-1374)

ਸ੍ਰੀ ਗੁਰੂ ਨਾਨਕ ਪਾਤਸ਼ਾਹ, ਬਗਦਾਦ ਪਹੁੰਚੇ। ਬਗਦਾਦ ਦਾ ਪ੍ਰਮਾਣਿਤ ਪੀਰ

ਸੀ, ਅਬਦੁਲ ਕਾਦਰ! ਇਹ ਪੀਰ, ਦਸਤਗੀਰ ਨਾਂ ਨਾਲ, ਦੂਰ-ਦੂਰ ਤੱਕ ਜਾਣੇ ਜਾਂਦੇ ਸਨ। ਦਸਤਗੀਰ, ਹੱਥ ਵਿੱਚ ਜਿਸ ਦੇ ਹੈ, ਸੰਸਾਰ। ਇੱਕ ਦਿਨ ਪ੍ਰਭਾਤ, ਰਾਜਿਆਂ-ਮਹਾਰਾਜਿਆਂ ਦੀ ਕੱਬਰਗਾਹ ਤੋਂ, ਮਰਦਾਨੇ ਦੀ ਰਬਾਬੀ ਧੁਨਿ ਦੇ ਸੰਗ, ਗੁਰੂ ਨਾਨਕ ਦੇ ਮੁਖਾਰਬਿੰਦ 'ਚੋਂ ਰੱਬੀ ਬਾਣੀ, ਗੁੰਜਾਇਮਨ ਹੋਈ, "ਜਪੁਜੀ"—

"ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥"

ਸ਼ਾਹੀ ਦਫ਼ਨਗਾਹ ਕੋਲ ਤਾਂ, ਸੰਗੀਤ, ਰਾਗ-ਨਾਦ ਪੂਰੀ ਤਰ੍ਹਾਂ ਵਰਜਿਤ ਸੀ। ਇਸਲਾਮ ਦੀ "ਸ਼ਰਾ" ਖ਼ਿਲਾਫ਼ ਕਿਸ ਹਿਮਾਕਤ ਕੀਤੀ ਹੈ। ਰੌਲਾ ਵਧਦਾ ਹੋਇਆ, ਪੀਰ ਦਸਤਗੀਰ ਤੱਕ ਪਹੁੰਚਿਆ। ਹਜੂਮ ਦੇ ਨਾਲ, ਪੀਰ ਜੀ ਆਏ। ਦੇਖਿਆ, ਇਲਾਹੀ ਮਸਤੀ ਵਿੱਚ, ਦੋ ਰੱਬ ਦੇ ਬੰਦੇ, ਗੁਰਬਾਣੀ ਗਾਉਂਦੇ ਸਨ। ਇੱਕ ਤਾਂ ਗਾਉਣ-ਵਜਾਉਣ ਦੀ ਮਨਾਹੀ... ਉਪਰੋਂ ਇਹ ਕੀ ਕੁਫ਼ਰ ਤੋਲ ਰਿਹੈ, ਲੱਖਾਂ ਆਕਾਸ਼... ਲੱਖਾਂ ਪਾਤਾਲ। ਸਾਡੀ ਕਿਤਾਬ ਹਦੀਸ ਤਾਂ ਕੁਲ ਅਠਾਰਾਂ ਹਜ਼ਾਰ ਖੰਡਾਂ ਦੀ ਗੱਲ ਕਰਦੀ ਹੈ। ਇਹ ਲੱਖਾਂ ਦੀ ਬਾਤ ਗਾ ਰਿਹਾ ਹੈ। ਪੀਰ ਜੀ ਆਪਣੇ ਮੁਰੀਦਾਂ ਸਹਿਤ, ਤਰਕ ਕਰਨ ਲੱਗ ਪਏ। ਗੁਰੂ ਨਾਨਕ ਪਾਤਸ਼ਾਹ ਨੇ ਬਹੁਤ ਹਲੀਮੀ ਨਾਲ, ਸਮਝੌਣ ਦੀ ਕੋਸ਼ਿਸ਼ ਕੀਤੀ। ਪਰ ਉਨ੍ਹਾਂ ਦੇ ਬੋਲ ਹੋਰ ਤਲਖ਼ ਹੁੰਦੇ ਗਏ। ਪਾਤਸ਼ਾਹ ਨੇ ਪੀਰ ਦੇ ਲੜਕੇ ਨੂੰ ਬਾਹੋਂ ਫੜਿਆ ਤੇ ਉਡਾ ਕੇ ਆਕਾਸ਼ ਵਿੱਚ ਲੈ ਗਏ। ਅਨੰਤ, ਸੂਰਜ, ਚੰਦ ਗ੍ਰਹਿ ਉਪਗ੍ਰਹਿ ਦੇ ਮੰਡਲਾਂ 'ਚੋਂ ਲੰਘਾਇਆ। ਥੱਲੇ ਬਗਦਾਦ ਦੀ ਧਰਤ 'ਤੇ ਉਤਰੇ ਤਾਂ ਉਹ ਲੜਕਾ ਕਹਿੰਦੈ, ਪੀਰ ਜੀ, ਇਹ ਆਪ ਖੁਦਾਇ ਨੇ ਰੂਪ ਧਾਰਿਆ ਹੈ... ਇਸ ਤਾਈਂ ਬੰਦਾ ਕਰ ਕੇ ਨਾ ਜਾਣੋ। ਖੁਦਾ ਗਵਾਹ... ਇਸ ਨੇ ਮੈਨੂੰ ਲੱਖਾਂ ਤੋਂ ਵੱਧ ਲੋਕ ਵਿਖਾਏ ਦਿੱਤੇ। ਅਜੇ ਹੋਰ ਵਿਖੌਣ ਨੂੰ ਅੱਗੇ ਉੱਡੀ ਜਾ ਰਹੇ ਸਨ। ਮੇਰੀ ਬੇਨਤੀ 'ਤੇ ਹੀ ਥੱਲੇ ਜ਼ਮੀਂ 'ਤੇ ਉਤਾਰਿਆ ਹੈ। ਸਣੇ ਪੀਰ ਦਸਤਗੀਰ, ਸਾਰੇ ਬਗਦਾਦ ਵਾਸੀਆਂ ਦੀ ਤਸੱਲੀ ਹੋ ਗਈ। ਤਾਂ ਗੁਰੂ ਨਾਨਕ ਪਾਤਸ਼ਾਹ, ਪੀਰ ਦਸਤਗੀਰ ਨੂੰ ਰਹੱਸ ਦੀ ਗੱਲ ਕਰਦੇ ਹਨ—ਸ੍ਰਿਸ਼ਟੀ ਦਾ ਅੰਤ ਨਹੀਂ ਅਸੀਂ ਪਾ ਸਕਦੇ ਹਾਂ।

ਅਨੰਤ ਲੋਕ... ਅਨੰਤ, ਜੀਅ ਜੰਤ! ਹਜ਼ਾਰਾਂ ਲੱਖਾਂ ਜਨਮ ਵੀ, ਸ਼ਾਇਦ ਅਸੀਂ ਸ੍ਰਿਸ਼ਟੀ ਦਾ ਇੱਕ ਖੰਡ ਹੀ ਵੇਖ ਸਕੀਏ। ਜਿਸ ਨੇ ਸਿਰਜਨਾ ਕੀਤੀ, ਉਹ ਸਿਰਜਣਹਾਰ? ਹੱਥਾਂ-ਪੈਰਾਂ ਵਾਲੀ ਸਾਡੀ ਦੇਹ, ਉਸ ਤੱਕ ਕਦੇ ਨਹੀਂ ਪਹੁੰਚ ਸਕਦੀ... ਉਸ ਨੂੰ ਵੇਖ ਨਹੀਂ ਸਕਦੀ। ਉਹ ਵਜੂਦ ਤੋਂ ਰਹਿਤ ਹੈ, ਅਦਿੱਖ ਹੈ, ਅਗੰਮ ਹੈ। ਸੂਰਤ ਵਿਕਸਤ ਹੋ ਜਾਏ, ਅੱਲਾਹ ਦੀ ਇਬਾਦਤ ਨਾਲ ਇਹ ਅੰਤਰਦ੍ਰਿਸ਼ਟੀ ਪ੍ਰਾਪਤ ਹੋ ਜਾਏ ਤਾਂ, ਉਹ ਰੱਬ, ਸਾਡੇ ਅੰਦਰ-ਬਾਹਰ, ਹਰ ਥਾਂ ਸਾਡੇ ਨਾਲ ਹੋ ਜਾਂਦਾ ਹੈ। ਇਹ ਅਨੁਭਵ, ਇਹ ਪ੍ਰਤੀਤੀ, "ਆਤਮ-ਗਿਆਨ" ਹੈ ਅਤੇ ਉਸ ਭਰੋਸੇ ਨਾਲ ਜਿਹੜਾ ਪਰਮ ਆਨੰਦ, ਸਾਡੇ ਤਨ-ਮਨ ਵਿੱਚ ਰਸ-ਬਸ ਜਾਂਦਾ ਹੈ, ਉਹ "ਆਤਮ ਰਸੁ" ਹੁੰਦਾ ਹੈ। ਜੁਗਾਂ ਤੋਂ, ਰੂਹਾਂ ਦੇ ਤਲ ਤੇ ਜਾਗੇ ਹੋਏ, ਚੇਤਨ ਪੁਰਖਾਂ ਨੇ ਉਸ ਨਿਰੰਕਾਰ ਬਾਬਤ, ਆਤਮਿਕ-ਆਨੰਦ ਬਾਬਤ, ਭੇਤ ਖੋਲ੍ਹੇ ਹਨ। ਉਸ ਰਹੱਸ ਦੇ ਰੂ-ਬ-ਰੂ ਹੋਣਾ ਹੀ ਬੰਦਗੀ ਹੈ, ਭਗਤੀ ਹੈ, ਸੱਚੀ ਇਬਾਦਤ ਹੈ। ਮੈਂ, ਸੰਸਾਰ ਦੇ ਨਾਟਕ-ਮੰਚ ਤੋਂ ਪਰਦਾ

ਚੁੱਕਣ ਲਈ ਆਇਆ ਹੈ। ਅਸੱਤ ਕਹੇ ਜਾਣ ਵਾਲੇ ਸੰਸਾਰ ਵਿੱਚ ਹੀ, ਹਰ ਥਾਂ ਹਰ ਜੀਅ ਵਿੱਚ, ਪਦਾਰਥ ਦੇ ਹਰ ਕਣ ਵਿੱਚ ਮੌਜੂਦ, ਸੱਤ ਤੋਂ ਜਾਣੂ ਕਰਵਾਉਂਦਾ ਫਿਰ ਰਿਹਾਂ।

ਜਾਪਾਨ ਦੇ "ਪ੍ਰੋਫੈਸਰ ਸੁਨਮਯੋ ਮਾਸੁਨੋ" ਨੇ ਇੱਕ ਬਹੁਤ ਚਰਚਿਤ ਕਿਤਾਬ ਲਿਖੀ ਹੈ। "ਡੋਂਟ ਵਰੀ", "ਚਿੰਤਾ ਨਾ ਕਰੋ"। ਦਸਦੇ ਹਨ, ਸਾਰਾ ਦੁਖ, ਸਾਰੀ ਚਿੰਤਾ, ਸਾਰਾ ਹੰਕਾਰ, ਮਨੁੱਖ ਦੀ ਬਾਹਰੀ ਦੇਹ ਹੈ। ਇਸ ਦਿਖਦੇ ਵਜੂਦ ਨਾਲ, ਸਾਡੀ ਸੋਚ ਜੁੜੀ ਹੋਣ ਕਰ ਕੇ, ਦੁਖ, ਭੈਅ, ਚਿੰਤਾ ਨਾਲ ਗ੍ਰਸਤ ਹੁੰਦੇ ਹਾਂ। ਇਹ ਜੁੜਾਅ, ਮਨ ਦੇ ਤਲ 'ਤੇ ਹੋ ਰਿਹੈ। ਮਨ ਤੋਂ ਸੋਚ ਉਪਜ ਰਹੀ ਹੈ। ਤਾਂ ਇਸ ਮਨ ਤੋਂ ਪਾਰ, ਜਿੱਥੇ ਜੀਵਨ ਦਾ ਲੋਭ ਨਹੀਂ, ਮੋਹ ਜਾਂ ਭੈਅ ਨਹੀਂ... ਹਰਖ ਨਹੀਂ, ਸੋਗ ਨਹੀਂ। ਉਸ, ਦੇਹ ਤੋਂ ਪਾਰ ਜਾਣ ਲਈ ਮੈਡੀਟੇਸ਼ਨ ਦਾ ਸੁਝਾਅ ਦਿੱਤਾ ਹੈ। ਨਾਭੀ ਦੇ ਥੋੜ੍ਹੀ ਹੇਠਾਂ "ਟਿੰਡੇਨ ਬਿੰਦੂ" ਹੈ, ਉਥੇ ਧਿਆਨ ਕੇਂਦਰਤ ਕਰੋ। ਖੈਰ, ਹਿੰਦੁਸਤਾਨ ਵਿੱਚ, ਇਸ ਬਿੰਦੂ ਦੀ ਸ਼ਿਨਾਖ਼ਤ, ਹਜ਼ਾਰਾਂ ਵਰ੍ਹਿਆਂ ਪਹਿਲਾਂ, "ਮੂਲਾਧਾਰ ਚੱਕਰ" ਦੇ ਰੂਪ ਵਿੱਚ ਕਰ ਲਈ ਗਈ ਸੀ। "ਟਿੰਡੇਨ ਬਿੰਦੂ" ਵਾਲਾ ਪੁਆਇੰਟ ਹੀ ਨਹੀਂ ਲੱਭਿਆ, ਸਗੋਂ ਉਸ ਥਾਂ ਕੁੰਡਲ ਮਾਰ ਕੇ ਬੈਠੀ ਹੋਈ, ਕੁੰਡਲਨੀ ਸ਼ਕਤੀ ਨੂੰ ਧਿਆਨ ਰਾਹੀਂ ਜਗਾ ਕੇ, ਉਪਰ ਸਿਖਰ ਤੱਕ, "ਦਸਮ ਦੁਆਰ" ਜਾਂ "ਬ੍ਰਹਮ ਰੰਧਰ" ਤੱਕ ਪੁੱਜਣ ਦੇ ਪੰਜ ਹੋਰ ਬਿੰਦੂਆਂ ਜਾਂ ਪੜਾਅ ਦੀ ਪਛਾਣ ਵੀ ਕਰ ਲਈ। ਇਹ ਕੁੰਡਲਨੀ ਯੋਗ ਵਿਦਿਆ ਦਾ ਸੂਤਰ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ, ਭਗਤਾਂ, ਗੁਰੂਆਂ ਦੁਆਰਾ ਉਚਾਰੀ ਹੋਈ ਗੁਰਬਾਣੀ ਰੂਪ ਵਿੱਚ, ਕਈ ਥਾਂ 'ਤੇ ਦਰਜ ਹੈ।

ਇਹ ਗੱਲ ਤਾਂ ਨਿਰਵਿਵਾਦ ਹੈ ਕਿ ਦੇਹ ਪ੍ਰਤੀ ਮਨੁੱਖ ਦੀ ਖਿੱਚ, ਇੱਕ ਅਦਿੱਖ ਦੀਵਾਰ ਹੈ, ਜਿਸ ਤੋਂ ਬਾਹਰ ਨਹੀਂ ਜਾਇਆ ਜਾ ਸਕਦਾ। ਇਸ ਹੱਦ ਨੂੰ ਟੱਪ ਗਿਆ ਤਾਂ ਅੱਗੇ ਸੂਫ਼ੀ ਫ਼ਕੀਰ, ਸੰਤ, ਭਗਤ, ਕਹਿੰਦੇ ਹਨ, "ਬੇਹੱਦ" ਹੈ। ਹੱਦ ਨਹੀਂ, ਸਰਹੱਦ ਨਹੀਂ, ਸੀਮਾ ਨਹੀਂ, ਪਰ ਅਦਿੱਖ ਜਿਹਾ "ਅਵਰੋਧ" ਅਜੇ ਵੀ ਹੈ। ਉਹ ਨਾਲ ਰਹਿ ਗਿਆ। ਇਹ "ਮੈਂ" ਦਾ ਭਾਵ ਹੈ। ਵੱਡੇ-ਵੱਡੇ ਤਪੀਆਂ, ਤਿਆਗੀਆਂ ਕੋਲ ਵੀ ਇਹ "ਬੇਹੱਦ" ਦਾ ਘੇਰਾ ਦਿਸਦਾ ਹੈ। ਮੈਂ ਬਹੁਤ ਵੱਡਾ ਘਰ ਪਰਿਵਾਰ ਛੱਡ ਆਇਆ... ਸਾਰਾ ਦਾਨ ਕਰ ਆਇਆ... ਤਪ, ਹਠਯੋਗ ਵਿੱਚ ਸਰੀਰ ਸੁਕਾ ਦਿੱਤਾ। ਅਜੇ ਇੱਕ ਅਣਦਿਸਦਾ ਘੇਰਾ "ਮੈਂ" ਦਾ ਰਹਿ ਗਿਆ। ਭਗਤ ਕਬੀਰ ਜੀ, ਇਸ ਘੇਰੇ 'ਚੋਂ ਵੀ ਬਾਹਰ ਹੋ ਗਏ, ਤਾਂ ਕਹਿੰਦੇ ਹਨ—

"ਹੱਦ ਟਪੇ ਸੁ ਔਲੀਆ, ਬੇਹੱਦ ਟੱਪੇ ਸੁ ਪੀਰ॥
ਹੱਦ-ਬੇਹੱਦ ਦੋਊ ਟਪੈ, ਤਾਂ ਕਾ ਨਾਉ ਫਕੀਰ॥"

ਗੁਰੂ ਨਾਨਕ ਪਾਤਸ਼ਾਹ, "ਆਤਮ ਰਸ" ਦਾ ਆਨੰਦ ਲੈਣ ਲਈ, ਦੇਹ, ਹੱਦ, ਬੇਹੱਦ, ਸਭਨਾਂ ਦੇ ਸਿਰ ਤੇ ਪੈਰ ਰੱਖ ਕੇ ਉੱਪਰ-ਰੂਹਾਨੀ-ਮੰਡਲ-ਦਰਸ਼ਨ ਲਈ, ਧਿਆਨ ਦੀ ਧੁਨਿ ਵਿੱਚ ਇਕਾਗ੍ਰਤਾ, ਗਹਿਰੀ ਇਕਾਗ੍ਰਤਾ ਲਾਜ਼ਮੀ ਦੱਸਦੇ ਹਨ—

"ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ
ਗੁਰਮੁਖਿ ਅਕਥ ਕਹਾਨੀ॥" (ਪੰ-878)

ਮੇਰੀ ਦੇਹ ਤੋਂ ਪਰ੍ਹੇ, ਮੇਰੇ ਪਿੰਡ ਤੋਂ ਬਾਹਰ, ਉਹ ਜੋ ਨਦੀ ਵੱਗ ਰਹੀ ਹੈ, ਝਰਨਾ ਕੁਝ ਗਾਉਂਦਾ ਲੰਘੀ ਜਾ ਰਿਹਾ ਹੈ, ਪੰਖੀ, ਦਰੱਖਤ ਦੀ ਸ਼ਾਖਾਵਾਂ, ਪੱਤੀਆਂ, ਬਰਫਾਂ ਢੱਕੇ ਪਹਾੜ! ਧਿਆਨ ਦਿਉ, ਇਹਨਾਂ ਸਾਰਿਆਂ ਵਿੱਚ ਕੋਈ ਮੰਦ-ਮੰਦ ਗੀਤ ਗੂੰਜ ਰਿਹੈ। ਇੱਕ ਗੈਬੀ ਗੀਤ ਇਹ ਸਾਰੇ ਗਾ ਰਹੇ ਹਨ। ਇਸ ਕਾਇਨਾਤ-ਕੂੰਜ ਨੂੰ ਸੁਣੋ। ਕੰਨ ਸੁਣਨ ਨੂੰ ਸਮਰੱਥ ਨਹੀਂ। ਮੇਰੀ ਅੰਦਰਲੀ ਸੁਰਤ ਜਾਗ੍ਰਿਤ ਹੋ ਗਈ। ਉਹ ਸੁਣਨ, ਵੇਖਣਯੋਗ ਸਮਰੱਥ ਹੈ। ਇਹ ਘਟਨਾ, ਗਹਿਰੇ ਵਿੱਚ ਘਟਦੀ ਹੈ ਔਰ ਬਾਹਰ ਦੇ ਸਾਰੇ ਪਸਾਰੇ ਨੂੰ, ਰੱਬੀ "ਨਾਦ" ਨੂੰ ਸੁਣਦੀ ਹੈ। ਇਹ ਨਾਦ, ਇਹ ਧੁਨਿ, ਰੱਬੀ ਗੀਤ ਹੈ। ਆਤਮਾ ਇਸ ਆਨੰਦ-ਅਨੁਭਵ ਨੂੰ ਬੁੱਕ ਭਰ ਸਾਂਭ ਲੈਂਦੀ ਹੈ, ਇਸ ਦੁਰਲੱਭ ਆਨੰਦ ਨੂੰ "ਆਤਮ ਰਸ" ਨੂੰ ਰਾਮ ਰਸ ਕਹਿੰਦੇ ਹਨ—

"ਰਾਮ ਰਸੁ ਪੀਆ ਰੇ॥ ਜਿਹ ਰਸ ਬਿਸਰ ਗਏ ਰਸ ਅਉਰ॥"

ਇਹ ਰੂਹਾਂ ਦਾ ਰਸ ਹੈ। ਗੁਰੂ ਕ੍ਰਿਪਾ ਨਾਲ, ਜਿਸ ਨੇ ਘੁੱਟ ਭਰ ਲਿਆ—ਫਿਰ ਸੰਸਾਰ ਦੇ ਸਾਰੇ ਰਸ, ਵਿਸਰ ਗਏ। ਇਹ ਆਤਮ-ਰਸ ਹੈ, ਪ੍ਰਮਾਤਮਾ ਦਾ ਰਸ...

# ਸੁਣਿਐ ਸਿਧ ਪੀਰ ਸੁਰਿ ਨਾਥ

ਗੁਰੂ ਨਾਨਕ ਪਾਤਸ਼ਾਹ ਨੇ ਗੁਰੂ ਘਰ 'ਚ ਚਲਦੀ ਹੋਈ, ਉਸ ਰਹੱਸਮਈ ਪ੍ਰਯੋਗਸ਼ਾਲਾ ਦੀ ਗੱਲ ਕੀਤੀ ਹੈ, ਜਿਸ ਵਿੱਚ ਮਨੁੱਖ ਨੂੰ ਮਹੇਸ਼... (ਦੇਵਤਾ), ਬਣਾਇਆ ਜਾਂਦਾ ਹੈ—

"ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ॥"

ਸਰਮਖੰਡ, ਇੱਕ ਵਰਕਸ਼ਾਪ, ਜਿਥੇ, ਮਨੁੱਖ ਦੇ ਨਾਲ ਨਾਲ, ਦੇਵਤਿਆਂ, ਸਿੱਧਾਂ ਦੀਆਂ ਵਿਚਾਰਧਾਰਾ, ਸੋਚ ਅਤੇ ਸੁਰਤਿ ਨੂੰ ਸੁੱਧ ਕਰ ਕੇ, ਟੰਚ ਸੋਨਾ ਬਣਾਇਆ ਜਾਂਦਾ ਹੈ—

"ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ॥
ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ॥"

ਪ੍ਰਮਾਤਮਾ ਵਿੱਚ ਸ੍ਰਿਸ਼ਟਿ ਸਿਰਜਨ ਦਾ ਫੁਰਨਾ ਹੋਇਆ, ਤਾਂ ਕੁਦਰਤ ਸਾਜੀ ਅਤੇ ਉਸ ਨੂੰ, ਸਿਰਜਨ, ਪਾਲਨ ਅਤੇ ਸਰਵਨਾਸ਼ ਦੀਆਂ ਸ਼ਕਤੀਆਂ ਬਖਸ਼ ਦਿੱਤੀਆਂ... ਪ੍ਰਮੇਸ਼ਰ ਆਪ ਵੀ ਕੁਦਰਤ ਦੇ ਵਿਸਥਾਰ ਵਿੱਚ ਵੱਸ ਗਿਆ।

"ਬਲਿਹਾਰੀ ਕੁਦਰਿਤ ਵਸਿਆ॥ ਤੇਰਾ ਅੰਤ ਨ ਜਾਈ ਲਖਿਆ॥"

ਹਜ਼ਾਰਾਂ ਸਾਲਾਂ, ਤਪੱਸਵੀ, ਰਿਸ਼ੀ, ਮੁਨੀ, ਜੰਗਲਾਂ, ਪਹਾੜਾਂ ਵਿੱਚ, ਰੱਬ ਨੂੰ ਲੱਭਦੇ ਰਹੇ। ਰੱਬ ਦੀ ਕਲਪਨਾ ਤਾਂ ਅੰਦਰ ਹੈ ਸੀ, ਪਰ ਉਸ ਧੁੰਦਲੀ ਕਲਪਨਾ ਦੀ ਬਿਨਾਅ 'ਤੇ ਸਿਰਜਨਹਾਰ ਦਾ ਕੋਈ ਅਤਾ-ਪਤਾ ਨਹੀਂ ਹੱਥ ਲੱਗਾ। ਗੁਰੂ ਨਾਨਕ ਨੇ ਦੱਸਿਆ, ਪਰਮੇਸ਼ਰ ਨੇ ਕੁਦਰਤ ਸਿਰਜੀ। ਔਰ ਆਪ ਵੀ ਕੁਦਰਤ ਦੀ ਹਰ ਸ਼ੈਅ ਵਿੱਚ ਛੁਪ ਗਿਆ। ਇਹ ਗੁਰਬਾਣੀ, ਸ੍ਰਿਸ਼ਟੀ ਵਿਧਾਨ ਦਾ ਬਹੁਤ ਗਹਿਰਾ ਪ੍ਰਗਟਾਵਾ ਸੀ। ਗੁਰੂ ਨਾਨਕ ਨੇ ਵੇਖ ਲਿਆ ਰੱਬ ਨੂੰ, ਦੁੱਧ ਵਿੱਚ ਗੁਪਤ ਘਿਓ ਨੂੰ... ਫੁੱਲ ਵਿੱਚ ਲੁਕੀ ਹੋਈ ਖੁਸ਼ਬੋ ਨੂੰ। ਰਹੱਸ ਖੋਲ੍ਹਿਆ, ਇਸੀ ਭਾਂਤ, ਪਰਮੇਸ਼ਰ ਹਰ ਜੀਅ ਵਿੱਚ... ਪਦਾਰਥ ਦੇ ਹਰ ਪਰਮਾਣੂ ਵਿੱਚ, ਛੁਪਿਆ ਹੋਇਆ ਹੈ। ਮੇਰੇ ਪਾਤਸ਼ਾਹ ਨੇ ਤਾਂ ਜਗ ਨੂੰ, ਗੁਰਬਾਣੀ ਰਾਹੀਂ, ਖੋਜ ਦਾ ਸਿੱਟਾ, ਪ੍ਰਗਟ ਕਰ ਦਿੱਤਾ। ਪਰ ਅਸਾਂ ਲੋਕਾਂ ਨੇ "ਨਿਤਨੇਮ" ਬਣਾ ਲਿਆ। ਹਰ ਦਿਨ, ਸਿੱਖ ਦੀ ਪ੍ਰਭਾਤ, ਜਪੁਜੀ ਪਾਠ ਤੋਂ ਆਰੰਭ ਹੁੰਦੀ ਹੈ। ਰੋਜ਼ ਪੜ੍ਹ ਕੇ ਅੱਗੇ ਵਧ ਜਾਂਦੇ ਹਾਂ—

"ਸੁਣਿਐ ਸਿਧ ਪੀਰ ਸੁਰਿ ਨਾਥ॥
ਸੁਣਿਐ ਧਰਤਿ ਧਵਲ ਆਕਾਸ॥"

ਪਰਮੇਸ਼ਰ ਅਲਖ ਹੈ, ਵੇਖਿਆ ਨਹੀਂ ਜਾ ਸਕਦਾ। ਉਸ ਦਾ ਰੂਪ, ਰੰਗ, ਆਕਾਰ ਨਹੀਂ ਹੈ। ਉਸ 'ਚੋਂ ਨਿਰੰਤਰ ਉਠ ਰਹੀ ਧੁਨੀ ਨੂੰ ਸੁਣ ਸਕੇ, ਉਹ ਸਿਧ ਹੈ, ਪੀਰ ਹੈ, ਦੇਵਤਿਆਂ ਦਾ ਰਾਜਾ ਹੈ।

ਮਨੁੱਖ ਅੱਗੇ ਫਿਰ ਸਮੱਸਿਆ ਆ ਗਈ। ਸੁਣਨ ਲਈ, ਸ੍ਰਵਣ ਯੰਤਰ ਰੂਪ ਵਿੱਚ ਕੰਨ ਹੈ ਔਰ ਇਸ ਕੰਨ ਨਾਲ, ਰੱਬੀ ਧੁਨਿ ਨੂੰ ਨਹੀਂ ਸੁਣ ਸਕਦੇ ਹਾਂ। ਰਵਿੰਦਰ ਨਾਥ ਟੈਗੋਰ ਨੇ ਕੁਦਰਤ 'ਚ ਗੂੰਜ ਰਹੀ, ਇਲਾਹੀ ਧੁਨਿ ਰਾਹੀਂ, ਰੱਬੀ ਹੋਂਦ ਅਹਿਸਾਸ ਕਰਨ ਦੀ ਕੋਸ਼ਿਸ਼ ਕੀਤੀ। ਕੁਦਰਤ ਦੀ ਗੋਦ ਵਿੱਚ, ਦਰੱਖਤਾਂ ਦੇ ਝੁਰਮੁਟ ਵਿੱਚ, "ਸ਼ਾਂਤੀ ਨਿਕੇਤਨ" ਸਥਾਪਤ ਕੀਤਾ ਤੇ ਕਿਹਾ, "ਇਹਨਾਂ ਰੁੱਖਾਂ 'ਚ ਗੂੰਜ ਰਹੇ ਗੀਤ ਨੂੰ ਸੁਣੋ।" ਮੌਨ ਨੂੰ ਸੁਣਨ ਦੀ ਤਕਨੀਕ ਬਹੁਤ ਪੁਰਾਣੀ ਹੈ।

"ਬਾਰਹਮਾਹਾ" ਦੇ ਉਤਸਵ-ਆਨੰਦ ਮਾਨਣ ਦੇ ਸਿਲਸਿਲੇ ਵਿੱਚ, ਮਾਂਝ ਰਾਗ ਵਿੱਚ, ਪੰਜਵੇਂ ਪਾਤਸ਼ਾਹ, ਗੁਰਮਤਿ ਸੰਦੇਸ਼ ਦਿੰਦੇ ਹਨ—

"ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ॥"

ਰੂਹ ਤੋਂ ਉਠ ਰਹੀ ਰੱਬੀ ਧੁਨਿ ਨੂੰ ਗਹਿਰੀ ਇਕਾਗ੍ਰਤਾ... ਧਿਆਨ ਵਿੱਚ ਸਥਿਤ ਹੋ ਕੇ, ਸੁਣਨ ਦੀ ਤਕਨੀਕ ਦਸਦੇ ਹਨ। ਨਾਮ, ਮਾਤਰ ਕੁਝ ਅੱਖਰ ਨਹੀਂ ਹਨ। ਸਤਿਗੁਰ ਨੇ ਸਿੱਖ ਨੂੰ ਨਾਮ ਦਿੱਤਾ ਤਾਂ ਇਹ ਨਾਮ ਹੀ ਪਰਮੇਸ਼ਰ ਹੈ। ਇਹ ਨਾਮ, ਇਹ ਪਰਮੇਸ਼ਰ, ਜੋਤਿ ਰੂਪ ਵਿੱਚ, ਸਾਡੇ ਜਨਮ ਤੋਂ ਹੀ ਨਾਲ ਆਇਆ। ਇਸ ਨਾਲ ਪ੍ਰੀਚੈ, ਸਤਿਗੁਰ ਕਰਵਾਉਂਦੇ ਹਨ। ਬਾਲ ਰੂਪ ਸਰੀਰ ਦੇ ਸੰਗ-ਸੰਗ, ਇਹ ਪਿਰ... ਇਹ ਪਰਮਾਤਮਾ ਵੀ ਆਇਆ। ਮਨੁੱਖ ਮੰਦਭਾਗਾ, ਆਤਮ-ਬੋਧ ਤੋਂ ਸਾਰੀ ਉਮਰ ਅਨਜਾਣ ਰਹਿ ਗਿਆ। ਭਗਤ ਕਬੀਰ ਜੀ ਕੀਹੰਦੇ ਹਨ—

"ਧਨ ਪਿਰ ਏਕੈ ਸੰਗਿ ਬਸੇਰਾ॥
ਸੇਜ ਏਕ ਪੈ ਮਿਲਨੁ ਦੁਹੇਰਾ॥" (ਪੰਨਾ-590)

ਪੰਜਵੇਂ ਪਾਤਸ਼ਾਹ "ਸੁਖਮਨੀ" ਵਿੱਚ ਇਹ ਰਹੱਸ ਖੋਲ੍ਹਦੇ ਹਨ—

"ਨਉ ਨਿਧਿ ਅਮ੍ਰਿਤੁ ਪ੍ਰਭ ਕਾ ਨਾਮੁ॥
ਦੇਹੀ ਮਹਿ ਇਸ ਕਾ ਬਿਸ੍ਰਾਮੁ॥"

ਬਿਸ੍ਰਾਮ ਦੀ ਅਵੱਸਥਾ ਵਿੱਚ, ਮੌਨ ਦੀ ਅਵੱਸਥਾ ਵਿੱਚ, ਉਹ ਅੰਮ੍ਰਿਤ, ਕਦੇ ਨਾ ਮਰਨ ਵਾਲਾ "ਅਕਾਲ ਪੁਰਖ" ਮੌਜੂਦ ਹੈ... ਉਹ "ਨਾਮ" ਰੂਪ ਹੈ। ਉਸ ਦੀ ਮੌਨ ਧੁਨਿ, ਨਿਰੰਤਰ, ਸਾਗਰ ਦੀਆਂ ਲਹਿਰਾਂ ਵਾਂਗ ਉਠ ਰਹੀ ਹੈ। ਉਸ 'ਤੇ ਧਿਆਨ ਕੇਂਦਰਤ ਕਰ। ਉਸ ਨੂੰ ਸੁਣਨ ਦਾ ਅਭਿਆਸ ਕਰ। ਆਰੰਭ ਅਵਸਥਾ ਵਿੱਚ ਤਾਂ ਗੁਰੂ ਦਾ ਸਿੱਖ, ਅਭਿਆਸ ਵਿੱਚ ਬੈਠਦਾ ਹੈ। ਉਦੋਂ ਸਿੱਖ ਜਾਂ ਸਾਧਕ, ਭਾਵੇਂ "ਕਰਤਾ ਭਾਵ" ਵਿੱਚ ਹੁੰਦਾ ਹੈ; ਧਿਆਨ ਕਰਨ ਵਾਲਾ। ਅਭਿਆਸ ਦਾ ਕਰਤਾ ਭਾਵ, ਬਹੁਤੀ ਵਾਰ, ਹੰਕਾਰ ਰੂਪ ਵਿੱਚ, ਰੁਕਾਵਟ ਬਣ ਕੇ ਖੜ੍ਹਾ ਹੋ ਜਾਂਦਾ ਹੈ। ਨਦੀ ਦਾ ਕੋਈ ਆਪਣਾ ਹੀ ਵੱਡਾ ਪੱਥਰ, ਰਿੜ੍ਹਦਾ ਹੋਇਆ, ਰਾਹ ਰੋਕ ਕੇ ਖੜਾ ਹੋ ਜਾਂਦਾ ਹੈ। ਨਦੀ ਦਾ ਪ੍ਰਵਾਹ ਰੋਕ ਲੈਂਦਾ ਹੈ। ਜਲ ਦੇ ਪ੍ਰਵਾਹ ਨੂੰ ਜਾਰੀ ਰੱਖਣ ਲਈ, ਉਸ ਪੱਥਰ ਨੂੰ ਹਟਾਉਣਾ ਜ਼ਰੂਰੀ ਹੁੰਦਾ ਹੈ। ਸਾਧਕ ਜਾਂ ਸਿੱਖ ਦੇ ਅੰਦਰਲੇ ਅਵਰੋਧ ਨੂੰ ਹਟੌਣ ਲਈ ਕੋਈ ਹੱਥ ਨਹੀਂ ਪਹੁੰਚ ਸਕਦਾ। ਇਹ ਕ੍ਰਿਆ, ਗਹਿਰੇ ਵਿੱਚ

ਘਟ ਰਹੀ ਹੁੰਦੀ ਹੈ। ਇਸ ਥਾਂ 'ਤੇ ਸਿੱਖ, ਇਸ ਅਭਿਆਸ ਦਾ ਕਰਤਾ, ਸਤਿਗੁਰ ਨੂੰ ਮੰਨਦਾ ਹੈ—

"ਆਪਿ ਜਪਾਏ ਜਪੈ ਸੋ ਨਾਉ॥
ਆਪ ਗਾਵਾਏ ਸੁ ਹਰਿ ਗੁਨ ਗਾਉ॥" (ਸੁਖਮਨੀ)

ਹੇ ਮੇਰੇ ਸਤਿਗੁਰ! ਤੂੰ ਜਪਾਵੇਂ ਤਾਂ ਨਾਮ ਜਪਾਂ, ਤੂੰ ਗਾਵਾਏਂ ਤਾਂ ਪ੍ਰਭੂ ਗਾਨ ਕਰਾਂ।

"ਤੂੰ ਕਰਤਾ ਕਰਣਾ ਮੈਂ ਨਾਹੀ... ਜਾ ਹਉ ਕਰੀ ਨ ਹੋਈ॥"

ਮੇਰੇ ਸਤਿਗੁਰ ਕੀ ਵਡਿਆਈ। ਸਭ ਕੁਝ ਮੇਰੇ ਗੁਰਦੇਵ ਕਰਵਾ ਰਹੇ ਹਨ। ਮੇਰੇ 'ਚੋਂ ਲੰਘ ਰਹੇ ਹਨ ਅਤੇ ਮੈਂ ਨਿਮਿਤ ਮਾਤਰ ਰਹਿ ਗਿਆ... ਅਕਰਤਾ! ਸਤਿਗੁਰ ਕਰਤਾ! ਔਰ ਇਸ ਖਿਨ ਕਰਿਸ਼ਮਾ ਹੋ ਗਿਆ... ਰਾਹ ਦਾ ਰੋੜਾ ਹਟ ਗਿਆ। ਹੁਣ ਮੈਂ ਉਸ ਥਾਂ 'ਤੇ ਪਹੁੰਚ ਗਿਆ, ਜੋ ਅਗਮ ਸੀ, ਅਗੋਚਰ ਸੀ। ਸਤਿਗੁਰ ਦੀ ਕਿਰਪਾ ਨਾਲ, ਮੇਰਾ ਸਰੀਰ, ਮੇਰਾ ਕਰਤਾ ਭਾਵ, ਸਭ ਪਿੱਛੇ ਕਿਤੇ ਰਹਿ ਗਏ। ਮੇਰੀ "ਸੁਰਤਿ"— ਪ੍ਰਭੂ ਨਾਮ ਦੇ ਉਠ ਰਹੇ "ਅਨਹਦ ਨਾਦ" ਦੇ ਰੂਬਰੂ, ਸਾਖੀ ਭਾਵ ਵਿੱਚ ਮੌਜੂਦ ਹੈ। ਇਥੇ ਸੰਸਾਰ ਤੋਂ ਨਿਵੇਕਲਾ, ਦੁਰਲੱਭ ਨਜ਼ਾਰਾ, ਮੇਰੇ ਸਾਹਮਣੇ ਘਟ ਰਿਹੈ—

"ਸੁੰਨ ਸਮਾਧਿ ਅਨਹਤ ਤਹ ਨਾਦ॥
ਕਹਨੁ ਨ ਜਾਈ ਅਚਰਜ ਬਿਸਮਾਦ॥"

ਮੈਂ ਕੁਝ ਕਹਿਣਾ ਚਾਹਾਂ ਤਾਂ ਭੀ ਕਹਿਣ ਕਥਨ ਤੋਂ ਬਾਹਰ ਹੋ ਗਿਆ ਹਾਂ। ਮੇਰੀ ਦੇਹ, ਮੇਰੀ ਜ਼ੁਬਾਨ, ਮੈਂ ਬਹੁਤ ਪਿੱਛੇ ਰਹਿ ਗਿਆ ਹਾਂ।

ਗੁਰੂ ਨਾਨਕ ਪਾਤਸ਼ਾਹ, "ਸੁੰਨ" ਦੇ ਸਾਂਝੇਵਾਲ ਸਨ। ਮੌਨ 'ਚੋ ਵਰਸਦੀ ਅਨਹਦ ਧੁਨਿ ਨੂੰ, ਅੱਖਰਾਂ ਵਿੱਚ ਢਾਲ ਕੇ, ਗੁਰਬਾਣੀ ਦੇ ਸੁਘੜ ਗਵੱਈਏ। ਇਹ ਧੁਨਿ, ਸੰਸਾਰ ਦਾ ਸ਼ੋਰ ਨਹੀਂ ਸੀ। ਮਨੁੱਖ ਦੇ ਕੰਠ 'ਚੋਂ ਨਿਕਲਦੀ ਆਵਾਜ਼ ਨਹੀਂ ਸੀ। ਇਹ "ਰੱਬੀ ਬਾਣੀ" ਸੀ। ਸਤਿਗੁਰ ਇਸ ਨੂੰ "ਖਸਮ ਕੀ ਬਾਣੀ" ਕਹਿੰਦੇ ਹਨ—

"ਜੈਸੀ ਮੈ ਆਵੈ ਖਸਮ ਕੀ ਬਾਣੀ
ਤੈਸੜਾ ਕਰੀ ਗਿਆਨੁ ਵੇ ਲਾਲੋ॥" (ਪੰਨਾ-722-23)

ਗੁਰੂ ਨਾਨਕ ਬਿਦਰ (ਨਾਨਕ ਝੀਰਾ) ਤੋਂ ਅੱਗੇ ਤੁਰੇ। "ਹੱਜ" ਕਰਨ ਦੇ ਚਾਹਵਾਨ ਕੁਝ ਮੁਸਲਮਾਨ ਸ਼ਰਧਾਲੂ, ਮੱਕੇ ਜਾਣ ਲਈ, ਸਮੁੰਦਰ ਪਾਸੇ ਤੁਰੀ ਜਾਂਦੇ ਸਨ। ਭਾਈ ਮਰਦਾਨਾ ਜੀ ਨੇ, ਜ਼ਿੰਦਗੀ ਵਿੱਚ ਇੱਕ ਵਾਰ ਹੱਜ ਕਰਨ ਦੀ ਇੱਛਾ ਪ੍ਰਗਟ ਕੀਤੀ। ਪਾਤਸ਼ਾਹ ਨੇ ਵੀ ਹਾਂ ਵਿੱਚ ਹਾਂ ਰਲਾਈ। ਯਾਤਰੀਆਂ ਦੇ ਕਾਫ਼ਲੇ ਸੰਗ ਟੁਰ ਪਏ। ਕਾਫ਼ਲੇ ਦੇ ਆਗੂ ਨੇ ਇਨ੍ਹਾਂ ਨੂੰ ਰੋਕ ਦਿੱਤਾ... ਇਹ ਕਹਿ ਕੇ ਕਿ ਅੱਗੇ ਇੱਕ ਥਾਂ 'ਤੇ ਸਮੁੰਦਰੀ ਬੇੜੇ ਦੇ ਯਾਤਰੂਆਂ ਦੀ ਕਰੜੀ ਸ਼ਿਨਾਖ਼ਤ ਹੁੰਦੀ ਹੈ। ਗ਼ੈਰ ਮੁਸਲਮਾਨ ਨੂੰ ਕੈਦ ਕਰ ਲੈਂਦੇ ਹਨ ਅਤੇ ਸੰਗ ਦੇ ਪੂਰੇ ਕਾਫ਼ਲੇ ਨੂੰ ਵੀ ਰੋਕ ਕੇ ਬਹੁਤ ਪ੍ਰੇਸ਼ਾਨ ਕਰਦੇ ਹਨ। ਗੁਰੂ ਨਾਨਕ, ਇੱਕ ਵੱਡੇ ਰੁੱਖ ਹੇਠ ਬੈਠ ਗਏ। ਨੇਤਰ ਬੰਦ ਹੋਏ... ਸੁਰਤਿ ਵਿੱਚ "ਸੁੰਨ" ਦੀ ਧੁਨਿ ਉਤਰਨ ਲੱਗੀ। "ਮਰਦਾਨਿਆ", ਰਬਾਬ ਤੋਂ ਸੁਰ ਦੇ! ਰੱਬੀ

ਬਾਣੀ ਆਈ ਹੈ। ਗੁਰੂ ਨਾਨਕ ਗਾਉਂਦੇ ਰਹੇ, ਮਰਦਾਨੇ ਦੀ ਰਬਾਬ ਸੁਰ ਦਿੰਦੀ ਰਹੀ। ਇਹ, ਸ਼ਬਦ ਦੀ, ਧੁਨਿ ਦੀ ਸਵਾਰੀ ਦਾ ਪ੍ਰਯੋਗ ਸੀ। ਬਨਸਪਤਿ, ਪਸ਼ੂ, ਪੰਖੀ, ਸਾਰੀ ਕਾਇਨਾਤ ਝੂਮ ਉੱਠੀ। ਦੋ ਘੜੀਆਂ ਮਸਤੀ ਦਾ ਆਲਮ ਰਿਹਾ। ਫਿਰ, ਸਤਿਗੁਰਾਂ ਕਿਹਾ, ਮਰਦਾਨਿਆਂ ਵੇਖ ਹਾਂ, ਕਿਤੇ "ਮੱਕਾ" ਤਾਂ ਨਹੀਂ। ਮਰਦਾਨੇ ਨੇਤਰ ਖੋਲ੍ਹੇ ਤਾਂ, ਮੱਕੇ ਦੀਆਂ ਮੀਨਾਰਾਂ, ਗੁੰਬਦ, ਨਜ਼ਰ ਆਏ। ਖੁਸ਼ੀ ਅਤੇ ਹੈਰਾਨੀ ਭਰਿਆ ਮਰਦਾਨਾ ਬੋਲਿਆ, ਅਸੀਂ ਤਾਂ ਮੱਕੇ ਪਹੁੰਚ ਗਏ।

ਪੁਰਖ ਅਤੇ ਪ੍ਰਕਿਰਤੀ, ਦੋ ਦੀ ਹੀ ਸੱਤਾ, ਸ੍ਰਿਸ਼ਟੀ ਵਿੱਚ ਹੈ। ਪਸ਼ੂ, ਪੰਖੀ, ਮਨੁੱਖ, ਰੁਖ, ਨਦੀਆਂ ਪੱਥਰ... ਇਹਨਾਂ ਸਭਨਾਂ ਦਾ ਇੱਕ ਰੂਪ, ਰੰਗ, ਆਕਾਰ ਹੈ। ਇਹ ਬਾਹਰਲਾ ਰੂਪ, ਪ੍ਰਕ੍ਰਿਤੀ ਹੈ। ਕੁਦਰਤ ਹੈ। ਇਹਨਾਂ ਸਭਨਾਂ ਅੰਦਰ ਪਰਮਾਤਮਾ ਹੈ, ਇਹ ਪੁਰਖ ਹੈ। ਇਸਲਾਮ, ਇਹਨਾਂ ਨੂੰ, ਕਾਦਰ ਅਤੇ ਕੁਦਰਤ ਕਹਿੰਦਾ ਹੈ। ਇਹ ਦੋਵੇਂ, ਪੁਰਖ ਅਤੇ ਪ੍ਰਕਿਰਤੀ, ਇੱਕ ਸੂਖਮ, ਮੌਨ ਸੰਵਾਦ ਨਾਲ ਜੁੜੇ ਹੋਏ ਹੁੰਦੇ ਹਨ। ਇਹ ਵਾਰਤਾ, ਇਹ ਸੰਵਾਦ, ਕੋਈ ਸੁਰ ਜਾਂ ਆਵਾਜ਼ ਨਹੀਂ ਹੁੰਦੀ। ਇਹ ਮੌਨ ਦੀ ਧੁਨਿ ਹੁੰਦੀ ਹੈ। ਗੁਰੂ ਨਾਨਕ ਪਾਤਸ਼ਾਹ ਨੇ ਉਸ ਗੁਪਤ ਧੁਨਿ ਨੂੰ, ਅੰਤਰ ਮਨ ਦੀ ਚੇਤਨਤਾ ਵਿੱਚ ਸੁਣ ਲਿਆ। ਇਹ ਧੁਨਿ ਹੀ ਪਰਮੇਸ਼ਰ ਹੈ, ਨਾਮ ਹੈ। ਸਤਿਗੁਰ ਨਾਨਕ, ਇਸੇ ਰੱਬੀ ਧੁਨਿ ਦੀ ਸਵਾਰੀ ਕਰਦੇ ਹਨ।

ਸ੍ਰੀ ਗੁਰੂ ਅਰਜਨ ਦੇਵ ਪਾਤਸ਼ਾਹ, ਇਸ ਧੁਨਿ ਨੂੰ, "ਸਤਿਨਾਮ" ਨੂੰ ਭਗਤੀ ਮਾਰਗ ਦੇ ਸਾਧਕਾਂ ਸਿੱਖਾਂ ਲਈ ਬਹੁਤ ਉਪਯੋਗੀ, ਬਹੁਤ ਮਹੱਤਵਪੂਰਨ ਦੱਸਦੇ ਹਨ। ਲੋਕ ਅਤੇ ਪਰਲੋਕ ਦੋਹਾਂ ਲੋਕਾਂ ਵਿੱਚ ਸੁਹੇਲੇ ਰਹਿਣ ਦੀ ਜੁਗਤਿ ਕਹਿੰਦੇ ਹਨ। ਪਰ ਇਹ ਗੈਬੀ ਨਾਮ, ਰੱਬ ਦੀ ਧੁਨਿ, ਦੇਹ ਦਿਆਂ ਕੰਨਾਂ ਨਾਲ ਨਹੀਂ ਸੁਣਿਆ ਜਾ ਸਕਦਾ। ਮਨ, ਬੁੱਧੀ, ਦੇਹ ਦੀਆਂ ਇੰਦ੍ਰੀਆਂ ਦੀ ਪਹੁੰਚ ਤੋਂ ਪਰ੍ਹੇ ਦੀ "ਧੁਨਿ-ਤਰੰਗ"। ਮੇਰੇ ਸਤਿਗੁਰ ਕਹਿੰਦੇ ਹਨ, ਇਸ ਨਾਮ ਨੂੰ ਅੰਤਰਮਨ ਵਿੱਚ, ਗਹਿਰੀ ਇਕਾਗ੍ਰਤਾ, ਗਹਿਰੇ ਧਿਆਨ ਵਿੱਚ ਸੁਣਿਆ ਜਾ ਸਕਦਾ ਹੈ। ਸ੍ਰੀ ਗੁਰੂ ਨਾਨਕ ਪਾਤਸ਼ਾਹ, ਅੰਤਰਵਿਧੀ ਦੱਸਦੇ ਹਨ—

"ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ॥" (ਪੰਨਾ 878)

ਪੰਜਵੇਂ ਪਾਤਸ਼ਾਹ, ਸੁਖਮਨੀ ਦੀ ਪਵਿੱਤਰ ਗੁਰਬਾਣੀ ਵਿੱਚ ਇਸ ਵਿਸ਼ੇ ਨੂੰ ਖੋਲ੍ਹਦੇ ਹਨ—

"ਖੇਮ ਸਾਂਤਿ ਰਿਧਿ ਨਵ ਨਿਧਿ॥
ਬੁਧਿ ਗਿਆਨੁ ਸਰਬ ਤਹ ਸਿਧਿ..."

ਰੱਬੀ ਧੁਨਿ ਦੀ, ਨਾਮ ਦੀ ਮਹਿਮਾ ਦੱਸਦੇ ਹਨ।

"ਸੁੰਦਰ ਚਤੁਰੁ ਤਤ ਕਾ ਬੇਤਾ॥ ਸਮਦਰਸੀ ਏਕ ਦ੍ਰਿਸਟੇਤਾ॥
ਇਹ ਫਲ ਤਿਸੁ ਜਨ ਕੈ ਮੁਖ ਭਨੇ॥ ਗੁਰ ਨਾਨਕ ਨਾਮ ਬਚਨ ਮਨਿ ਸੁਨੇ॥"

ਇਹ ਨਾਮ, ਤਿਹੁੰ ਲੋਕਾਂ ਦਾ ਵਸ਼ੀਕਰਨ ਮੰਤਰ ਹੈ। ਪਰ ਮਨ ਨਾਲ ਸੁਣਿਆ ਜਾ ਸਕਦਾ ਹੈ ਅਤੇ ਮਨੁੱਖ ਦਾ ਮੰਦਭਾਗਾ ਪੱਖ ਹੈ ਕਿ ਮਨ, ਸ਼ੋਰ ਨਾਲ ਭਰਿਆ ਹੈ।

ਜੀਵਨ ਦੀਆਂ ਜ਼ਰੂਰਤਾਂ, ਤ੍ਰਿਸ਼ਨਾ ਪ੍ਰਾਪਤੀ ਲਈ ਨਿਰੰਤਰ ਭੱਜਦਾ ਹੋਇਆ ਮਨ। ਇਹ ਅੰਤਰਮਨ, ਪਰਮ ਬਿਸਰਾਮ ਵਿੱਚ ਸਥਿਤ ਹੋਣਾ ਚਾਹੀਦਾ ਹੈ—

"ਸਗਲ ਮਤਾਂਤ ਕੇਵਲ ਹਰਿ ਨਾਮ"

ਜਦੋਂ ਸਾਰੀਆਂ ਸੰਸਾਰਕ ਮਤਾਂ ਦਾ ਅੰਤ ਹੋ ਜਾਏ, ਮਤਾਂਤ ਹੋ ਜਾਏ...

"ਗੋਬਿੰਦ ਭਗਤ ਕੈ ਮਨਿ ਬਿਸ੍ਰਾਮ"

ਭਗਤ ਦਾ ਮਨ ਪੂਰਨ ਬਿਸਰਾਮ ਅਵਸਥਾ ਵਿੱਚ ਆ ਜਾਏ... ਫਿਰ ਉਹ ਘਟਨਾ ਜੀਵਨ ਵਿੱਚ ਘਟਦੀ ਹੈ...

"ਸੁਣਿਐ ਸਿਧ ਪੀਰ ਸੁਰਿ ਨਾਥ"

# ਹਉਮੈ ਭਗਤਿ ਕਰੈ ਸਭ ਕੋਇ

ਇੱਕ ਵਾਰ, ਨਾਰਦ ਜੀ ਨੇ ਕਠਿਨ ਤਪ ਕੀਤਾ। ਕਹਿੰਦੇ ਹਨ, ਦੇਵਰਾਜ ਇੰਦਰ ਦਾ ਸਿੰਘਾਸਨ ਡੋਲਣ ਲੱਗਾ। ਕਾਮ ਦੇਵਤਾ ਕਾਮਦੇਵ ਅਤੇ ਉਸ ਦੀ ਅਤਿ ਸੁੰਦਰ ਘਰ ਵਾਲੀ ਰਤੀ ਨੂੰ, ਤਪ ਭੰਗ ਕਰਨ ਲਈ ਭੇਜਿਆ। ਕਾਮਦੇਵ ਨੇ ਕਾਮ ਉਤੇਜਕ ਵਾਤਾਵਰਨ ਸਿਰਜਤ ਕੀਤਾ, ਮਨਮੋਹਕ ਦ੍ਰਿਸ਼ ਬਣਾਏ... ਰਤੀ ਨੇ ਨਿਰਤ ਕੀਤਾ, ਚੇਹਰੇ 'ਤੇ ਮੁਸਕਾਨ ਅਤੇ ਨੇਤਰਾਂ ਦੀ ਚੰਚਲਤਾ ਨਾਲ ਦੇਵਰਿਸ਼ੀ ਨੂੰ ਵਿਚਲਤ ਕਰਨ ਦੀ ਬਹੁਤ ਕੋਸ਼ਿਸ਼ ਕੀਤੀ, ਪਰ ਨਾਰਦ ਅਡੋਲ ਰਹੇ। ਨਾਰਦ ਜੀ ਨੂੰ ਹੰਕਾਰ ਹੋ ਗਿਆ। ਇਹ ਬਿਰਤਾਂਤ ਸ਼ਿਵਜੀ ਨੂੰ ਸੁਣਾਇਆ। ਸ਼ਿਵਜੀ ਸਮਝ ਗਏ, ਰਿਸ਼ੀ ਨੂੰ ਤਪ ਵਿੱਚ ਸਥਿਰ ਰਹਿਣ ਦਾ ਹੰਕਾਰ ਹੋ ਗਿਆ ਹੈ। ਬਸ ਸੁਹਿਰਦ ਮਿੱਤਰ ਵਾਂਗ ਸਲਾਹ ਦਿੱਤੀ, ਇਹ ਬਿਰਤਾਂਤ ਅੱਗੋਂ ਵਿਸ਼ਨੂੰ ਭਗਵਾਨ ਨੂੰ ਨਾ ਦੱਸਿਓ। ਏਨੀ ਵੱਡੀ ਜਿੱਤ, ਨਾਰਦ ਜੀ ਤੋਂ ਡੁੱਲ ਡੁੱਲ ਪੈ ਰਹੀ ਸੀ। ਵਿਸ਼ਨੂੰ ਲੋਕ ਜਾ ਸਾਰੀ ਘਟਨਾ ਦੱਸੀ। ਵਿਸ਼ਨੂੰ ਭਗਵਾਨ ਸਾਰਾ ਪ੍ਰਸੰਗ ਸੁਣਦੇ ਰਹੇ। ਨਾਰਦ ਜੀ, ਜਦੋਂ ਥੱਕ ਕੇ ਚੁੱਪ ਹੋਏ ਤਾਂ ਸ੍ਰੀ ਹਰੀ ਨੇ ਕਿਹਾ, ਨਾਰਦ ਜੀ ਆਪਣੇ ਤਿਆਗ ਅਤੇ ਤਪ ਕਰ,ਕੇ ਤੁਸੀਂ "ਦੇਵਰਿਸ਼ੀ" ਦੀ ਉੱਚੀ ਪਦਵੀ ਤੱਕ ਪਹੁੰਚ ਗਏ ਹੋ... ਜੇ ਤੁਹਾਡੇ ਵਿੱਚੋਂ, ਹਉਮੈ ਨਿਕਲ ਜਾਂਦੀ ਤਾਂ ਤੁਸੀਂ, ਨਿਰੰਕਾਰ ਦਾ ਰੂਪ ਹੋ ਜਾਂਦੇ... ਤੁਸੀਂ ਬ੍ਰਹਮਲੀਨ ਹੋ ਜਾਂਦੇ।

ਭਗਤ ਕਬੀਰ ਜੀ ਕਹਿੰਦੇ ਹਨ :

"ਕਹੁ ਕਬੀਰ ਜਬ ਭਗਤੀ ਲਾਗਾ, ਸੁਖ ਨ ਮਿਲਿਆ ਕੋਇ॥
ਹਉ ਵਿੱਚ ਕੋ ਪਹੁੰਚਾ ਨਹੀਂ, ਮੈਂ ਵਿੱਚ ਸੁਖ ਨ ਹੋਇ॥"

ਭਗਤ ਕਬੀਰ ਜੀ ਦੀ ਇਹ ਸਵੀਕ੍ਰਿਤੀ, ਭਗਤੀ ਦੀ ਆਰੰਭ ਕਾਲ ਅਵਸਥਾ ਹੋ ਸਕਦੀ ਹੈ। ਪਰ ਸਾਡੇ-ਤੁਹਾਡੇ ਜਿਹੇ ਧਰਮ ਜਗਿਆਸੂਆਂ ਦਾ ਯਥਾਰਥ ਚਿਤਰਨ ਹੈ। ਹਮੇਸ਼ਾ ਸ਼ਿਕਾਇਤ ਰਹਿੰਦੀ ਹੈ, ਸਿਮਰਨ-ਪਾਠ, ਇਸ਼ਨਾਨ-ਧਿਆਨ ਕਰਦਿਆਂ ਜੀਵਨ ਬਿਤੀਤ ਹੋ ਚਲਿਆ ਹੈ... ਪਰ ਕੁਝ ਪ੍ਰਾਪਤ ਨਹੀਂ ਹੋਇਆ... ਕਿਸੇ ਉੱਚੇ ਆਸਨ ਤੱਕ ਪਹੁੰਚੇ ਨਹੀਂ।

ਤੀਜੇ ਪਾਤਸ਼ਾਹ ਅਸਫਲਤਾ ਦਾ ਰਾਜ਼ ਖੋਲ੍ਹਦੇ ਹਨ—

"ਹਉਮੈ ਭਗਤਿ ਕਰੇ ਸਭੁ ਕੋਇ॥ ਨਾ ਮਨ ਭੀਜੈ ਨਾ ਸੁਖੁ ਹੋਇ॥
ਕਹਿ ਕਹਿ ਕਹਣੁ ਆਪੁ ਜਣਾਇ॥ ਬਿਰਥੀ ਭਗਤਿ ਸਭੁ ਜਨਮ ਗਵਾਇ॥

(ਪੰਨਾ 1278)

ਪ੍ਰਾਣੀ ਜਗਤ ਦੀ ਸੰਰਚਨਾ, ਦੋ ਖੰਡਾਂ ਵਿੱਚ ਹੋਈ। ਬਾਹਰ ਮਨੁੱਖ ਦੀ ਦੇਹ ਹੈ। ਉਸ ਦਾ ਰੂਪ, ਕੱਦ, ਰੰਗ, ਸਿਹਤ... ਫਿਰ ਅੰਦਰੂਨੀ ਅੰਗ, ਮਨ, ਬੁੱਧੀ, ਇੰਦ੍ਰੀਆਂ। ਸੰਪੂਰਨਤਾ ਵਿੱਚ ਇਹ ਬਾਹਰੀ ਰੂਪ ਨੂੰ ਜਗਤ ਵਿੱਚ "ਮੈਂ" ਕਿਹਾ ਜਾਂ ਸਮਝਿਆ

ਜਾਂਦਾ ਹੈ। ਦੂਜਾ ਖੰਡ ਕਿਸੇ ਗਹਿਰੀ ਹਨੇਰੀ ਗੁਫ਼ਾ ਵਾਂਗ ਅਦਿੱਖ ਹੁੰਦੀ ਹੈ। ਸੰਸਾਰਕ ਪ੍ਰਾਣੀ ਬਾਹਰੀ "ਮੈਂ" ਵਿੱਚ ਹੀ ਜੀਊਂਦਾ ਹੈ। ਆਪਣੀ ਮਤਿ ਅਨੁਸਾਰ, ਰੂਪ, ਰਸ, ਗੰਧ, ਸਪਰਸ਼ ਅਤੇ ਸਵਾਦਾਂ ਵਿੱਚ ਲਿਪਤ ਪ੍ਰਾਣੀ। ਜੀਵਨ ਦੀਆਂ ਜਿੱਤਾਂ, ਸਫ਼ਲਤਾਵਾਂ, ਪ੍ਰਾਪਤੀਆਂ ਨੂੰ ਬਾਹਰੀ "ਮੈਂ" ਨਾਲ ਜੋੜ ਕੇ ਵੇਖਦਾ ਹੈ; ਇਹ ਧਰਮ ਸ਼ਾਸਤ੍ਰਾਂ ਵਿੱਚ "ਹਉਮੈਂ" ਜਾਂ "ਮੈਂ" ਕਹੀ ਗਈ। ਸਤਿਗੁਰ ਸਾਹਿਬਾਨਾਂ ਦੀ ਗੁਰਬਾਣੀ ਦੂਸਰੇ ਖੰਡ ਦੀ ਝਲਕ ਪਾਉਂਦੀ ਹੈ। ਇਹ ਸਦੀਵੀ "ਮੈਂ" ਹੈ। ਇਹ "ਮੈਂ" ਜੋਤ ਹੈ, ਬ੍ਰਹਮ ਹੈ, ਪਰਮਾਤਮਾ ਹੈ। ਭਗਤੀ, ਇੱਕ ਗਹਿਰੇ ਅਰਥ ਵਿੱਚ, ਸਮਝੀ ਜਾ ਸਕਦੀ ਹੈ। ਭਗ+ਤੀ ਅਰਥਾਤ ਭਗਤੀ।

ਭਗ ਦਾ ਅਰਥ ਹੈ, ਬਲ, ਵੀਰਯ, ਸੁਖ, ਐਸ਼ਵਰਯ! ਇਹ ਸਾਰੀਆਂ ਸੰਸਾਰਕ ਪ੍ਰਾਪਤੀਆਂ ਹਨ। ਬਾਹਰੀ ਦੇਹ ਦੀ ਇੰਦ੍ਰੀਆਂ ਇੱਥੋਂ ਤੱਕ ਪਹੁੰਚ ਸਕਦੀਆਂ ਹਨ। ਇਸ "ਭਗ" ਤੋਂ ਉਪਜੀ ਸੰਸਾਰਕ ਸ਼ੋਹਰਤ ਸਮੱਗਰੀ ਦਾ ਤਿਆਗ ਕਰੇ ਤਾਂ ਭਗਤੀ ਦਾ ਮਾਰਗ ਆਰੰਭ ਹੁੰਦਾ ਹੈ। ਇਸ ਤੋਂ ਪਹਿਲਾਂ ਬਾਹਰਲੇ ਦੇਹ ਖੰਡ ਦੀ ਸਰਹੱਦ ਸੀ... ਸੰਸਾਰ ਦੀ ਸੀਮਾ ਸੀ। ਇਸ ਹੱਦ ਵਿੱਚ ਜਿੱਤੀਆਂ ਹੋਈਆਂ ਜੰਗਾਂ, ਮਹਿਲ, ਲਾਵ ਲਸ਼ਕਰ, ਸਭ ਸਾਥ ਛੱਡ ਜਾਂਦੇ ਹਨ। ਸਤਿਗੁਰ ਪਾਤਸ਼ਾਹ ਕਹਿੰਦੇ ਹਨ, ਭਗਤੀ, ਸਿਮਰਨ, ਪਾਠ, ਪੂਜਾ, ਅਰਚਨਾ, ਬਾਹਰਲੇ ਖੰਡ ਵਿੱਚ, ਦੇਹ ਇੰਦ੍ਰੀਆਂ ਨਾਲ ਸੰਪਾਦਤ ਭਗਤੀ ਵੀ ਬਿਰਥੀ ਜਿਹੀ ਹੋ ਜਾਂਦੀ ਹੈ—

"ਬਿਰਥੀ ਭਗਤਿ ਸਭ ਜਨਮ ਗਵਾਇ॥"

ਬਾਹਰ ਦੀ "ਮੈਂ" ਦੇਹ ਦਾ ਅਦਾਰਾ ਹੈ। ਇਸ ਵਾੜੇ ਵਿਚ ਕੀਤੇ ਹੋਏ ਭਲੇ ਚੰਗੇ ਕਰਮ ਵੀ "ਹਉਮੈ" ਨਾਲ ਜੁੜ ਜਾਂਦੇ ਹਨ ਅਤੇ ਵਿਅਰਥ ਚਲੇ ਜਾਂਦੇ ਹਨ—ਪੰਜਵੇਂ ਪਾਤਸ਼ਾਹ, ਸੁਖਮਨੀ ਵਿੱਚ, ਇਸ ਵਿਸ਼ੇ ਨੂੰ ਹੋਰ ਸਪੱਸ਼ਟ ਕਰਦੇ ਹਨ—

"ਕੋਟਿ ਕਰਮ ਕਰੈ ਹਉ ਧਾਰੈ॥<br>ਸ੍ਰਮ ਪਾਵੈ ਸਗਲੇ ਬਿਰਥਾਰੇ॥"

ਕਰੋੜਾਂ ਕਿਸਮਾਂ ਦੇ ਕਰਮ ਮਨੁੱਖ ਕਰਦਾ ਹੈ, "ਮੈਂ" ਦੇ ਬੋਧ ਵਿੱਚ, ਤਾਂ "ਮੈਂ" ਦੇ ਮਹਾਂਮੰਤਰੀ ਮਨ ਦੀ ਮਨਸ਼ਾ, ਇਸ ਕਰਮ ਵਿੱਚ ਸ਼ਾਮਲ ਹੋ ਜਾਂਦੀ ਹੈ। ਦਾਨ ਦਿੱਤਾ ਤਾਂ ਧਨ ਵਿੱਚ ਹੋਰ ਵਾਧੇ ਦੀ ਕਾਮਨਾ... ਬੰਦਗੀ, ਤਪ ਕੀਤਾ ਤਾਂ ਸਵਰਗ ਦੀ ਮਨਸ਼ਾ ਕਰਮ ਨਾਲ ਸ਼ਾਮਿਲ ਹੋ ਜਾਂਦੀ ਹੈ। ਪੰਜਵੇਂ ਪਾਤਸ਼ਾਹ ਕਹਿੰਦੇ ਹਨ, ਇਸ ਕਰਮ ਦੀ ਦਿਹਾੜੀ, ਜ਼ਰੂਰ ਮਿਲੇਗੀ, ਭੌਤਿਕ ਸੁਖ, ਸੰਪਤੀ ਦੇ ਰੂਪ ਵਿੱਚ, "ਸ੍ਰਮ ਪਾਵੈ", ਦਿਹਾੜੀ ਜ਼ਰੂਰ ਮਿਲੇਗੀ ਪਰ ਪਰਮ ਅਰਥ, ਜੀਵਾਤਮਾ ਦੇ ਅਰਥ ਵਿੱਚ, "ਸਗਲੇ ਬਿਰਥਾਰੇ" ਸਾਰੇ ਕਰਮ ਬੇਅਰਥ ਹੋ ਜਾਣਗੇ।

ਸਰੀਰ ਨੂੰ "ਮੈਂ" ਸਮਝ ਦੇ ਤਲ 'ਤੇ ਸੰਪਾਦਿਤ ਕਰਮ, ਜਪ, ਤਪ, ਦਾਨ, ਤੀਰਥ ਇਸ਼ਨਾਨ, ਸਾਰੇ ਕਰਮ, ਦੇਹ ਆਸ਼ਕਤੀ ਵਿੱਚ, ਸਰੀਰ ਅਤੇ ਸਰੀਰ ਨਾਲ ਜੁੜਿਆ ਪਰਿਵਾਰ, ਵਾਪਾਰ, ਸੰਸਾਰ, ਸਭ ਕੁਝ, ਸੁਖ ਦੀ ਕਾਮਨਾ ਅਧੀਨ ਕੀਤੇ ਜਾਂਦੇ ਹਨ। ਇਹ ਮਨੋਵਿਗਿਆਨ, ਕੁਦਰਤ ਦੇ ਵਿਧਾਨ ਪ੍ਰਵਾਹ ਤੋਂ ਉਲਟ ਵਗਣ

ਦੀ ਵਿਅਰਥ ਕੋਸ਼ਿਸ਼ ਮੰਨੀ ਜਾਂਦੀ ਹੈ। ਨਦੀ ਦੇ ਵੱਗ ਰਹੀ ਧਾਰਾ ਦੇ ਉਲਟ ਤੈਰਾਕੀ...। ਫਿਜ਼ੂਲ ਦੀ ਕਵਾਇਦ... ਅਲਪ ਸਮੇਂ ਵਿੱਚ ਹਾਰ ਜਾਏਗਾ। ਸੁੱਖ ਦੀ ਸਹੀ ਪ੍ਰੀਭਾਸ਼ਾ, ਦੁਖ ਨਾ ਹੋਣਾ ਜਾਂ ਦੁਖ ਨੂੰ ਦੁਖ ਨਾ ਜਾਨਣਾ ਹੀ ਸੁਖ ਹੈ। ਸਵੇਰ ਦਾ ਸੁਰਯੋਦੈ, ਪ੍ਰਕਾਸ਼ ਦੀ ਲੋਅ ਦਾ ਪ੍ਰਗਟ ਹੋਣਾ ਹੀ, ਰਾਤ ਦਾ ਅੰਤ ਹੈ। ਨਾ ਰਾਤ, ਜ਼ੋਰ ਲਾ ਕੇ ਭਜਾਈ ਜਾਣੀ, ਨਾ ਦੁੱਖ ਧਕਿਆ ਜਾਣੈ, ਨਾ ਸੁਖ ਇਸ ਗ਼ੈਰ ਕੁਦਰਤੀ ਵਿਧੀ ਨਾਲ ਪ੍ਰਾਪਤ ਹੋਣਾ ਹੈ। ਇਹ, ਪਾਣੀਆਂ ਦੇ ਵਗਦੇ ਪ੍ਰਵਾਹ ਦੇ ਉਲਟ, ਤੈਰਾਕੀ ਵਾਂਗ ਨਿਸਫਲ ਖੇਚਲ ਹੈ।

ਪ੍ਰਾਣੀ ਮਾਤਰ, ਕੁਦਰਤ ਦੇ ਕੁਝ ਵਿਧਾਨ ਅੰਦਰ ਜਨਮ ਲੈਂਦਾ ਹੈ, ਜੀਊਂਦਾ ਹੈ, ਮਰਦਾ ਹੈ। ਭੋਗ ਤੋਂ ਜਨਮ ਹੋਇਆ। ਸਾਰਾ ਜੀਵਨ, ਭੋਗ ਨਾਲ ਹੀ ਤੁਰਦਾ ਰਹਿੰਦਾ ਹੈ। ਬਾਗ ਵਿੱਚ ਸੋਹਣਾ ਫੁੱਲ ਖਿੜਿਆ, ਵੇਖ ਕੇ ਮਨ ਵਿੱਚ ਖੇੜੇ ਦਾ ਰਸ ਉਪਜਿਆ... ਇਹ ਨੇਤਰਾਂ ਦਾ ਭੋਗ ਹੈ। ਸੰਗੀਤ ਦਾ ਰਸ-ਭੋਗ, ਕਲਾ ਭੋਗ, ਇਹ ਨਦੀਆਂ, ਝਰਨੇ, ਪਹਾੜਾਂ ਦੇ ਨਜ਼ਾਰੇ, ਜਾਂ ਇਸਤ੍ਰੀ-ਪੁਰਸ਼ ਦਾ ਆਕਰਖਣ! ਇਹ ਕਰੋੜਾਂ ਸਾਲਾਂ ਤੋਂ ਪ੍ਰਕ੍ਰਿਤੀ ਦਾ, ਪ੍ਰਾਣੀ ਜੀਂਸਾ ਵਿੱਚ ਦਾ ਵਗਦਾ ਪ੍ਰਵਾਹ, ਪਾਪ ਨਹੀਂ ਹੈ, ਸੰਯਮ, ਸੰਤੋਖ, ਅਤੇ ਸੰਤੁਲਨ ਦੇ ਬਨੇਰਿਆਂ ਨੂੰ ਤੋੜ ਕੇ ਲੰਘ ਜਾਣਾ, ਅਤਿਕ੍ਰਮਣ ਹੈ... ਹੱਦ ਨੂੰ ਟੱਪਣਾ ਹੈ, ਇਹ ਦੁੱਖ ਹੈ, ਇਹ ਪਾਪ ਕਿਹਾ ਗਿਆ। ਸਮਾਜ ਲਈ ਇਹ ਪ੍ਰਤੀਕਰਮ, ਭੋਗੀ ਅਤੇ ਭੋਗੀ ਜਾਣ ਵਾਲੀ ਸ਼ੈਅ, ਭੋਗਿਆ... ਦੋਹਾਂ ਲਈ ਦੁਖਦਾਈ ਹੋ ਜਾਂਦਾ ਹੈ।

ਹਜ਼ਾਰਾਂ ਸਾਲ ਪਹਿਲਾਂ, ਪਰਿਵਾਰ ਦੇ ਭੋਗਾਂ ਨੂੰ ਪਾਪ ਘੋਸ਼ਿਤ ਕਰਨਯੋਗ ਵਿਚਾਰਧਾਰਾ ਵਿਕਸਿਤ ਹੋਈ। ਇਸ ਨੂੰ "ਸੰਨਿਆਸ ਮਾਰਗ" ਕਿਹਾ ਗਿਆ। ਰਿਸ਼ੀਆਂ, ਮੁਨੀਆਂ, ਸਿੱਧਾਂ, ਜੋਗੀਆਂ, ਜੈਨ ਦੀਖਿਆ ਅਤੇ ਬੋਧ ਭਿਛੂਕ ਦੇ ਰੂਪ ਵਿੱਚ ਇਹ ਵਿਚਾਰਧਾਰਾ ਹਜ਼ਾਰਾਂ ਸਾਲ ਚਲਦੀ ਰਹੀ। ਤ੍ਰੇਤਾ ਕਾਲ ਦਾ ਇਵੇਂ ਦਾ ਇੱਕ ਪ੍ਰਸੰਗ, ਸ੍ਰੀ ਰਾਮ ਚਰਿਤ ਮਾਨਸ ਵਿੱਚ ਦਰਜ ਹੈ। ਕਈ ਲੋਕ, ਜਿਹੜੇ ਘਰ-ਪ੍ਰੀਵਾਰ ਦੀ ਸੰਭਾਲ, ਸੁਰੱਖਿਆ, ਖਰਚਿਆਂ ਤੋਂ ਨਿਜਾਤ ਪਾਉਣ ਲਈ, ਗ੍ਰਿਹਸਥ ਧਰਮ ਦਾ ਤਿਆਗ ਕਰ ਕੇ ਜੰਗਲਾਂ ਵੱਲ ਪਲਾਇਨ ਕਰ ਗਏ ਸਨ। ਜੰਗਲਾਂ ਦਾ ਜੀਵਨ, ਕਿਤੇ ਪੱਥਰਾਂ ਪਹਾੜਾਂ ਦੀਆਂ ਗੁਫ਼ਾਵਾਂ ਜਾਂ ਪੱਤਿਆਂ ਦੀਆਂ ਕੁਟੀਆਵਾਂ ਵਿੱਚ ਧੁੱਪ, ਬਰਖਾ, ਸਰਦ ਰੁੱਤ ਸਹਾਰਦੇ। ਘਰ ਦੀ ਯਾਦ ਆਉਂਦੀ, ਭੋਗ ਇੱਛਾ ਸਤੌਂਦੀ। ਕਿਸੇ ਸਾਧ ਨੇ ਆ ਕੇ ਦੱਸਿਆ, ਅਯੁੱਧਿਆ ਦੇ ਰਾਜਾ ਦਸ਼ਰਥ ਪੁੱਤਰ ਸ੍ਰੀ ਰਾਮ, ਸਾਖਿਆਤ ਕਰਨੀਆਂ ਵਾਲੇ ਹਨ। ਗੰਗਾ ਲੰਘਣ ਵੇਲੇ, ਇੱਕ ਯੁਗਾਂ ਪੁਰਾਣੀ ਪੱਥਰ ਦੀ ਸਿਲਾ ਨੂੰ ਪੈਰ ਨਾਲ ਛੂਹਿਆ ਤਾਂ ਉਹ ਸੁੰਦਰ ਇਸਤਰੀ ਬਣ ਗਈ। ਉਸ ਨੂੰ ਤਾਂ ਕੋਈ ਫੜਨ ਵਾਲਾ ਨਹੀਂ ਸੀ ਤਾਂ ਆਕਾਸ਼ ਨੂੰ ਉੱਡ ਗਈ। ਅਸੀਂ ਵੀ ਇੱਕ-ਇੱਕ ਪੱਥਰ ਸਿਲਾ ਰੱਖ ਲਈਏ। ਉਹੋ ਭਗਵਾਨ ਰਾਮ, ਆਪਣੀ ਸੁੰਦਰ ਘਰ ਵਾਲੀ ਅਤੇ ਛੋਟੇ ਭਾਈ ਨਾਲ, ਇਸ ਪਾਸੇ ਨੂੰ ਆ ਰਹੇ ਹਨ। ਅਰਜ਼ ਕਰ ਕੇ ਆਪਣੀ-ਆਪਣੀ ਸਿਲਾ ਨੂੰ, ਉਹਨਾਂ ਦਾ ਪੈਰ ਛੁਹਾ ਲਵਾਂਗੇ। ਉਹ ਸਿਲਾ, ਜਿਵੇਂ ਈ ਸੁੰਦਰ

ਇਸਤ੍ਰੀ ਬਣੇਗੀ, ਅਸੀਂ ਇੱਕ-ਇੱਕ ਨੂੰ ਫੜ ਲਵਾਂਗੇ, ਫਿਰ ਉੱਡਣ ਨਹੀਂ ਦੇਣਾ—

ਬਿੰਧਯ ਕੇ ਵਾਸੀ, ਉਦਾਸੀ, ਤਪੀ, ਬ੍ਰਤਧਾਰੀ ਮਹਾ ਬਿਨੁ ਨਾਰੀ ਦੁਖਾਰੇ—

ਘਰ ਜਨਾਨੀਆਂ ਬੱਚੇ ਲਾਵਾਰਿਸ ਛੱਡ ਆਏ ਸਨ, ਹੁਣ ਕਾਮ ਇੱਛਾ ਸਤੌਂਦੀ ਹੈ, ਤਾਂ ਪੱਥਰ ਨੂੰ ਜਨਾਨੀ ਬਣੌਣੀ ਚਾਹੁੰਦੇ ਹਨ... ਕੈਸੀ ਉਲਟ ਤੈਰਾਕੀ ਦੀ ਮਨੋਦਸ਼ਾ ਹੈ। ਘਰ ਵਿੱਚ ਦੁਖ ਜਾਪਿਆ। ਉਸ ਦੁਖ ਦਾ ਮੂਲ ਨਾ ਵਿਚਾਰਿਆ। ਬਹੁਤੇ ਧਨ, ਬਹੁਤੀ ਸਮੱਗਰੀ ਦੀ ਚਾਹਤ ਦੁੱਖ ਦਾ ਕਾਰਨ ਹੈ, ਜਾਂ ਸਾਡੇ ਕੋਲ ਜੋ ਵੀ ਹੈ, ਉਸ ਪ੍ਰਤੀ ਸੰਤੋਖਹੀਣਤਾ, ਦੁਖ ਬਣ ਕੇ ਬਾਰ-ਬਾਰ ਆ ਖਲੋਂਦੀ ਹੈ। ਅਸੀਂ ਹੋਰ ਸੁਖ ਮੰਗਦੇ ਹਾਂ... ਸਾਨੂੰ ਹੋਰ ਦੁਖ, ਖੇਚਲ, ਸੰਤਾਪ ਭੋਗਣਾ ਪੈਂਦਾ ਹੈ। ਨੌਵੇਂ ਪਾਤਸ਼ਾਹ, ਇਸ ਮਨੋਦਸ਼ਾ ਨੂੰ ਖੋਲ੍ਹਦੇ ਹਨ—

"ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ,<br>
ਸੇਵ ਕਰਤ ਜਨ ਜਨ ਕੀ॥" (ਪੰਨਾ 411)

ਇਹ "ਹਉ", ਮਨ ਦਾ ਵਿਗਿਆਨ ਹੈ... ਪੂਰਨ ਸਤਿਗੁਰ ਦੇ ਸਕੂਲ ਵਿੱਚ ਇਹ ਦੁਰਲੱਭ ਸਿੱਖਿਆ ਮਿਲਦੀ ਹੈ। ਬਾਹਰ ਦੇ ਮਹਾਂਵਿਦਿਆਲੇ, ਇਸ ਵਿਸ਼ੇ ਬਾਬਤ ਕੋਈ "ਮੈਨੇਜਮੈਂਟ ਐਕਸਪਰਟ" ਨਹੀਂ ਦਸ ਸਕਦੇ। ਮਨ ਵਿੱਚ, ਬਹੁਤ ਗਹਿਰੀਆਂ ਜੜ੍ਹਾਂ ਹਨ "ਹਉ" ਦੀਆਂ। ਧਨ ਕਮਾਉਂਦਾ ਹੈ, ਤਾਂ ਹਉ ਵਿੱਚ ਸਥਿਤ ਹੁੰਦਾ ਹੈ। ਧਨ ਦਾ ਦਾਨ ਕਰਦਾ ਹੈ ਤਾਂ ਵੀ ਹਉ ਬੋਧ ਵਿੱਚ। ਧਨ ਦਾ ਹੰਕਾਰ ਤਾਂ ਦਿਸਦਾ ਸੀ... ਦਾਨ ਦਾ ਹੰਕਾਰ ਬਹੁਤ ਸੂਖਮ ਹੁੰਦਾ ਹੈ। ਵਿਖਾਈ ਤਾਂ ਦਿੰਦਾ ਹੈ, ਮੇਲਾ, ਲੰਗਰ, ਦਾਨ... ਪਰ ਅੰਦਰ ਕਿਤੇ ਗਹਿਰੇ, ਮੂਲ ਵਿੱਚ ਹੰਕਾਰ ਬੈਠਾ ਹੁੰਦਾ ਹੈ। ਧਨੀ ਰੂਪ ਵਿੱਚ ਜੱਗ ਨੇ ਵੇਖਿਆ, ਹੁਣ ਦਾਨੀ ਰੂਪ ਵੀ ਜਗ ਵੇਖੇ। ਹੰਕਾਰ ਤੁਸਟ ਹੁੰਦਾ ਹੈ, ਤਾਂ ਸੁਖ ਭਾਸਦਾ ਹੈ। ਇਹ ਸੁਖ ਵਿਖਾਵੇ ਦਾ ਹੁੰਦਾ ਹੈ... ਥੋੜ੍ਹੇ ਸਮੇਂ ਦਾ। ਹੰਕਾਰ ਰੱਜਦਾ ਨਹੀਂ ਤਾਂ ਫਿਰ ਦੁੱਖ ਅੱਗੇ ਆ ਖਲੋਂਦਾ ਹੈ। ਜੋਗ ਕਰਦਿਆਂ, ਤਪ ਕਰਦਿਆਂ, ਕਿਸੇ ਤਖ਼ਤ 'ਤੇ ਬੈਠ ਕੇ ਰਾਜ ਕਰਦਿਆਂ, ਮਨ ਦਾ ਇਹ ਸੁਭਾਅ ਸਦਾ ਦੁਖੀ ਰਹਿੰਦਾ ਹੈ। ਭਗਤ ਕਬੀਰ ਜੀ ਕਹਿੰਦੇ ਹਨ—

"ਜੋਗੀ ਦੁਖੀਆ ਜੰਗਮ ਦੁਖੀਆ, ਤਾਪਸ ਕੋ ਦੁਖ ਦੂਨਾ ਹੋ॥<br>
ਆਸਾ ਤ੍ਰਿਸਨਾ ਸਗਲ ਬਿਆਪੀ, ਕੋਊ ਮਹਲ ਨ ਸੂਨਾ ਹੋ॥<br>
ਅਵਧੂ ਦੁਖੀਆ, ਭੂਪਤਿ ਦੁਖੀਆ, ਰੰਕ ਦੁਖੀ ਬਿਪਰੀਤਾ ਹੋ॥<br>
ਕਹੈ ਕਬੀਰ ਸਭੈ ਜਗ ਦੁਖੀਆ, ਇੱਕ ਸੰਤ ਦੁਖੀ ਮਨ ਜੀਤਾ ਹੋ॥"

ਮਨ ਦੇ ਅਦਾਰੇ ਵਿੱਚ ਕੀਤਾ ਹੋਇਆ, ਕਰਮ ਦੁਖਦਾਈ ਹੁੰਦਾ ਹੈ। ਮਨ ਨੂੰ ਜਿੱਤਣ ਵਾਲਾ ਕੋਈ "ਸੰਤ", ਕੋਈ ਸਤਿਗੁਰ ਦਾ ਪਿਆਰਾ, ਮਨ ਤੋਂ ਪਾਰ ਪਹੁੰਚ ਸਕਦਾ ਹੈ।

ਧਰਮ ਇੱਕ ਸਿੱਖਿਆ ਹੈ, ਪੂਰਨ ਸਤਿਗੁਰ ਸਿੱਖਿਅਕ ਹੁੰਦਾ ਹੈ ਅਤੇ ਪਵਿੱਤਰ ਰੂਹਾਂ, ਵਿਦਿਆਰਥੀ ਹਨ। ਇੱਥੇ ਆਤਮਾ ਦਾ ਅਨੁਸ਼ਾਸਨ ਅਭਿਆਸ ਕਰਾਇਆ ਜਾਂਦਾ ਹੈ ਤਾਂ ਜੋ ਬਲਵਾਨ ਆਤਮਾ, ਮਨ ਦੇ ਸਾਰੇ ਭਰਮ-ਭੁਲੇਖੇ ਭੰਨ ਕੇ ਪਾਰ ਲੰਘ

ਸਕੇ। ਇਹ ਤਲ, ਤੀਜੇ ਪਾਤਸ਼ਾਹ ਕਹਿੰਦੇ ਹਨ, ਸਦੀਵੀ ਸੁਖ ਦਾ ਤਲ ਹੁੰਦਾ ਹੈ—

"ਨਾਨਕ ਸੁਖਿ ਸਵਨਿ ਸੋਹਾਗਣੀ ਸਚੈ ਨਾਮਿ ਸਮਾਇ॥"

ਕੋਈ ਸੁਹਾਗਣਿ, ਸਾਈਂ ਵਾਲੀ ਕੋਈ ਸੁਭਾਗੀ ਨਾਰ, ਸਤਿਗੁਰ ਦੀ ਮਤਿ ਵਾਲਾ ਕੋਈ ਸਿੱਖ, "ਨਾਮ" ਦਾ ਅਰਥ ਸਮਝੇਗਾ। ਫਿਰ "ਨਾਮ" ਕੁਝ ਅੱਖਰਾਂ ਦਾ ਜੋੜ ਨਹੀਂ ਰਹਿ ਜਾਏਗਾ। ਕਿਹਾ ਜਾਂਦਾ ਹੈ, ਆਤਮਾ ਪਰਮਾਤਮਾ ਵਿੱਚ ਲੀਨ ਹੋ ਗਈ... ਜਾਂ ਉਹ ਮਹਾਂਪੁਰਖ, ਬ੍ਰਹਮਲੀਨ ਹੋ ਗਏ। ਕਿਸੇ ਨਹੀਂ ਕਿਹਾ ਕਿ ਕੋਈ ਸੱਜਣ ਅੱਖਰਾਂ ਵਿੱਚ ਸਮਾ ਗਏ। ਤਾਂ ਨਾਮ, ਪਰਮੇਸ਼ਰ ਹੈ, ਗੁਰੂ ਵਾਲਿਆਂ ਲਈ ਸਤਿਗੁਰੂ ਹੈ, ਮਹਾਂਸਾਗਰ, ਜਿਸ ਵਿੱਚ ਸਾਈਂ ਵਾਲੀ ਸੁਹਾਗਣ ਸਮਾਹਿਤ ਹੋ ਜਾਂਦੀ ਹੈ... ਪੂਰਨ ਗੁਰਸਿੱਖ, ਇਸੇ ਗੁਰ-ਦਰਿਆ ਵਿੱਚ ਲੈਅ ਹੋ ਜਾਂਦਾ ਹੈ। ਸਿੱਖ ਸੁਹਾਗਣ ਗਰਵ ਨਾਲ ਕਹਿੰਦੀ ਹੈ—

"ਕਉਣ ਕਹਿੰਦੈ ਕਿ ਮੌਤ ਆਏਗੀ ਔਰ ਮੈਂ ਮਰ ਜਾਵਾਂਗੀ,
ਮੈਂ ਤਾਂ ਨਦੀ ਹਾਂ, ਸਾਗਰ ਵਿੱਚ ਉਤਰ ਜਾਵਾਂਗੀ॥"

ਇਵੇਂ ਦੀਆਂ ਮੁਕਤਿ ਰੂਹਾਂ, ਗੁਰਸਿੱਖੀ ਬਾਗ ਦੇ ਸਦ ਮਹਿਕਦੇ ਫੁੱਲ ਵਾਂਗ, ਵੱਖ-ਵੱਖ (ਕਾਲਖੰਡ) ਵਿੱਚ ਕਈ ਖਿੜੇ। ਭੈਅ ਭਰਮ ਜਾਂ ਮੋਹ ਲੋਭ ਤੋਂ ਪਾਰ ਸੰਸਾਰ ਦੀ ਖਿੱਚ ਤੋਂ, ਉੱਪਰ ਦਾ ਜੀਵਨ ਨਿਰਵਾਹ ਕਰ ਗਏ॥

ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ, 19ਵੀਂ ਸਦੀ ਦੇ ਆਰੰਭਲੇ ਦਹਾਕੇ ਵਿੱਚ, ਭਾਈ ਮਨਸਾ ਸਿੰਘ ਜੀ, ਬਹੁਤ ਹੀ ਰਸਭਿੰਨਾ ਕੀਰਤਨ ਕਰਦੇ ਸਨ। ਸ੍ਰੋਤੇ ਮੰਤਰ ਮੁਗਧ ਹੋ ਜਾਂਦੇ। ਸੰਨ 1820 ਮਹਾਰਾਜਾ ਰਣਜੀਤ ਸਿੰਘ ਨੇ, ਭਾਈ ਜੀ ਨੂੰ ਲਾਹੌਰ ਦਰਬਾਰ ਵਿੱਚ ਕੀਰਤਨ ਕਰਨ ਲਈ ਬੇਨਤੀ ਕੀਤੀ। ਭਾਈ ਮਨਸਾ ਸਿੰਘ ਜੀ ਨੇ ਨਿਮਰਤਾ ਸਹਿਤ ਕਿਹਾ, "ਮੈਂ, ਆਪਣੇ ਗੁਰੂ ਦੀ ਹਜ਼ੂਰੀ ਵਿੱਚ ਗਾਉਂਦਾ ਹਾਂ। ਜਿਸ ਨੂੰ ਕੀਰਤਨ ਸੁਣਨ ਦੀ ਚਾਹਤ ਹੈ, ਉਹ ਸ੍ਰੀ ਦਰਬਾਰ ਸਾਹਿਬ ਆ ਕੇ ਸੁਣ ਸਕਦਾ ਹੈ।"

ਉਥੇ ਨਾ ਤਾਂ ਮਾਇਆ ਦਾ ਲੋਭ ਸੀ ਨਾ ਸ਼ੇਰੇ ਪੰਜਾਬ ਦਾ ਭੈਅ ਸੀ... ਨਿਰਲੋਭ... ਨਿਰਭੈ... ਮਨ ਤੋਂ ਪਾਰਲੀ ਅਵਸਥਾ।

ਤਾਂ ਪਾਤਸ਼ਾਹ ਕਹਿੰਦੇ ਹਨ—

"ਹਉਮੈ ਭਗਤਿ ਕਰੈ ਸਭੁ ਕੋਇ॥ ਨਾ ਮਨ ਭੀਜੈ ਨਾ ਸੁਖੁ ਹੋਇ॥"

ਦੇਹ ਭਾਵ ਵਿੱਚ ਸਥਿਤ ਭਗਤੀ... ਰਸਨਾ ਜਾਪ ਕਰ ਰਹੀ ਹੈ, ਹੱਥ ਸਿਮਰਨੀ ਜਾਂ ਮਾਲਾ 'ਤੇ ਫਿਰ ਰਿਹਾ ਹੈ। ਮਨ ਵਿੱਚ ਵਡਿਆਈ ਦੀ ਚਾਹਤ ਹੈ। ਗੱਲ ਗੱਲ ਵਿੱਚ, ਸਵੇਰੇ ਹੋਏ ਦੋ ਘੰਟੇ ਸਿਮਰਨ ਦੀ ਗੱਲ ਕਰਨਗੇ, ਗੁਰਬਾਣੀ ਪਾਠ ਦੀ ਚਰਚਾ ਕਰਦੇ ਹਨ। ਉਨ੍ਹਾਂ ਦੀ ਮਨੋਦਸ਼ਾ ਪਾਤਸ਼ਾਹ ਦੱਸਦੇ ਹਨ—

"ਕਹਿ ਕਹਿ ਕਹਣੁ ਆਪੁ ਜਣਾਇ॥ ਬਿਰਥੀ ਭਗਤਿ ਸਭੁ ਜਨਮ ਗਵਾਇ॥"

ਗੱਲ ਗੱਲ ਵਿੱਚ, ਜਣੌਂਦੇ ਹਨ। ਸ਼ੌਹਰਤ ਦੀ ਤਮੰਨਾ ਹੈ। ਇਹ ਵਿਖਾਵੇ ਦੀ ਭਗਤੀ... ਸਾਰਾ ਜੀਵਨ ਬਿਰਥਾ ਹੀ ਗਿਆ। ਸੰਨਿਆਸ ਲਿਆ, ਤਪ ਕੀਤਾ,

ਪੰਡਿਤ, ਪੁਰੋਹਿਤ, ਮਹੰਤ, ਮਠਾਧੀਸ਼ ਬਣੇ, ਪਰ ਬਿਰਤੀ ਉਹੀ, ਪਹਿਲਾਂ ਵਾਲੀ।

30 ਮਈ 2022 ਨੂੰ, ਮਹਾਂਰਾਸ਼ਟਰ ਦੇ ਨਾਸਿਕ ਸ਼ਹਿਰ ਵਿੱਚ, ਇੱਕ ਧਰਮ ਸਭਾ ਹੋਈ। ਸ੍ਰੀ ਹਨੂੰਮਾਨ ਜੀ ਦੇ ਜਨਮ ਸਥਾਨ ਬਾਬਤ ਖੋਜ, ਸ਼ਨਾਖਤ ਅਤੇ ਨਿਰਣਾ ਕਰਨਾ, ਇਸ ਸਭਾ ਦਾ ਮੁੱਖ ਵਿਸ਼ਾ ਹੈ ਸੀ। ਦੂਰੋ-ਦੂਰੋਂ, ਕਈ ਮਹੰਤਾਂ, ਵਿਦਵਾਨਾਂ, ਮੰਡਲੇਸ਼ਵਰਾਂ ਦੀ ਮੌਜੂਦਗੀ ਵਿੱਚ ਸਭਾ ਆਰੰਭ ਹੋਈ। ਕਰਨਾਟਕ ਵਿੱਚ, ਬੰਗਲੌਰ ਤੋਂ ਕਰੀਬ 400 ਕਿਲੋਮੀਟਰ ਦੂਰ, "ਕਿਸ਼ਕਿੰਧਾ" ਦਾ ਦਾਅਵਾ ਸਭ ਤੋਂ ਮਜ਼ਬੂਤ ਸੀ। ਇੱਥੇ ਅੰਜਨੀ ਗੁਫ਼ਾ ਹੈ, ਪੱਥਰ ਨਗਰੀ, ਬਾਲੀ ਅਤੇ ਸੁਗ੍ਰੀਵ ਦੀ ਗੁਫ਼ਾ, ਪੰਪਾ ਅਤੇ ਤੁੰਗਭਦਰਾ ਨਦੀ ਵੀ ਮੌਜੂਦ ਹੈ। ਸ੍ਰੀ ਬਾਲਮੀਕਿ ਰਮਾਇਣ ਅਤੇ ਸ੍ਰੀ ਰਾਮਚਰਿਤ ਮਾਨਸ ਵਿੱਚ ਵਰਣਿਤ, ਸ੍ਰੀ ਹਨੂੰਮਾਨ ਜੀ ਦੇ ਜਨਮ ਸਥਾਨ ਨਾਲ ਸੰਬੰਧਤ ਸਾਰੇ ਚਿਹਨ ਮੌਜੂਦ ਹਨ। ਆਂਧਰਾ ਪ੍ਰਦੇਸ਼ ਦੇ ਮਾਰੂਤੀ ਪਹਾੜ ਨੂੰ, ਜਨਮ ਸਥਾਨ ਘੋਸ਼ਿਤ ਕਰਨ ਦੀ ਪ੍ਰਸਤਾਵਨਾ ਵੀ ਪੇਸ਼ ਕੀਤੀ ਗਈ। ਨਾਸਿਕ ਦੇ ਸੰਤ, ਮਹੰਤ, ਪਵਨ ਪੁੱਤਰ ਹਨੂੰਮਾਨ ਦਾ ਜਨਮ ਸਥਾਨ, ਨਾਸਿਕ ਦਸ ਰਹੇ ਸਨ। ਤਰਕ, ਕੁਤਰਕ ਦੇ ਮੱਧ ਮਾਹੌਲ ਗਰਮ ਹੋ ਗਿਆ। ਧਰਮ ਗੁਰੂ ਸ਼ਿਸ਼ਟਾਚਾਰ, ਮਰਿਆਦਾ ਭੁੱਲ ਗਏ। ਨਾਸਿਕ ਦੇ ਮਹੰਤ ਸੁਧੀਰ ਦਾਸ, ਕਰਨਾਟਕ ਦੇ ਮਹੰਤ ਸ੍ਰੀ ਗੋਬਿੰਦ ਦਾਸ ਨੂੰ, ਇੱਕ ਪੱਤਰਕਾਰ ਦੇ ਹੱਥੋਂ ਮਾਇਕ ਖੋਹ ਕੇ ਮਾਰਨ ਲਈ ਉੱਠੇ। ਨਾਲ ਦਿਆਂ ਨੇ ਫੜ ਲਿਆ। ਪਰ ਸਾਰੀ ਦੁਨੀਆਂ ਵਿੱਚ ਇਹ ਤਮਾਸ਼ਾ ਵਾਇਰਲ ਹੋ ਗਿਆ। ਧਰਮ ਦੇ ਉੱਚੇ ਆਸਨ 'ਤੇ ਵੀ, ਮਨੁੱਖ ਦੇ ਵਿੱਚ ਮਨ ਹੀ ਬੈਠਾ ਹੋਇਆ ਹੈ ਅਤੇ ਮਨ ਦੀਆਂ ਹੱਦਾਂ ਬਹੁਤ ਤੰਗ ਹੁੰਦੀਆਂ ਹਨ।

ਸਤਿ ਦੇ ਵਿਦਿਆਲੇ ਵਿੱਚ, ਸ੍ਰੀ ਗੁਰੂ ਨਾਨਕ ਪਾਤਸ਼ਾਹ, ਗੁਰਮਤਿ ਦੀ ਤਾਲੀਮ ਦਿੰਦੇ ਹਨ—ਜਪੁਜੀ ਵਿੱਚ :

"ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥"

ਇਹ ਸਾਰਾ ਸੰਸਾਰ... ਇਹ ਸਾਰੀ ਕਾਇਨਾਤ, ਧਰਤ, ਆਕਾਸ਼, ਪਾਤਾਲ, ਇਹ ਸਾਰਾ ਪਾਸਾਰਾ, ਕਿਸੇ ਦੇ ਹੁਕਮ ਅੰਦਰ ਹੈ। ਸਾਡਾ ਸੁਖ, ਸਾਡਾ ਦੁਖ, ਇਹ ਹਰਖ ਅਤੇ ਸ਼ੋਕ, ਮਾਨ ਅਤੇ ਅਪਮਾਨ, ਸਾਡੀ ਪਹੁੰਚ ਤੋਂ ਬਾਹਰ ਦਾ ਕਿੱਤਾ ਹੈ। ਜਿਹੜਾ ਸਮਝ ਗਿਆ ਉਹ "ਹਉਮੈ" ਤੋਂ ਬਾਹਰ ਹੋ ਗਿਆ।

ਸੰਨ 1925-26, ਸਤਿਗੁਰ ਪ੍ਰਤਾਪ ਸਿੰਘ ਜੀ ਦਾ ਸਮਾਂ ਸੀ। ਮਾਸਟਰ ਸੁਹਾਵਾ ਸਿੰਘ, ਮੰਡੀ (ਹਿਮਾਚਲ) ਦੇ ਰਾਜਾ ਲੱਛਮਣ ਸੈਨ ਦੇ ਬੱਚਿਆਂ, ਰਾਜਕੁਮਾਰਾਂ ਦੇ ਸਿੱਖਿਆ ਗੁਰੂ ਹੈ ਸਨ। ਰਾਜੇ ਨੇ ਆਪਣੇ ਜਨਮ ਦਿਨ ਦੀ ਖੁਸ਼ੀ ਵਿੱਚ, ਮਾਸਟਰ ਜੀ ਨੂੰ ਬਹੁਤਾ ਰਾਸ਼ਨ ਪਾਣੀ ਅਤੇ ਪੈਸਾ ਦਿੱਤਾ, ਜੋ ਤੁਸੀਂ ਮਰਿਆਦਾ ਵਾਲੇ ਹੁੰਦੇ ਹੋ। ਸਾਡਾ ਤਿਆਰ ਭੋਜਨ ਨਹੀਂ ਛਕਦੇ ਹੋ। ਤਾਂ ਆਪ ਲੰਗਰ ਤਿਆਰ ਕਰਵਾ ਕੇ, ਸੰਗਤਾਂ ਨੂੰ ਖੁੱਲ੍ਹੇ ਗੱਫੇ ਛਕਾਉ। ਮਾਸਟਰ ਜੀ ਨੇ, ਉਹ ਸਾਰੀ ਸਮੱਗਰੀ ਤੇ ਰਾਜੇ ਵੱਲੋਂ ਦਿੱਤੀ ਮਾਇਆ, ਬਾਹਰਲੇ ਲੋਗਾਂ ਵਿੱਚ ਵਰਤਾ ਦਿੱਤੀ। ਆਪ ਦੀ ਨਿੱਜੀ ਮਾਇਆ

ਤੋਂ ਰਾਸ਼ਨ ਖਰੀਦ, ਲੰਗਰ ਤਿਆਰ ਕਰ, ਸੰਗਤ ਨੂੰ ਛਕਾਇਆ। ਰਾਜੇ ਨੂੰ ਪਤਾ ਲੱਗਾ ਤਾਂ ਪੁੱਛਿਆ, ਮਾਸਟਰ ਜੀ ਤੁਸਾਂ ਇਵ ਕਿਉਂ ਕੀਤਾ ? ਮਾਸਟਰ ਜੀ ਨੇ ਨਿਰਭੈ ਹੋ ਕਿਹਾ, ਰਾਜਾ ਜੀ ਤੁਹਾਡੀ ਲੁੱਟ-ਖੋਹ ਦੀ ਕਮਾਈ ਹੈ। ਤੁਹਾਡੇ ਰਾਜ ਵਿੱਚ ਲੜਕੀਆਂ ਵਿਕਦੀਆਂ ਹਨ। ਉਸ ਦਾ ਚੌਥਾ ਹਿੱਸਾ, ਤੇਰੇ ਖਜ਼ਾਨੇ ਵਿੱਚ ਪੈਂਦਾ ਹੈ। ਇਹ ਪਾਪ ਦੀ ਕਮਾਈ ਹੈ। ਮੇਰੀ ਮਿਹਨਤ, ਸਿੱਖਿਆ ਦਾ ਜੋ ਮਿਹਨਤਾਨਾ ਮਿਲਦਾ ਹੈ, ਅਸੀਂ ਉਹ ਛਕਦੇ ਹਾਂ। ਇਤਨਾ ਨਿਰਲੋਭੀ, ਇਤਨਾ ਨਿਰਭੈਅ, ਬਿਨਾਂ ਸ਼ੱਕ, ਉਹ ਗੁਰੂ ਦਾ ਕੋਈ ਸਿੱਖ ਹੀ ਹੋ ਸਕਦਾ ਹੈ।

ਇਹ, ਹਿਮਾਲਯ ਤੋਂ ਉੱਤੇ ਪਹਾੜਾਂ ਦਾ ਸਿਖਰ ਹੈ... ਆਤਮ-ਆਕਾਸ਼ ਦੀਆਂ ਬਾਤਾਂ ਹਨ, ਜਿੱਥੇ ਹਰ ਵੇਲੇ—

"ਝਿਮਝਿਮ ਅੰਮ੍ਰਿਤੁ ਵਰਸਦਾ ਤਿਸਨਾ ਭੁਖ ਸਭ ਜਾਇ॥
ਕੂਕ ਪੁਕਾਰ ਨ ਹੋਵਈ ਜੋਤੀ ਜੋਤਿ ਮਿਲਾਇ॥
ਨਾਨਕ ਸੁਖਿ ਸਵਨਿ੍ ਸੋਹਾਗਣੀ ਸਚੈ ਨਾਮਿ ਸਮਾਇ॥"(ਪੰਨਾ 1419-20)

# ਕੋਈ ਐਸੋ ਰੇ ਭੇਟੈ ਸੰਤੁ

ਜਗ ਵਿੱਚ ਕੁਝ ਥਿਰ ਨਹੀਂ। ਹਰ ਖਿਨ ਅਸੀਂ ਮਰ ਰਹੇ ਹਾਂ। ਰੋਜ਼ ਦਰਪਣ ਵੇਖਦਿਆਂ-ਵੇਖਦਿਆਂ, ਸੋਹਣੀ ਮੁਟਿਆਰ, ਬਿਰਧ ਹੋ ਗਈ। ਇਹ ਵਿਧਵੰਸ਼, ਇਹ ਤੋੜ ਭੰਨ, ਹਰ ਖਿਨ ਚੱਲ ਰਹੀ ਹੈ। ਇਹ ਸੁਨੱਖਾ ਸਰੀਰ, ਇਹ ਮਹਿਲ-ਮੰਦਰ, ਦੌਲਤ, ਕੁਝ ਵੀ ਨਿਸ਼ਚਿਤ ਨਹੀਂ, ਅਟਲ ਨਹੀਂ। ਮੀਰਾ ਕਹਿੰਦੀ ਹੈ:—

ਯਾ ਜਗ ਮੇਂ ਕਛੁ ਥਿਰ ਨਹੀਂ, ਕਿਤੁ ਆਵੈ ਕਿਤੁ ਜਾਏ॥
ਸੁਪਨੇ ਜਿਉ ਸੰਸਾਰ ਹੈ, ਮੈਂ ਦੇਖਿਓ ਠੋਕ ਵਜਾਏ॥

ਸਮੇਂ ਦੀ ਹਨੇਰੀ ਚੱਲ ਰਹੀ ਹੈ ਔਰ ਹੱਥ 'ਚੋਂ ਸੱਤੂ ਉੱਡੀ ਜਾ ਰਿਹੈ। ਹਰ ਖਿਨ ਆਸ਼ੰਕਾ, ਹਰ ਪਲ ਚਿੰਤਾ! ...ਧਰਮ, ਆਤਮਬੋਧ ਕਰਵਾਉਂਦਾ ਹੈ। ਅਖੁੱਟ, ਅਮਿੱਟ ਜੀਵਨ ਨਾਲ ਜੋੜਦਾ ਹੈ, ਭੈਅ ਮੁਕਤ ਕਰਦਾ ਹੈ।

ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ, ਕੋਈ ਵੱਖਰਾ ਧਰਮ ਦਾ ਮਾਰਗ ਨਹੀਂ ਚਲਾਇਆ। ਪਹਿਲਾਂ ਤੋਂ ਹੀ ਅਨੇਕ ਪੰਥਕ ਵੀਚਾਰ ਧਾਰਾਵਾਂ ਆਪਸ ਵਿੱਚ ਟਕਰਾ ਰਹੀਆਂ ਸਨ। ਗੁਰੂ ਨਾਨਕ ਨੇ, ਨਿਰਾਕਾਰ ਅਤੇ ਸਾਕਾਰ ਪੰਥ, ਸ਼ਿਵਜੀ ਅਤੇ ਵਿਸ਼ਨੂੰ ਦੇ ਵੀਚਾਰ ਪੰਥ, ਜੋਗੀਆਂ, ਨਾਥਾਂ, ਸਿੱਧਾਂ ਦੇ ਪੰਥ, ਇਸਲਾਮ ਪੰਥ... ਸਾਰਿਆਂ ਧਰਮ ਮਾਰਗਾਂ ਦੇ ਰਾਹਾਂ ਤੋਂ ਰੋੜੇ, ਪੱਥਰ, ਕੰਡੇ ਚੁੱਗ ਕੇ ਸੌਖੀ ਅਤੇ ਸੁਖੇਵੀਂ ਜੀਵਨ ਯਾਤਰਾ ਦਾ ਸੰਕਲਪ ਦਿੱਤਾ। ਤਾਂ ਪੰਜਵੇਂ ਗੁਰੂ ਨਾਨਕ, ਕਹਿੰਦੇ ਹਨ—

"ਕੋਈ ਐਸੋ ਰੇ ਭੇਟੈ ਸੰਤੁ, ਮੇਰੀ ਲਾਹੈ ਸਗਲ ਚਿੰਤ
ਠਾਕੁਰ ਸਿਉ ਮੇਰਾ ਰੰਗ ਲਾਵੈ॥ (ਪੰਨਾ-686-87)

ਸੰਸਾਰ, ਮਰਣਯੋਗ ਹੈ, ਨਾਸ਼ਵਾਨ ਹੈ। ਨੌਂਵੇਂ ਪਾਤਸ਼ਾਹ ਕਹਿੰਦੇ ਹਨ, ਮਨੁੱਖ ਨੂੰ ਆਪਣਾ ਸਰੀਰ ਦਿਖ ਰਿਹੈ, ਸੰਸਾਰ, ਪਰਿਵਾਰ, ਵਾਪਾਰ, ਅਨੇਕਾਂ ਵਿਸਥਾਰ ਦਿਸ ਰਿਹੈ... ਪਰ ਇਹ ਸਾਰਾ ਨਸ਼ਟ ਹੋ ਜਾਇਗਾ—

"ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ॥"

ਇੱਕ ਨਾਮ ਅੰਮ੍ਰਿਤ ਹੈ। ਮਿਰਤੁਵਾਨ ਨਹੀਂ। ਪਰਮੇਸ਼ਰ ਦੀ ਗੁਪਤ ਵਿਵਸਥਾ ਹੈ, ਹਰ ਹਿਰਦੈ ਵਿੱਚ ਨਾਮ ਮੌਜੂਦ ਹੈ। ਧਰਤੀ ਵਿੱਚ ਨਾਮ ਦਾ ਬੀਂ ਪਿਆ ਹੈ, ਕੋਈ ਕੁਸ਼ਲ ਮਾਲੀ... ਕੋਈ ਯੋਗ ਬਾਗ਼ਬਾਂ, ਪਾਣੀ ਦੇ ਛਿੱਟੇ ਦੇ ਕੇ, ਸਿੰਚ ਕੇ, ਪਨੀਰੀ ਨੂੰ ਬਾਹਰ ਲੈ ਆਉਂਦਾ ਹੈ। ਇਹ ਆਤਮਿਕ ਸਿੱਖਿਆ, ਕਿਸੇ ਕਿਤਾਬਾਂ-ਗ੍ਰੰਥਾਂ 'ਚੋਂ ਨਹੀਂ ਮਿਲੀ—

"ਪੜੇ ਰੇ ਸਗਲ ਬੇਦ ਨਹ ਚੂਕੈ ਮਨ ਭੇਦ॥
ਇਕੁ ਖਿਨੁ ਨ ਧੀਰਹਿ ਮੇਰੇ ਘਰ ਕੇ ਪੰਚਾ॥

ਪੰਜ ਵਿਕਾਰੀ, ਸ਼ਰਾਰਤੀ, ਮੇਰੇ ਅੰਦਰਲੇ ਅਨਸਰ, ਇਕ ਖਿਨ ਸ਼ਾਂਤ ਨਹੀਂ ਹੋਏ।

ਸਾਰਾ ਬੇਦ ਗਿਆਨ ਕਾਗਦੀ ਹੋਏ ਗਿਆ। ਮੇਰੀ ਬੇਚੈਨੀ ਇਕ ਪਲ ਵੀ ਸ਼ਾਂਤ ਨਾ ਹੋਈ।

"ਕੋਈ ਐਸੋ ਰੇ ਭਗਤੁ ਜੁ ਮਾਇਆ ਤੇ ਰਹਤੁ
ਇੱਕ ਅੰਮ੍ਰਿਤ ਨਾਮੁ ਮੇਰੈ ਰਿਦੈ ਸਿੰਚਾ॥" (ਪੰਨਾ 686-87)

ਅੱਜ ਸੰਸਾਰ ਸਮੇਂ ਦੇ ਸਭ ਤੋਂ ਨਾਜ਼ੁਕ ਦੌਰ 'ਚੋਂ ਲੰਘ ਰਿਹੈ। ਦੁਨੀਆਂ ਦੇ ਕਈ ਖੰਡ, ਹਰ ਰੋਜ਼ ਤਬਾਹੀ ਦੀ ਘੋਸ਼ਣਾ ਕਰ ਰਹੇ ਹਨ। ਸੀਰੀਆ ਅਤੇ ਲਿਬਨਾਨ, ਚੀਨ ਅਤੇ ਤਾਇਵਾਨ, ਇਜ਼ਰਾਇਲ ਅਤੇ ਫ਼ਿਲਿਸਤੀਨ, ਭਾਰਤ ਅਤੇ ਪਾਕਿਸਤਾਨ, ਪਾਕਿਸਤਾਨ ਅਤੇ ਅਫ਼ਗਾਨਿਸਤਾਨ, ਭਾਰਤ ਅਤੇ ਚੀਨ... ਅਤੇ ਹੁਣ ਰੂਸ-ਯੂਕ੍ਰੇਨ ਦੀ ਜੰਗ! ਇਹ ਸਾਰੇ, ਪਰਮਾਣੂ ਹਥਿਆਰ ਵਰਤੋਂ ਦੀ ਗੱਲ ਕਰਦੇ ਹਨ। ਇੱਕ ਖਿਨ ਦਾ ਅਸੰਤੁਲਨ, ਇੱਕ ਪਲ ਲਈ ਵਿਗੜਿਆ ਦਿਮਾਗੀ ਤਵਾਜ਼ਨ... ਸਾਰੀ ਮਨੁੱਖੀ ਸੱਭਿਅਤਾ ਨੂੰ ਮਿਟਾ ਕੇ ਖ਼ਾਕ ਕਰ ਦੇਵੇਗਾ। ਅਸੀਂ, ਤੁਸੀਂ ਅਤੇ ਦੁਨੀਆਂ ਦੇ ਵੱਡੇ-ਵੱਡੇ ਮੁਲਕ ਵੀ ਤਮਾਸ਼ਾ ਵੇਖ ਰਹੇ ਹਨ—

"ਇੱਕ ਭੀੜ ਰਹੀ, ਇੱਕ ਸ਼ੌਰ ਰਹਾ।
ਇਕ ਜਸ਼ਨ ਰਹਾ, ਕੋਹਰਾਮ ਰਹਾ।
ਜਬ ਕਸ਼ਤੀ ਡੂਬਨੇ ਵਾਲੀ ਥੀ,
ਸਾਹਿਲ ਪੇ ਤਮਾਸ਼ਾ ਆਮ ਰਹਾ॥

ਨਦੀ ਵਿੱਚ ਹੱੜ ਆਇਆ ਹੈ, ਵਿੱਚ ਦਰਿਆ ਦੇ, ਬੇੜੀ ਡੁੱਬਣ ਯੋਗ ਹਿਚਕੋਲੇ ਖਾ ਰਹੀ ਹੈ... ਹੁਣੇ ਬੱਸ ਡੁੱਬੀ ਕਿ ਡੁੱਬੀ ਔਰ ਕਿਨਾਰੇ ਤਮਾਸ਼ਾਈਆਂ ਦੀ ਭੀੜ ਨਜ਼ਾਰਾ ਲੈ ਰਹੀ ਹੈ।

ਧਰਮ 'ਤੇ ਭਰੋਸਾ ਰੱਖਣ ਵਾਲੇ ਲੋਗ, ਧਰਮੀਆਂ ਵੱਲ, ਆਸ ਭਰੀਆਂ ਨਿਗਾਹਾਂ ਨਾਲ ਵੇਖ ਰਹੇ ਹਨ। ਅੱਗ ਨੇ ਕਦੇ ਅੱਗ ਨਾਲ ਨਹੀਂ ਬੁਝਣਾ। ਕਿਸੇ ਰੱਬੀ ਹਿਰਦੇ 'ਚੋਂ ਸ਼ੀਤਲ ਜਲ ਦਾ ਸੋਮਾ ਫੁੱਟ ਪਵੇ ਅਤੇ ਕੋਈ ਕਰਿਸ਼ਮਾ ਹੋ ਜਾਏ... ਜਗ 'ਤੇ ਠੰਢ ਵਰਤ ਜਾਏ। ਜੰਗ ਦੇ ਮੈਦਾਨ ਵਿਚ, ਵੈਰੀਆਂ ਦੇ ਹਿਰਦੇ ਪ੍ਰੀਵਰਤਤ ਹੋ ਜਾਣ... ਨਾਮ ਦੀਆਂ ਪਨੀਰੀਆਂ, ਯਕਲਖ਼ਤ ਧਰਤੀ 'ਚੋਂ ਬਾਹਰ ਲਹਿਲਹਾ ਉੱਠਣ ਅਤੇ ਭਾਈਚਾਰੇ ਦਾ ਗੀਤ ਗੂੰਜ ਉੱਠੇ। ਸੰਨ 2020 ਦਾ ਕਮੇਸਟ੍ਰੀ ਸਾਈਂਸ ਨੋਬਲ ਅਵਾਰਡ, ਅਮੇਰਿਕਾ ਦੀ ਵਿਗਿਆਨੀ "ਜੇਨੀਫਰ ਡੌਂਡਨਾ" ਨੂੰ, ਜਿਨੋਮ ਐਡੀਟਿੰਗ ਰਿਸਰਚ ਵਜੋਂ ਮਿਲਿਆ। ਉਹ ਕਹਿੰਦੀ ਹੈ, ਹਰ ਜੀਅ ਵਿੱਚ ਕੁਦਰਤ ਨੇ ਇੱਕ ਕੋਡ ਪਾਇਆ ਹੋਇਆ ਹੁੰਦਾ ਹੈ। ਉਸ ਕੋਡ ਦੀ ਸ਼ਿਨਾਖਤ ਕਰ ਕੇ, ਉਸ ਨੂੰ ਤੋੜ ਕੇ, ਆਪਣਾ ਕੋਡ ਪਾ ਕੇ, ਅਸੀਂ ਉਸ ਜੀਅ ਦੇ ਜਿੰਸ ਆਪਣੀ ਮਨਮਰਜ਼ੀ ਅਨੁਸਾਰ ਤਬਦੀਲ ਕਰ ਸਕਦੇ ਹਾਂ। ਕਿਸੇ ਪ੍ਰਾਣੀ ਨੂੰ, ਮਾਤਾ ਦੀ ਗਰਭ ਅਵਸਥਾ ਵਿੱਚ ਹੀ, ਜਿਨੋਮ ਐਡੀਟਿੰਗ ਕਰਕੇ, ਅੱਗੋਂ ਹੋਣ ਵਾਲੇ ਕਈ ਰੋਗਾਂ ਦੇ ਖਿਲਾਫ਼ ਪ੍ਰਤੀਰੋਧੀ ਜਿੰਸ ਤਿਆਰ ਕਰ ਕੇ, ਉਨ੍ਹਾਂ ਰੋਗਾਂ ਤੋਂ ਬਚਾਇਆ ਜਾ ਸਕਦਾ ਹੈ। ਇਸੀ ਵਿਧੀ ਨਾਲ, ਬੱਚੇ ਵਿੱਚ, ਜਨਮ ਤੋਂ ਪਹਿਲਾਂ ਜਾਂ ਮਗਰੋਂ, ਵਿਦਵਾਨ, ਭਗਤ ਜਾਂ ਅਪਰਾਧੀ

ਬਿਰਤੀ ਵਾਲਾ ਮਨੁੱਖ ਵੀ ਬਣਾਇਆ ਜਾ ਸਕਦਾ ਹੈ।

ਜਿਨੋਮ ਐਡੀਟਿੰਗ ਜਾਂ ਕਾਇਆ ਰੂਪਾਂਤਰਣ ਦਾ ਇਲਮ, ਸਤਿਗੁਰ ਧੁਰੋਂ ਲੈ ਕੇ ਆਉਂਦੇ ਹਨ ਅਤੇ ਅੱਗੋਂ ਇਹ ਸ਼ਕਤੀ, ਆਪਣਿਆਂ ਸੰਤਾਂ ਨੂੰ ਵੀ ਬਖਸ਼ ਕੇ, ਜਗ ਸੁਖੀ ਕਰਨ ਦਾ ਉਪਰਾਲਾ ਕਰਦੇ ਹਨ।

ਗੁਰੂ ਨਾਨਕ ਪਾਤਸ਼ਾਹ, ਉਦਾਸੀ 'ਤੇ ਸਨ। ਪਦ-ਯਾਤਰਾ ਕਰਦਿਆਂ, ਬੰਗਾਲ-ਆਸਾਮ ਵਿਚਾਲੇ, ਮਰਦਾਨਾ ਭੁੱਖ ਤੋਂ ਹਾਰ, ਗੁਰੂ ਨਾਨਕ ਦਾ ਸਾਥ ਛੱਡ ਗਿਆ। ਸਤਿਗੁਰਾਂ ਨੇ, ਰਾਖ਼ਸ਼ਾਂ, ਜਾਦੂਗਰਨੀਆਂ ਅਤੇ ਹਿੰਸਕ ਜਾਨਵਰਾਂ ਦਾ ਹਵਾਲਾ ਦੇ ਕੇ, ਭਾਈ ਮਰਦਾਨਾ ਨੂੰ ਰੋਕਣ ਦੀ ਬਹੁਤ ਕੋਸ਼ਿਸ਼ ਕੀਤੀ, ਪਰ ਨਾ ਮੰਨਿਆ, ਵਾਪਸ ਮੁੜ ਗਿਆ। ਕੌਡੇ ਰਾਖਸ਼ ਹੱਥ ਪੈ ਗਿਆ। ਕੌਡਾ ਮਨੁੱਖ-ਮਾਸ ਦਾ ਸ਼ੌਕੀਨ ਸੀ। ਵੱਡੇ ਚੁੱਲ੍ਹੇ ਤੇ ਕੜਾਹੇ ਵਿੱਚ ਤੇਲ ਗਰਮ ਕਰਨ ਲੱਗਾ। ਭਾਈ ਬਾਲਾ ਜੀ, ਸ੍ਰੀ ਗੁਰੂ ਅੰਗਦ ਦੇਵ ਪਾਤਸ਼ਾਹ ਨੂੰ "ਜਨਮ ਸਾਖੀ" ਵਿੱਚ ਸੁਣੌਂਦੇ ਹਨ—

ਗੁਰੂ ਜੀ ਕਿਹਾ, ਮਰਦਾਨੇ ਨੂੰ ਰਾਖ਼ਸ਼ ਤਲਣ ਲੱਗਾ ਹੈ। ਮੈਂ ਕਿਹਾ, "ਜੀ ਤਲੀਵਨ ਦੇਹੁ... ਗੱਲ ਤਾਂ ਤੁਸਾਂ ਦੀ ਸੁਣਦਾ ਨਾਹੀ।"

ਨਾ ਭਾਈ, ਮਰਦਾਨਾ ਸਾਡਾ ਮਿੱਤਰ ਹੈ। ਚੱਲ ਚਲੀਏ ਆਖ, ਮੇਰੀ ਬਾਂਹ ਫੜੀ ਨੇ, ਉਸੇ ਖਿਨ ਕੌਡੇ ਅਤੇ ਕੜਾਹੇ ਦੇ ਪਾਸ ਪਹੁੰਚ ਗਏ। ਤੇਲ ਉਬਾਲੇ ਖਾ ਰਿਹਾ ਸੀ। ਕੌਡੇ ਨੇ ਮਰਦਾਨੇ ਨੂੰ ਉਸ ਕੜਾਹੇ ਵਿੱਚ ਜਾ ਘੱਤਿਆ। ਇਹ ਕੀ ਹੋਇਆ ? ਤੇਲ, ਪੋਹ ਮਾਘ ਦੇ ਕੱਕਰ ਠੰਢੇ ਜਲ ਵਾਂਗ ਹੋਏ ਗਿਆ। ਅੱਗ ਬੁਝ ਗਈ... ਕੜਾਹਾ ਠੰਢਾ ਪੈ ਗਿਆ। ਹੈਰਾਨ ਹੋ ਕੇ ਵੇਖਿਆ, ਗੁਰੂ ਨਾਨਕ, ਸਾਵਧਾਨ ਦਿਖਾਈ ਦਿੱਤੇ। ਤਾਂ ਰਾਖਸ਼ ਬੋਲਿਆ, ਸੱਚ ਆਖ ਤੂੰ ਕੌਣ ਹੈਂ ? ਗੁਰੂ ਨਾਨਕ ਹੱਸ ਕਰ ਬੋਲਿਆ, ਜੋ ਕੌਡਾ ਰਾਖਸ਼, ਇਸ ਤਾਈਂ ਹੁਣ ਖਾਹ... ਕਿਉਂ ਨਹੀਂ ਖਾਂਵਦਾ। ਗੁਰੂ ਨਾਨਕ ਨੇ ਕੌਡੇ ਦੀ ਕਾਇਆ ਕਲਪ ਕਰ ਦਿੱਤੀ। ਕੌਡੇ ਨੇ ਰਹਿੰਦਾ ਜੀਵਨ, ਮਨੁੱਖ ਮਾਤਰ ਦੀ ਸੇਵਾ ਵਿੱਚ ਗੁਜ਼ਾਰਿਆ। ਪ੍ਰਸਿੱਧ ਇਤਿਹਾਸਕਾਰ, ਡਾ, ਗੋਕੁਲ ਚੰਦ ਨਾਰੰਗ ਇੱਕ ਥਾਂ ਲਿਖਦੇ ਹਨ, "ਮੇਰੇ ਦਾਦੇ ਦੇ ਭਾਈ, ਮਾਸ, ਸ਼ਰਾਬ, ਹੋਰ ਨਸ਼ਿਆਂ ਦਾ ਸੇਵਨ ਕਰਦੇ... ਸਾਕਤ ਵਾਂਗ ਜੀਵਨ ਸੀ। ਇੱਕ ਵਾਰ ਦਾਦੀ ਨੇ, ਗੁਰੂ ਰਾਮ ਸਿੰਘ ਦੇ ਦਰਸ਼ਨ ਕਰਵਾਏ, ਭਜਨ ਦਿਵਾਇਆ... ਕੁਝ ਦਾ ਕੁਝ ਹੋ ਗਿਆ। ਜੀਵਨ ਰੂਪਾਂਤਰਤ ਹੋ ਗਿਆ। ਹਰ ਰੋਜ਼ ਸਣੇ ਕੇਸੀ ਇਸ਼ਨਾਨ, ਸੁਫ਼ੇਦ ਬਸਤਰ, ਗਲ਼ ਵਿੱਚ ਮਾਲਾ, ਹੱਥ ਗੜਵਾ, ਪੂਰਨ ਮਰਿਆਦਾ ਧਾਰੀ ਸਾਧ ਦਾ ਜੀਵਨ, ਅੱਗੋਂ ਬਿਤੀਤ ਕੀਤਾ।

ਸ੍ਰ. ਦਰਬਾਰਾ ਸਿੰਘ ਰਾਇਸਰ ਦੇ ਸਰਦੇ-ਪੁੱਜਦੇ ਜ਼ਿਮੀਂਦਾਰ ਸਨ। ਅਫ਼ੀਮ, ਮਾਸ, ਸ਼ਰਾਬ ਦੀ ਲਤ ਲੱਗੀ ਹੋਈ ਸੀ। ਬਸ ਇੱਕ ਵਾਰ ਗੁਰੂ ਰਾਮ ਸਿੰਘ ਨਾਲ ਮੇਲ ਹੋ ਗਿਆ, "ਸੁੱਟ ਦੇ ਦਰਬਾਰਿਆ ਡੱਬੀ" ਹੁਕਮ ਹੋਇਆ। ਬਸ ਦਰਬਾਰਾ ਸਿੰਘ, ਦਰਵੇਸ਼ ਹੋਇ ਗਿਆ। ਭੇਖ ਬਦਲ ਕੇ ਪੁਲਿਸ ਕਪਤਾਨ, ਬਾਰ ਬਰਟਨ ਦੇ ਘਰ ਸਫ਼ਾਈ ਕਰਮਚਾਰੀ ਦੀ ਨੌਕਰੀ ਕੀਤੀ। ਹਰ ਵੇਲੇ ਗੁਰੂ ਰਾਮ ਸਿੰਘ ਜੀ ਦੀ ਯਾਦ ਵਿੱਚ ਅੱਖਾਂ, ਭਿੱਜੀਆਂ ਰਹਿੰਦੀਆਂ। ਮੇਮ ਦਾ ਦਿਲ ਪਸੀਜ ਗਿਆ, ਰੰਗੂਨ ਦਾ ਪਤਾ ਦੱਸ ਦਿੱਤਾ। ਪਰਦੇਸ਼ ਗਮਨ ਤੋਂ ਤਿੰਨ ਸਾਲ ਮਗਰੋਂ, ਸ੍ਰ. ਦਰਬਾਰਾ ਸਿੰਘ, ਪਹਿਲਾ

ਸਿੱਖ, ਬਿਖਮ ਰਾਹਾਂ 'ਚੋਂ ਲੰਘਦਾ ਹੋਇਆ ਰੰਗੂਨ, ਬੰਗਲੇ ਵਿੱਚ ਜਾਂ ਸਤਿਗੁਰਾਂ ਦੇ ਚਰਨ ਛੋਹੇ ਅਤੇ ਪਹਿਲਾ ਹੁਕਮਨਾਮਾ ਲਿਆ, ਸਤਿਗੁਰੂ ਹਰੀ ਸਿੰਘ ਹਜ਼ੂਰੀ ਪੇਸ਼ ਕੀਤਾ।

ਸਤਿਗੁਰ ਤਾਂ "ਸਤਿ" ਸਰੂਪ ਹੁੰਦੇ ਹਨ, ਸਤਿਗੁਰ ਕਿਰਪਾ ਦੀ ਨਜ਼ਰ ਕਰ ਦੇਵੇ, ਸੰਤਾਂ-ਸੇਵਕਾਂ ਵਿੱਚ ਇਹ ਇਲਮ ਭਰ ਦੇਵੇ। ਸੰਨ 1910 ਦਾ ਹੋਲਾ ਮਹੱਲਾ, ਸਰਗੋਧਾ ਹੋਇਆ। ਅੰਗ੍ਰੇਜ਼ ਹਕੂਮਤ ਤੋਂ ਮੰਜ਼ੂਰੀ ਲੈਣੀ ਲਾਜ਼ਮੀ ਸੀ। ਹਵਲਦਾਰ ਨੱਥਾ ਸਿੰਘ ਬਹੁਤ ਕੁਰੱਖ਼ਤ ਪੁਲਸੀਆ ਸੀ। ਕਪਤਾਨ ਕੋਲ ਅੜੰਗਾ ਲਾਇਆ, "ਇਹ ਹਕੂਮਤ ਦੇ ਖਿਲਾਫ ਜ਼ਹਿਰ ਕੱਢਦੇ ਹਨ।" ਏ.ਐਸ.ਆਈ. ਨਿਹਾਲ ਸਿੰਘ ਨੇ ਕੂਕਿਆਂ ਦੇ ਪੱਖ ਵਿੱਚ ਸਿਫ਼ਾਰਿਸ਼ ਕੀਤੀ। ਸੰਤ ਭਗਤ ਸਿੰਘ ਦਾਤੇਵਾਲੀਏ ਨਾਲ ਬਹੁਤ ਚੰਗੀ ਤਰ੍ਹਾਂ ਭਾਈਚਾਰਾ ਹੋਣ ਦਾ ਹਵਾਲਾ ਦਿੱਤਾ। ਇਹ ਤਾਂ ਸਾਧ ਬਿਰਤੀ ਦੇ ਲੋਕ ਹਨ... ਸੱਚੇ ਸੁੱਚੇ... ਆਪ ਸਣੇ ਕੇਸੀ ਇਸ਼ਨਾਨ ਕਰ ਕੇ, ਫਿਰ ਲੰਗਰ ਤਿਆਰ ਕਰ ਕੇ ਛੱਕਦੇ ਹਨ। ਮੰਜ਼ੂਰੀ ਮਿਲ ਗਈ, ਪਰ ਮੇਲੇ ਦੀ ਨਿਗਰਾਨੀ, ਨੱਥਾ ਸਿੰਘ ਅਧੀਨ ਦਿੱਤੀ। ਪਹਿਲੇ ਦਿਨ ਤੜਕੇ "ਆਸਾ ਕੀ ਵਾਰ" ਲੱਗੀ... ਸ਼ਬਦ-ਕੀਰਤਨ ਦਾ ਰਸ ਬੱਝਾ, ਕਈ ਮਸਤਾਨੇ ਹੋਏ ਗਏ। ਸਾਰਾ ਦਿਨ ਦੀਵਨ ਚੱਲਿਆ। ਮਸਤਾਨੇ, ਭੌਰਿਆਂ ਵਾਂਗ ਝੂਮ ਝੂਮ ਪੈਣ। ਨੱਥਾ ਸਿੰਘ ਬਹੁਤ ਗਰਮ ਹੋ ਗਿਆ, "ਇਹ ਕੀ ਕੰਜਰਖਾਨਾ ਪਾਇਆ ਹੈ? ਮਦਾਰੀਆਂ-ਮਰਾਸੀਆਂ ਵਾਂਗ ਨੱਚਦੇ-ਟੱਪਦੇ ਹੋ। ਕੱਲ੍ਹ ਨੂੰ ਜੇ ਇਵੇਂ ਹੋਇਆ, ਤਾਂ ਸਾਰਿਆਂ ਨੂੰ ਫੜ ਕੇ ਅੰਦਰ ਕਰ ਦੇਵਾਂਗਾ। ਦੂਜੇ ਦਿਨ, ਤੜਕੇ ਵਾਰੇ ਤੋਂ ਮਗਰੋਂ ਦੁਪਹਿਰ ਦਾ ਦੀਵਾਨ "ਸੰਤ ਭਗਤ ਸਿੰਘ ਦਾਤੇਵਾਲੀਏ" ਨੇ ਆਰੰਭਿਆ। ਸ਼ਬਦ ਗੁਰਬਾਣੀ 'ਚੋਂ, ਭਗਤ ਫਰੀਦ ਜੀ ਦਾ—

"ਤੇਰੀ ਪਨਹ ਖੁਦਾਇ ਤੂੰ ਬਖਸੰਦਗੀ॥
ਸੇਖ ਫਰੀਦੈ ਖੈਰੁ ਦੀਜੈ ਬੰਦਗੀ॥ (ਪੰ-488)

ਫ਼ਕੀਰੀ ਅਤੇ ਬੰਦਗੀ ਦੀ ਸ਼ਮਾਂ ਜਲੀ ਤਾਂ ਮਸਤਾਨਿਆਂ ਦੀਆਂ ਚੀਖਾਂ ਨਾਲ ਜਿਵੇਂ ਕਾਇਨਾਤ ਵੀ ਭਗਤੀ ਰਸ ਵਿੱਚ ਸਰਾਬੋਰ ਹੋ ਗਈ। ਨੱਥਾ ਸਿੰਘ ਵੀ ਕੀਲਿਆ ਗਿਆ। ਅੱਜ ਕਿਸੇ ਨੂੰ ਝਾੜਨ-ਝਿੜਕਨ ਜੋਗਾ ਨਾ ਰਿਹਾ। ਰੂਹ ਬਾਰ-ਬਾਰ ਕਹੇ, "ਵੇ ਨੱਥਿਆ ਆਹ ਮੌਕਾ ਹਈ, ਤੂੰ ਵੀ ਇਨ੍ਹਾਂ ਰੱਬ ਦੇ ਪਿਆਰਿਆਂ ਨਾਲ ਇਕ-ਮਿਕ ਹੋ ਜਾ। ਤਿੰਨ ਘੰਟੇ ਦੀਵਾਨ ਚਲਦਾ ਰਿਹਾ... ਤਿੰਨ ਘੰਟੇ ਨੱਥਾ ਸਿੰਘ ਵੀ ਸੰਮੋਹਿਤ ਹੋਇਆ ਬੈਠਾ ਰਿਹਾ। ਦੀਵਾਨ ਮਗਰੋਂ, ਨੱਥੇ ਨੂੰ ਨਹੀਂ ਪਤਾ ਕੀ ਹੋਇਆ। ਬਸ ਇਤਨੀ ਹੋਸ਼ ਰਹੀ ਕਿ ਸੰਤਾਂ ਅੱਗੇ ਕੰਨ ਦਿੱਤਾ... ਪਤਾ ਨਹੀਂ ਕਿਹੜੀ ਫੂਕ ਮਾਰੀ, ਬੇਸੁਰਤ ਹੋਇ ਗਿਆ। ਹੋਸ਼ ਆਇਆ ਤਾਂ ਕਿਸੇ ਗ਼ੈਬੀ ਮਸਤੀ ਵਿੱਚ ਗਾਉਂਦਾ ਫਿਰੇ, "ਸੇਖ ਫਰੀਦੈ ਖੈਰੁ ਦੀਜੈ ਬੰਦਗੀ॥"

ਤਾਂ ਪੰਜਵੇਂ ਪਾਤਸ਼ਾਹ ਕਹਿੰਦੇ ਹਨ—

"ਕੋਈ ਐਸੋ ਰੇ ਭੇਟੈ ਸੰਤ ਮੇਰੀ ਲਾਹੈ ਸਗਲ ਚਿੰਤ
ਠਾਕੁਰ ਸਿਉ ਮੇਰਾ ਰੰਗ ਲਾਵੈ॥"

# ਤੋਪਾਂ ਦਾ ਕਹਿਰ ਅਤੇ ਕੂਕੇ

ਨਾਮਧਾਰੀ ਸ਼ਹੀਦਾਂ ਦੀ ਕਹਾਣੀ, "ਦੀਵੇ ਅਤੇ ਤੂਫ਼ਾਨ" ਦੀ ਕਹਾਣੀ ਹੈ। ਕਹਿੰਦੇ ਹਨ ਤੂਫ਼ਾਨ ਨੇ ਸਾਰਾ ਜ਼ੋਰ ਲਾ ਲਿਆ, ਦੀਵੇ ਨੂੰ ਬੁਝਾ ਨਾ ਸਕੀ। ਸਾਗਰ ਦੀ ਹਿੱਕ 'ਚੋਂ ਲਹਿਰਾਂ ਉੱਠੀਆਂ, ਪਿੰਡ ਦੀਆਂ ਅੱਲ੍ਹੜ ਮੁਟਿਆਰਾਂ ਵਾਂਗ, ਹੱਥ ਵਿੱਚ ਹੱਥ ਪਾ ਕੇ ਦੌੜ ਪਈਆਂ, ਕਿਨਾਰੇ ਵੱਲ! ਕਿਨਾਰੇ ਨੂੰ ਟੱਕਰਾਂ ਮਾਰੀਆਂ ਤੇ ਮਿਟ ਗਈਆਂ। ਹੂ-ਬ-ਹੂ ਉਵੇਂ ਦੀਆਂ ਲਹਿਰਾਂ ਦਾ ਇੱਕ ਹੋਰ ਝੁੰਡ ਕਿਨਾਰੇ ਵੱਲ ਦੌੜਦਾ ਆਉਂਦਾ ਦਿੱਸਿਆ। ਕਿਨਾਰੇ ਨਾਲ ਜਾ ਸਿਰ ਮਾਰਿਆ, ਔਰ ਮਰ ਗਈਆਂ। ਅੱਗੋਂ ਹੋਰ ਉਵੇਂ ਦੀਆਂ, ਮੁਟਿਆਰਾਂ ਵਾਂਗ ਲਹਿਰਾਂ, ਅੱਗੋਂ ਹੋਰ... ਫਿਰ ਹੋਰ। ਨਾਮਧਾਰੀ ਸਿੰਘਾਂ ਦੇ ਸਿਰਜਨ ਅਤੇ ਦੇਸ਼-ਕੌਮ ਲਈ ਮਿਟ ਜਾਣ ਦੀ, ਇਸੇ ਅਨੰਤ ਕਹਾਣੀ ਦਾ ਨਾਂਅ, "ਕੂਕਾ ਲਹਿਰ" ਹੈ।

ਸ੍ਰੀ ਗੁਰੂ ਨਾਨਕ ਦੇਵ, ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਸਤਿਗੁਰੂ ਰਾਮ ਸਿੰਘ, ਗੁਰੂ ਦੇ ਸਿੱਖ, ਸਵਤੰਤਰਤਾ, ਸੰਘਰਸ਼ ਅਤੇ ਸ਼ਹਾਦਤਾਂ, ਇਹ ਸਾਰੇ, ਇੱਕੋ ਮਾਲਾ ਦੇ ਮਣਕੇ ਹਨ। "ਕੂਕਾ ਲਹਿਰ" ਇਹਨਾਂ ਸਾਰਿਆਂ ਬਿੰਦੂਆਂ ਨੂੰ ਛੂਹ ਕੇ ਵੱਗੀ।

ਕੂਕਿਆਂ, ਨਾਮਧਾਰੀ ਸਿੰਘਾਂ ਬਾਬਤ ਭਾਲ ਕਰਦੇ, ਇਹਨਾਂ ਦੀ ਸ਼ਕਤੀ ਆਂਕਲਨ ਕਰਦੇ, ਇਹਨਾਂ ਦਾ ਸ਼ਕਤੀ ਸ੍ਰੋਤ ਅਤੇ ਇਹਨਾਂ ਨੂੰ ਤੋੜਨ ਦੇ ਨੁਕਤੇ ਲੱਭਦੇ, ਅੰਗ੍ਰੇਜ਼ ਜਾਸੂਸ, ਪਿੰਡਾਂ ਦੀਆਂ ਗਲੀਆਂ, ਕਸਬੇ ਅਤੇ ਨਗਰਾਂ ਤੱਕ... ਧਰਮਸ਼ਾਲਾਵਾਂ, ਤਪ ਸਥਾਨਾਂ ਤੋਂ ਲੈ ਕੇ, ਨਾਮਧਾਰੀ ਦੀਵਾਨਾਂ 'ਚੋਂ ਆ ਰਹੀ ਢੋਲਕੀ ਛੈਣਿਆਂ ਦੀ ਝਣਕਾਰ ਤੱਕ, ਖ਼ਾਕ ਛਾਣਦੇ ਰਹੇ। ਜਾਸੂਸੀ ਕੁੱਤਿਆਂ ਵਾਂਗ ਸੁੰਘਦੇ ਰਹੇ... ਕੁਝ ਅਤਾ-ਪਤਾ ਨਾ ਲਾ ਸਕੇ। ਉਨ੍ਹਾਂ ਜਾਸੂਸਾਂ ਦੀ ਰਿਪੋਰਟ ਵਿੱਚ ਹੁੰਦਾ, "ਕਈ ਵਾਰ, ਝੱਗਿਆਂ, ਕਛਹਿਰਿਆਂ ਵਿੱਚ, ਘਰ ਪੈਲੀਆਂ ਤਿਆਗ, ਬਾਵਰੇ ਹੋਏ ਜਾਪਦੇ ਹਨ। ਕਈ ਵਾਰ, ਕੂਕਿਆਂ ਦਾ ਗੁਰੂ, ਬਾਦਸ਼ਾਹਾਂ ਵਾਂਗ, ਸ਼ਾਨਾਮੱਤਾ, ਚੀਨੀ ਘੋੜੀ ਤੇ ਨਿਕਲਦਾ ਹੈ ਤਾਂ ਉਸ ਦੇ ਮਗਰ, ਸੁਰੱਖਿਆਗਾਰਦ ਵਾਂਗ, ਤਕੜੇ ਜਵਾਨਾਂ ਦਾ ਕਾਫ਼ਲਾ ਹੁੰਦਾ ਹੈ। ਇਹ ਨਿਧੜਕ ਕੂਕੇ, ਕਈ ਵਾਰ ਅੰਗ੍ਰੇਜ਼ ਹਕੂਮਤ ਦੇ ਆਲ੍ਹਾ ਅਫ਼ਸਰਾਂ ਨਾਲ ਵੀ, ਸਿੱਧੇ ਹੋ ਜਾਂਦੇ ਹਨ। ਪਤਾ ਨਹੀਂ, ਇਹ "ਕੂਕੇ" ਸ਼ਾਹ ਹਨ ਜਾਂ ਫ਼ਕੀਰ!

ਕੂਕਾ ਸ਼ਾਹ-ਫ਼ਕੀਰ! ਤੜਕੇ, ਸਣੇ ਕੇਸੀ ਇਸ਼ਨਾਨ, ਸਿਮਰਨ, ਗੁਰਬਾਣੀ ਦਾ ਨਿਯਮਿਤ ਪਾਠ ਕਰਦਿਆਂ, ਜਿਵੇਂ ਕਿਸੇ ਗ਼ੈਬੀ ਸ਼ਕਤੀ ਨੇ, ਚੜ੍ਹਦੇ ਸੂਰਜ ਤੋਂ ਖੇੜਾ ਖੋਹ ਕੇ, ਇਨ੍ਹਾਂ ਦੇ ਦਗਦਗ ਕਰਦੇ ਮੁੱਖੜਿਆਂ 'ਤੇ ਚਸਪਾ ਕਰ ਦਿੱਤਾ ਹੋਵੇ। ਸ੍ਰ. ਗੁਰਬਖਸ਼ ਸਿੰਘ ਪ੍ਰੀਤੀਲੜੀ, 1970 ਦੇ ਦਹਾਕੇ ਵਿੱਚ, ਮਾਸਟਰ ਨਿਹਾਲ ਸਿੰਘ ਹੁਰਾਂ ਨੂੰ ਭੇਜੇ ਪੱਤਰ ਵਿੱਚ ਲਿਖਦੇ ਹਨ—

"ਨਾਮਧਾਰੀ ਸਿੰਘਾਂ ਸਿੰਘਣੀਆਂ ਦੇ ਚੇਹਰੇ, ਦਗ ਮਗ ਕਿਉਂ ਕਰਦੇ ਹੁੰਦੇ ਹਨ... ਕਿਉਂਕਿ ਉਨ੍ਹਾਂ ਦੇ ਮਹਾਰਾਜ ਰਾਮ ਸਿੰਘ ਜੀ ਨੇ ਉਨ੍ਹਾਂ ਨੂੰ, ਆਜ਼ਾਦ ਕਰ ਦਿੱਤਾ ਹੈ। ਉਨ੍ਹਾਂ ਦੀਆਂ ਸਰੀਰਕ ਲੋੜਾਂ, ਥੋੜ੍ਹੀਆਂ ਕਰ ਕੇ, ਕਿਰਤ ਕਮਾਈ ਕਰ ਕੇ, ਸਾਦਾ ਰਹਿਣ ਦੀ ਜਾਚ ਦਸ ਕੇ, ਖੁਦਮੁਖਤਾਰੀ ਦਾ ਸਬਕ ਦੇ ਕੇ, ਖੁਸ਼ਾਮਦ ਤੇ ਚਿੰਤਾ ਦੇ ਰੋਗਾਂ ਤੋਂ ਬਰੀ ਕਰ ਦਿੱਤਾ ਹੈ।"

ਵੇਲੇ ਦੀ ਹਕੂਮਤ ਅਤੇ ਰਈਸ ਸਰਦਾਰ, ਰਜਵਾੜੇ, ਇਸ ਗੱਲੋਂ ਹੈਰਾਨ ਸਨ ਕਿ ਧਨ ਦੇ ਸ੍ਰੋਤ ਬਗੈਰ, ਇਹ ਕਿਵੇਂ ਸਰਕਾਰ ਨਾਲ ਆਡਾ ਲਾ ਰਹੇ ਹਨ। ਇੱਥੇ, ਇਸ ਗੱਲ ਦਾ ਜ਼ਿਕਰ ਜਾਇਜ਼ ਹੋਵੇਗਾ ਕਿ ਸੰਨ 1857 ਮਈ ਦੇ ਵਿਦਰੋਹ ਪਿੱਛੇ, ਪੂਨੇ ਦੇ ਬਾਜੀਰਾਵ ਪੇਸ਼ਵਾ ਦੇ ਦੱਤਕ ਪੁੱਤਰ, ਸ੍ਰੀ ਨਾਨਾ ਜੀ ਛੋਂਡੂਪੰਤ ਨੇ ਇੰਗਲੈਂਡ ਤੱਕ ਮੁਕੱਦਮਾ ਲੜ ਕੇ, ਉਸ ਵੇਲੇ ਦੇ 14 ਕਰੋੜ (ਹੁਣ ਸ਼ਾਇਦ 14 ਹਜ਼ਾਰ ਕਰੋੜ ਦੇ ਬਰਾਬਰ) ਦੀ ਮੋਟੀ ਰਕਮ, ਪੇਸ਼ਵਾ ਦੇ ਉਤਰਾਧਿਕਾਰੀ ਵਜੋਂ ਪ੍ਰਾਪਤ ਕਰ ਕੇ, ਸਾਰੀ ਰਕਮ ਇਸ ਵਿਦ੍ਰੋਹ ਲਈ ਖਰਚ ਕਰ ਦਿੱਤੀ ਸੀ।

ਕਾਰਲ ਮਾਰਕਸ, ਜਰਮਨੀ, ਫਰਾਂਸ, ਇੰਗਲੈਂਡ, ਕਈ ਦੇਸ਼ਾਂ ਵਿੱਚ ਨਿਰਵਾਸਤ ਹੁੰਦਾ ਰਿਹਾ। ਲੰਦਨ ਦੀ ਇੱਕ ਗਰੀਬ ਮਜ਼ਦੂਰਾਂ ਦੀ ਮਲੀਨ ਬਸਤੀ ਵਿੱਚ ਰਹਿੰਦਿਆਂ ਖੁਰਾਕ ਅਤੇ ਦਵਾਈ ਬਾਝੋਂ ਦੋ ਪੁੱਤਰ ਮਰ ਗਏ। ਸਾਰੀ ਜ਼ਿੰਦਗੀ ਬੁਰਜੂਆ ਵਰਗ ਵਿਰੁੱਧ ਲੜਦਾ ਰਿਹਾ... ਪੂੰਜੀਵਾਦ ਦੀ ਵਿਰੋਧਤਾ ਕਰਦਾ ਰਿਹਾ। ਅੰਤ ਮੌਤ ਤੋਂ ਪਹਿਲਾਂ "ਦਾਸ ਕੈਪੀਟਲ" ਵਿੱਚ ਲਿਖ ਗਿਆ, ਪੂੰਜੀਵਾਦ ਦੇ ਖਿਲਾਫ ਜੰਗ, ਪੂੰਜੀ ਤੋਂ ਬਗੈਰ ਨਹੀਂ ਲੜੀ ਜਾ ਸਕਦੀ।

ਪਰ, ਧੰਨ ਹੈ ਸੀ, ਗੁਰੂ ਰਾਮ ਸਿੰਘ ਦਾ ਕੂਕਾ! ਘਰ, ਪੈਲੀਆਂ ਵੇਚ ਦਿੱਤੀਆਂ। ਕਈਆਂ ਦੀਆਂ ਪੈਲੀਆਂ, ਅਣ-ਜੋਤੀਆਂ, ਅਣ-ਵਾਹੀਆਂ, ਅਣ-ਬੀਜੀਆਂ ਰਹਿ ਗਈਆਂ। ਸਭ ਕੁਝ ਭੁੱਲ ਗਿਆ। ਦੋ ਹੀ ਗੱਲਾਂ ਚੇਤੇ ਰਹਿ ਗਈਆਂ। ਆਪਣੇ ਸਤਿਗੁਰ ਦੀ "ਦੀਦਾਰ-ਏ-ਲੋਚ" ਰਹਿ ਗਈ... ਸੁਲਤਾਨ ਬਾਹੂ ਵਾਂਗ—

"ਇਹ ਤਨ ਮੇਰਾ ਚਸ਼ਮਾ ਹੋਵੇ, ਮੁਰਸ਼ਦ ਵੇਖ ਨ ਰੱਜਾਂ ਹੂ ॥
ਮੁਰਸ਼ਦ ਦਾ ਦੀਦਾਰ ਹੈ ਬਾਹੂ, ਲਖ ਕਰੋੜਾਂ ਹੱਜਾਂ ਹੂ ॥"

ਜਾਂ ਫਿਰ, ਸਤਿਗੁਰ ਦਾ ਹੁਕਮ ਚੇਤੇ ਰਹਿ ਗਿਆ, "ਇਹਨਾਂ ਫ਼ਿਰੰਗੀਆਂ ਤੋਂ ਦੇਸ਼ ਆਜ਼ਾਦ ਕਰਵਾਉਣਾ ਹੈ।"

"ਕੂਕਾ ਕ੍ਰਾਂਤੀ", ਇੱਕ ਲਹਿਰ ਸੀ। ਬਾਲਕ, ਜਵਾਨ, ਬਿਰਧ ਸਾਰੇ ਹੀ, ਇਸ ਲਹਿਰ ਦੇ ਨਾਲ ਵਗਦੇ ਵੇਖੇ। ਜਿਹੜਾ, ਇੱਕ ਵਾਰ ਤੁਰ ਪਿਆ ਇਸ "ਕ੍ਰਾਂਤੀ-ਪਥ" ਤੇ ਫਿਰ ਪਿੱਛਾ ਦੂਰ ਰਹਿ ਗਿਆ... ਆਜ਼ਾਦੀ ਲਈ ਮਰਨ ਦਾ ਚਾਅ ਦਿਸਦਾ ਰਹਿ ਗਿਆ। ਸੰਨ 1968 ਦੀ ਗੱਲ ਹੈ। ਮੈਂ ਉਦੋਂ ਡਾਲਟਨਗੰਜ ਰਹਿੰਦਾ ਸਾਂ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਦੌਰਾ ਸੀ। ਹੁਕਮ ਕੀਤਾ, ਖੋਜ ਤੋਂ ਪਤਾ ਲੱਗਾ ਹੈ ਕਿ ਸੂਬਾ ਸਾਹਿਬ ਸਿੰਘ ਅਤੇ ਸੂਬਾ ਕਾਹਨ ਸਿੰਘ, ਮਈ 1875 ਵਿੱਚ, ਅਦਨ ਤੋਂ ਇੱਥੇ ਹਜ਼ਾਰੀ ਬਾਗ ਸੈਂਟਰਲ ਜੇਲ੍ਹ ਭੇਜੇ ਗਏ। 10 ਜੂਨ 1879 ਸੂਬਾ ਸਾਹਿਬ ਸਿੰਘ

ਜੀ ਇੱਥੇ ਚੜ੍ਹਾਈ ਕਰ ਗਏ ਸਨ। ਹਜ਼ਾਰੀ ਬਾਗ, ਡਾਲਟਨਗੰਜ ਤੋਂ ਤਕਰੀਬਨ 160 ਕਿਲੋਮੀਟਰ 'ਤੇ ਹੈ। ਹੁਕਮ ਹੋਇਆ ਜੇਲ੍ਹ ਦੇ ਰਿਕਾਰਡਾਂ ਦੀ ਪੜਚੋਲ ਕਰ ਕੇ, ਸਾਰੀ ਖੋਜ ਕੀਤੀ ਜਾਵੇ। ਅਸੀਂ ਪੰਜ ਸਰੀਰ, ਇੱਕ ਹਫ਼ਤਾ ਉੱਥੇ ਰਹਿ ਕੇ ਸਾਰੀ ਖੋਜ ਕੀਤੀ। ਅੰਗਰੇਜ਼ਾਂ ਵੱਲੋਂ ਬਣਾਈ ਗਈ ਬਹੁਤ ਵੱਡੀ ਜੇਲ੍ਹ ਸੀ। ਖ਼ਤਰਨਾਕ ਕੈਦੀਆਂ ਲਈ, ਉਹ ਪੂਰੀ ਤਰ੍ਹਾਂ ਸੁਰੱਖਿਅਤ ਜੇਲ੍ਹ ਸਮਝੀ ਜਾਂਦੀ ਸੀ। ਉੱਥੇ ਅਸੀਂ ਵੇਖਿਆ, ਚੌਦਾਂ ਕਮਰਿਆਂ ਵਾਲੇ ਇੱਕ ਉੱਤਰੀ ਭਾਗ ਵਿੱਚ ਸੂਬਾ ਸਾਹਿਬ ਸਿੰਘ ਨੂੰ ਅਤੇ ਦੱਖਣੀ, ਚੌਦਾਂ ਕਮਰਿਆਂ ਦੇ ਖੰਡ ਵਿੱਚ, ਸੂਬਾ ਕਾਹਨ ਸਿੰਘ ਨੂੰ ਰੱਖਿਆ ਗਿਆ ਸੀ। 21 ਸਾਲ ਪਹਿਲਾਂ, ਆਜ਼ਾਦੀ ਮਗਰੋਂ, ਇਹ ਜੇਲ੍ਹ, "ਬਾਲ ਅਪਰਾਧੀਆਂ ਦਾ ਸੁਧਾਰ ਘਰ" ਵਿੱਚ ਤਬਦੀਲ ਕਰ ਦਿੱਤਾ ਗਿਆ ਸੀ। ਕਈ ਪਾਸਿਓਂ ਪੜਚੋਲ ਕਰਦਿਆਂ ਸੰਨ 1947 ਤੋਂ ਪਹਿਲਾਂ ਦੇ ਜੇਲ੍ਹ ਸੁਪਰਿਨਟੈਂਡੈਂਟ "ਸ੍ਰੀ ਸ਼ਿਵਕੁਮਾਰ ਸਿਨਹਾ" ਨਾਲ ਮੁਲਾਕਾਤ ਹੋਈ। ਉਨ੍ਹਾਂ ਦੱਸਿਆ ਕਿ ਜੇਲ੍ਹ ਦੇ ਪੁਰਾਣੇ ਦਸਤਾਵੇਜ਼, ਇੰਡੀਅਨ ਆਰਕਾਈਵਜ਼ ਨੂੰ ਭੇਜਦਿਆਂ, ਇੱਕ-ਇੱਕ ਫ਼ਾਈਲ ਦੀ ਮੈਂ ਚੰਗੀ ਤਰ੍ਹਾਂ ਛਾਣ-ਬੀਣ ਕੀਤੀ ਸੀ। ਇਹਨਾਂ ਦੋਹਾਂ "ਕੂਕਾ ਬਾਗੀਆਂ" ਦੇ ਸਿਰਲੇਖ ਵਾਲੀ ਫ਼ਾਈਲ ਵੀ ਘੋਖੀ ਸੀ। ਇੱਕ ਸਾਥੀ ਦਾ ਪ੍ਰਸੰਗ ਯਾਦ ਹੈ। ਜਦੋਂ 1875 ਦੇ ਜੇਲ੍ਹਰ ਨੇ ਪੁੱਛਿਆ, ਕੀ ਨਾਮ ? ਉਹ ਬੋਲਿਆ, "ਸਾਹਿਬ ਸਿੰਘ"!

ਪਿਤਾ ਦਾ ਨਾਂ ? ਉੱਤਰ ਸੀ— "ਸਤਿਗੁਰੂ ਰਾਮ ਸਿੰਘ"!

ਪਤਾ ? ਉੱਤਰ ਦਿੱਤਾ—"ਸ੍ਰੀ ਭੈਣੀ ਸਾਹਿਬ।"

ਇਸ ਤੋਂ ਵੱਧ ਉਹ ਕੁਝ ਨਾ ਬੋਲਿਆ ਜਾਂ ਦੱਸਿਆ। ਕੂਕੇ ਮਰਜੀਉੜੇ, ਸਭ ਕੁਝ ਭੁੱਲ ਗਏ। ਬਸ ਸਤਿਗੁਰ ਚੇਤੇ ਵਿੱਚ ਸਦਾ ਹੈ ਜਾਂ ਸਤਿਗੁਰ ਦਾ ਹੁਕਮ!

ਆਜ਼ਾਦੀ ਸੰਘਰਸ਼ ਤਾਂ ਕਈ ਮੁਲਕਾਂ ਵਿੱਚ ਹੋਇਆ। ਹਿੰਦੁਸਤਾਨ ਵਿੱਚ ਵੀ ਕਈ ਜਥੇਬੰਦੀਆਂ, ਆਜ਼ਾਦੀ ਘੋਲ ਵਿੱਚ ਛਾਲਾਂ ਮਾਰੀਆਂ, ਪਰ ਉਹ ਅੰਦੋਲਨ, ਦੋ-ਚਾਰ ਦੱਸ ਵਿਅਕਤੀਆਂ ਦੀ ਮੁੱਖ ਭੂਮਿਕਾ ਨਾਲ ਸੰਚਾਲਤ ਹੋਏ। ਸੁਭਾਸ਼ ਚੰਦਰ ਬੋਸ, ਸ੍ਰੀ ਚਿਤਰੰਜਨ ਦਾਸ ਤੋਂ ਪ੍ਰਭਾਵਤ ਹੋਏ ਸ੍ਰ. ਮੋਹਨ ਸਿੰਘ, ਨਿਰੰਜਨ ਸਿੰਘ ਗਿੱਲ ਅਤੇ ਰਾਸ ਬਿਹਾਰੀ ਬੋਸ ਨਾਲ ਮਿਲ ਕੇ, ਆਜ਼ਾਦ ਹਿੰਦ ਫ਼ੌਜ ਤਿਆਰ ਕੀਤੀ।

ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਜਿਹੇ ਸਾਮਾਨ ਵਿਚਾਰਧਾਰਾ ਵਾਲਿਆਂ, ਗਰਮਖਿਆਲੀ ਲਹਿਰ ਤੋਰੀ। ਖੁਦੀ ਰਾਮ ਬੋਸ ਤਾਂ ਇਕੱਲਾ ਹੀ 19 ਵਰ੍ਹਿਆਂ ਦੀ ਉਮਰ ਵਿੱਚ, ਮੁਜ਼ੱਫਰਪੁਰ (ਬਿਹਾਰ) ਬਮ ਕਾਂਡ ਕੀਤਾ, ਫ਼ਾਂਸੀ 'ਤੇ ਚੜ੍ਹਿਆ।

ਗ਼ਦਰ ਪਾਰਟੀ, ਸੋਹਨ ਸਿੰਘ ਭਕਨਾ, ਕਰਤਾਰ ਸਿੰਘ ਸਰਾਭਾ, ਗਣੇਸ਼ ਦੱਤ ਪਿੰਗਲੇ, ਹਰਦਿਆਲ ਜਿਹੇ ਕੁਝ ਲੋਕਾਂ ਨਾਲ ਹੀ ਮਸ਼ਵਰਾ ਕਰ ਪਾਰਟੀ ਬਣਾਈ। ਇਸੇ ਤਰ੍ਹਾਂ ਕਿਰਤੀ ਕਿਸਾਨ ਪਾਰਟੀ ਅਤੇ ਬੱਬਰ ਅਕਾਲੀ ਜਿਹੇ ਸੰਗਠਨ ਹੋਂਦ ਵਿੱਚ ਆਏ। ਸਾਰੀ ਦੁਨੀਆਂ ਦਾ ਆਜ਼ਾਦੀ ਇਤਿਹਾਸ ਵੇਖ ਲਵੋ, "ਕੂਕਾ ਲਹਿਰ" ਇੱਕੋ ਨਿਵੇਕਲੀ ਲਹਿਰ, ਜੋ ਉੱਤਰ ਪੱਛਮ ਦੇ ਭਾਰਤ ਪ੍ਰਾਂਤ ਵਿੱਚ, ਸਭ ਤੋਂ ਪਹਿਲਾਂ,

ਆਪਣੀ ਮਸਤੀ ਵਿੱਚ, ਆਪਣੇ ਅੰਦਾਜ਼ ਵਿੱਚ ਵੱਗੀ ਔਰ ਹਜ਼ਾਰ-ਹਜ਼ਾਰ ਤਸੀਹਿਆਂ, ਤਸ਼ੱਦਦਾਂ ਨੂੰ ਝੱਲਦੀ, ਸਹਾਰਦੀ ਸਦਾ ਵਗਦੀ ਰਹੀ। ਸੰਸਾਰ ਦੇ ਸਵਤੰਤਰਤਾ ਇਤਿਹਾਸ ਵਿੱਚ, ਇੱਕੋ ਇੱਕ ਅਣਖੀ, ਗੌਰਵਸ਼ਾਲੀ ਸੰਪਰਦਾ, ਜਿਹੜੀ ਸਾਰੀ ਦੀ ਸਾਰੀ ਨਾਮਧਾਰੀ ਕੌਮ ਬਾਗ਼ੀ ਕਰਾਰ ਦੇ ਦਿੱਤੀ ਗਈ। ਹਰ ਪਿੰਡ ਵਿੱਚ ਨਾਮਧਾਰੀ ਵਸਨੀਕਾਂ ਦੀ ਵਿਸ਼ੇਸ਼ ਫੇਹਰਿਸਤ, ਥਾਣਿਆਂ ਵਿੱਚ ਅਤੇ ਪਟਵਾਰੀਆਂ ਕੋਲ ਹੁੰਦੀ ਸੀ। ਇਹਨਾਂ "ਕੂਕਿਆਂ" 'ਤੇ ਵਿਸ਼ੇਸ਼ ਪਹਿਰੇ ਦਾ ਹੁਕਮ ਸੀ। ਕੂਕਾ ਇਤਿਹਾਸ, ਕੁਰਬਾਨੀਆਂ ਭਰੀ ਅਜੀਬ ਦਾਸਤਾਂ ਹੈ। ਇਹ ਦਾਸਤਾਂ ਸਿਆਹੀ ਦੇ ਅੱਖਰਾਂ ਨਾਲ, ਸਫ਼ਿਆਂ 'ਤੇ ਨਹੀਂ ਲਿਖੀ ਗਈ। ਇਹ ਤਾਂ, ਫ਼ਾਂਸੀਆਂ 'ਤੇ ਚੜ੍ਹਦੇ, ਤੋਪਾਂ ਨਾਲ ਉੱਡਦੇ, ਰਕਤ, ਮਾਸ, ਮੱਝਾਂ ਅਤੇ ਹੱਡਾਂ ਨੇ ਹਿੰਦੁਸਤਾਨ ਦੇ ਆਕਾਸ਼ 'ਤੇ ਅਮਿੱਟ ਇਬਾਰਤਾਂ ਲਿਖੀਆਂ। ਮਲੇਰਕੋਟਲੇ ਦੇ ਬਜ਼ੁਰਗ ਵਸਨੀਕ ਦੱਸਦੇ ਸਨ, ਆਜ਼ਾਦੀ ਦਾ ਸਾਲ ਸੰਨ 1947 ਤੱਕ, ਸ਼ਾਮ ਢਲਣ ਤੋਂ ਬਾਅਦ, ਕੋਈ ਰੱਕੜ ਪਾਸੇ ਜਾਣ ਦੀ ਹਿੰਮਤ ਨਹੀਂ ਸੀ ਕਰਦਾ। ਰਾਤ ਦੇ ਸੰਨਾਟੇ ਵਿੱਚ, ਕੂਕੇ ਸਿੰਘ ਸਿੰਘਣੀਆਂ ਦੇ ਜੈਕਾਰੇ, ਦੂਰ ਤੱਕ ਸੁਣਾਈ ਦਿੰਦੇ ਸਨ। ਕਈ ਵਾਰ ਆਕਾਸ਼ ਵਿੱਚ, ਸ਼ਹੀਦਾਂ ਦੇ ਉੱਡਦੇ ਹੋਏ ਚੀਥੜਿਆਂ 'ਚੋਂ ਆਜ਼ਾਦੀ ਦੇ ਤਰਾਨੇ ਸੁਣੇ ਜਾਂਦੇ ਸਨ।

ਸੰਨ 1926 ਦੇ ਆਰੰਭ ਵਿੱਚ, ਸ਼ਹੀਦ ਭਗਤ ਸਿੰਘ, ਉੱਤਰੀ-ਪੂਰਬੀ ਭਾਰਤ ਦੇ ਕ੍ਰਾਂਤੀਕਾਰੀਆਂ ਦਾ ਇੱਕ ਸਾਂਝਾ ਸੰਗਠਨ ਨਿਰਮਾਣ ਕਰਨਾ ਚਾਹੁੰਦੇ ਸਨ। ਇਸੇ ਮੰਤਵ ਨਾਲ, ਦਿੱਲੀ ਅਤੇ ਕਾਨ੍ਹਪੁਰ ਦੇ ਵਿਚਾਲੇ, ਕਿਸੇ ਗੁਪਤ ਸਥਾਨ 'ਤੇ ਚੰਦਰਸ਼ੇਖਰ ਆਜ਼ਾਦ ਨਾਲ ਮਿਲੇ। ਰਾਤ ਦਾ ਸਮਾਂ ਸੀ। ਕਿਸੇ ਗੁਫ਼ਾ ਵਾਂਗ ਸਥਾਨ 'ਤੇ, ਇੱਕ ਜਲਦੀ ਹੋਈ ਮਸ਼ਾਲ ਦੀ ਲੋਅ ਵਿੱਚ ਦੋ ਕ੍ਰਾਂਤੀਵੀਰ ਮਿਲੇ। ਚੰਦਰਸ਼ੇਖਰ ਨੇ, ਪ੍ਰੀਖਿਆ ਲੈਣ ਲਈ ਭਗਤ ਸਿੰਘ ਨੂੰ ਬਲਦੀ ਮਸ਼ਾਲ 'ਤੇ ਹੱਥ ਰੱਖਣ ਲਈ ਇਸ਼ਾਰਾ ਕੀਤਾ। ਇਹ ਮੌਨਵਾਰਤਾ ਸੀ। ਭਗਤ ਸਿੰਘ ਨੇ, ਹੱਥ ਦੀ ਤਲੀ, ਮਸ਼ਾਲ ਦੀ ਲੋਅ ਉੱਪਰ ਰੱਖ ਦਿੱਤੀ। ਹੱਥ ਦੀ ਚਮੜੀ ਜਲਣ ਲੱਗੀ... ਭਗਤ ਸਿੰਘ ਅਡੋਲ ਰਿਹਾ। ਚੰਦਰਸ਼ੇਖਰ ਨੇ ਅੱਗੇ ਹੋ ਕੇ, ਭਗਤ ਸਿੰਘ ਦਾ ਹੱਥ ਹਟਾ ਦਿੱਤਾ।

ਪ੍ਰਯੋਜਨ ? ਚੰਦਰਸ਼ੇਖਰ ਨੇ ਪੁੱਛਿਆ।

"ਭਾਰਤ ਮਾਂ ਦੀ ਆਜ਼ਾਦੀ"—ਭਗਤ ਸਿੰਘ।

ਇਰਾਦਾ ?—ਦੂਸਰਾ ਪ੍ਰਸ਼ਨ।

ਰਾਸ਼ਟਰ ਵਿਆਪੀ ਲਹਿਰ! ਦੇਸ਼ ਦੇ ਜਵਾਨਾਂ ਵਿੱਚ ਨਾਮਧਾਰੀ ਸ਼ਹੀਦਾਂ ਵਰਗਾ ਸਵਤੰਤਰਤਾ ਸੰਕਲਪ ਦਾ ਪ੍ਰਤਿਰੋਪਣ ਕਰਨਾ... ਜੋ ਮੌਤ ਨਾਲ ਮਜ਼ਾਕਾਂ ਕਰਨ... ਤੋਪ ਦੇ ਵਰ੍ਹਦੇ ਹੋਏ ਗੋਲਿਆਂ ਮੋਹਰੇ ਵੀ ਖਿੜ-ਖਿੜ ਹੱਸ ਦੇਣ।

ਡੇਢ ਸੌ ਸਾਲ ਲੰਘ ਗਏ। ਇਸ ਸਮੇਂ ਵਿੱਚ ਜਨਵਰੀ 1872 ਤੋਂ ਜਨਵਰੀ 2022, ਸਾਰੀ ਦੁਨੀਆਂ ਦੀ ਜਨਸੰਖਿਆ, ਜਗ ਦੇ ਵਸਨੀਕ ਘੱਟੋ-ਘੱਟ ਦੋ ਵਾਰ ਮਰ ਗਏ ਹੋਣਗੇ, ਦੋ ਵਾਰ ਨਵੀਂ ਜਨਸੰਖਿਆ ਨੇ ਜਨਮ ਲਿਆ ਹੋਵੇਗਾ। ਪਰ, ਨਾਮਧਾਰੀ ਸ਼ਹੀਦਾਂ ਦਾ ਸਿਲਸਿਲਾ, ਜਿਵੇਂ ਲੰਘੇ ਹੋਏ ਕੱਲ੍ਹ ਦਾ ਪ੍ਰਸੰਗ ਹੋਵੇ। ਰਾਇਕੋਟ,

ਅੰਮ੍ਰਿਤਸਰ, ਲੁਧਿਆਣੇ ਹੁੰਦੀ ਹੋਈ, ਸ਼ਹਾਦਤਾਂ ਦੀ ਮਾਲਾ ਵਿੱਚ, ਮਲੇਰਕੋਟਲੇ ਨੇ ਥੋਕ ਵਿੱਚ 66 ਸ਼ਹੀਦਾਂ ਦੇ ਮਣਕੇ ਪਰੋਏ।

ਦੂਰ... ਬਹੁਤ ਦੂਰ, ਆਕਾਸ਼ ਵਿੱਚ, ਸੂਰਜ ਤੋਂ ਵੇਖ ਨਾ ਹੋਇਆ... ਅੱਖਾਂ ਮੀਟ ਅਸਤਾਂਚਲ ਵਿੱਚ ਜਾ ਛੁਪਿਆ, ਤਾਂ ਯਕਲਖ਼ਤ ਹਜ਼ਾਰਾਂ ਨਾਮਧਾਰੀ ਸਿਤਾਰੇ, ਤਾਰਿਆਂ ਦੀ ਆਕਾਸ਼ ਗੰਗਾ ਵਿੱਚ, ਜਮ-ਮਗ ਕਰ ਉੱਠੇ...।

# ਅਹੰਕਾਰ ਪਾਪਾਤਮਾ

ਸ੍ਰਿਸ਼ਟੀ ਤੋਂ ਪਹਿਲਾਂ, ਕੁਝ ਨਹੀਂ ਸੀ। ਸ੍ਰੀ ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ,

"ਨ ਸੂਰ ਸਸਿ ਮੰਡਲੋ ॥ ਨ ਸਪਤ ਦੀਪ ਨਹ ਜਲੋ ॥
ਅੰਨ ਪਉਣ ਥਿਰੁ ਨ ਕੁਈ। ਏਕੁ ਤੁਈ ਏਕੁ ਤੁਈ ॥ (ਪੰ. 143-44)

ਇੱਕ ਸਮਾਂ , ਸਵਰਨਾਸ਼ ਹੋ ਜਾਏਗਾ। ਸੂਰਜ ਨਹੀਂ ਰਹਿਣਾ, ਚੰਦ ਨਹੀਂ, ਧਰਤੀ ਨਹੀਂ, ਅੰਨ, ਹਵਾ ਕੁਝ ਨਹੀਂ ਰਹਿ ਜਾਣਾ, ਉਦੋਂ ਵੀ ਹੇ ਪਰਮਾਤਮਾ... ਏਕ ਤੂੰ... ਸਿਰਫ ਏਕ ਤੂੰ ਰਹਿ ਜਾਣੈ। ਪਰਮੇਸ਼ਰ ਨੇ ਸ੍ਰਿਸ਼ਟੀ ਬਣਾਈ। ਮਿੱਟੀ, ਪਾਣੀ, ਹਵਾ ਅਤੇ ਅੱਗ ਤੋਂ ਪੁਤਲਾ ਬਣਾਇਆ, ਵਿੱਚ ਜਿੰਦ ਪਾਈ... ਇੱਕ ਜੀਊਂਦਾ ਮਨੁੱਖ-ਵਜੂਦ ਬਣਿਆ... ਇਹ "ਮੈਂ" ਹਾਂ। ਇਸ ਮੈਂ ਦਾ ਨਾਂ ਹੀ "ਅਹਮ" ਹੈ। ਇਹ ਮੈਂ, ਇਹ ਮੇਰਾ, ਮੇਰਾ ਸਿਰਜਿਆ, ਮੇਰਾ ਕਮਾਇਆ, ਮੇਰਾ ਬਣਾਇਆ। ਇਹ "ਮੈਂ" ਅਤੇ ਮੇਰਾ ਦਾ ਬੋਧ, "ਕਾਰ" ਹੈ। ਅਹਮ+ਕਾਰ=ਅਹੰਕਾਰ। ਆਮ ਤੌਰ 'ਤੇ ਅਹੰਕਾਰ ਦਾ ਅਰਥ, ਹੰਕਾਰ, ਅਭਿਮਾਨ, ਦੰਭ, ਲਾਇਆ ਜਾਂਦਾ ਹੈ। ਪਰ, ਇਹ ਹੰਕਾਰ, ਦੰਭ, ਘਮੰਡ, ਅਹੰਕਾਰ ਦੇ ਲੱਛਣ ਹਨ। "ਅਹੰਕਾਰ" ਤਾਂ "ਮੈਂ" ਦਾ ਕਰਤਾ ਹੋਣ ਦਾ ਭਾਵ ਹੈ, ਔਰ ਇਹ ਭਾਵ ਹੀ, ਪੰਜਵੇਂ ਪਾਤਸ਼ਾਹ, ਸਲੋਕ ਸਹਸਕ੍ਰਿਤੀ ਵਿੱਚ ਕਹਿੰਦੇ ਹਨ—

"ਹੇ ਜਨਮ ਮਰਣ ਮੂਲੰ, ਅਹੰਕਾਰੰ ਪਾਪਾਤਮਾ ॥
ਮਿਤ੍ਰੰ ਤਜੰਤਿ ਸਤ੍ਰੰ ਦ੍ਰਿੜੰਤਿ, ਅਨਿਕ ਮਾਇਆ ਬਿਸਤੀਰਨਹ ॥" (ਪੰਨਾ 1358)

ਅਹੰਕਾਰ ਦਾ ਭਾਵ, ਸੱਜਣਾਂ-ਮਿੱਤਰਾਂ ਦਾ ਤਿਆਗ ਕਰਵੌਂਦਾ ਹੈ, ਦੁਸ਼ਮਨ ਬਣੌਂਦਾ ਹੈ। ਜਗਤ ਵਿੱਚ, ਮੋਹ ਦੇ ਬੰਧਨ, ਲੋਭ ਦੀਆਂ ਸਮੁੰਦਰੀ ਲਹਿਰਾਂ, ਕ੍ਰੋਧ ਦੇ ਭਾਂਬੜ, ਜੰਗ ਦੇ ਮੈਦਾਨ; ਇਹ ਸਾਰਾ ਵਿਸਥਾਰ, ਅਹੰਕਾਰ ਤੋਂ ਜੰਮਦੇ ਹਨ।

ਅਹੰਕਾਰ, ਸੁਭਾਵਕ, ਬਸਤੀਵਾਦੀ ਹੁੰਦਾ ਹੈ। ਵਿਸਥਾਰ ਚਾਹੁੰਦਾ ਹੈ। ਜਿਹੜਾ ਰੁਕਾਵਟ ਪਾਉਂਦਾ ਹੈ, ਉਸ ਨੂੰ ਰਾਹ ਦਾ ਰੋੜਾ ਸਮਝ ਕੇ, ਸਫਾਈ ਕਰਨ ਨੂੰ ਮੌਲਿਕ ਅਧਿਕਾਰ ਦਾ ਨਾਂਅ ਦਿੰਦਾ ਹੈ। ਆਰੰਭ ਆਲੇ-ਦੁਆਲੇ, ਪਰਿਵਾਰ ਦੇ ਜੀਆਂ ਤੋਂ, ਸੰਗੀ ਸਾਥੀ ਸੱਜਣਾਂ ਤੋਂ ਕਰਦਾ ਹੈ। ਹਰ ਹਾਲ ਜਿੱਤ ਦੇ ਤਖ਼ਤ ਤੇ ਬੈਠਣਾ ਚਾਹੁੰਦਾ ਹੈ। ਜੇ ਗਹੁ ਨਾਲ ਵੇਖਾਂਗੇ ਤਾਂ ਸਾਡੇ, ਤੁਹਾਡੇ ਘਰਾਂ ਵਿੱਚ ਆਲੇ-ਦੁਆਲੇ, ਕਈ ਔਰੰਗਜ਼ੇਬ... ਕਈ ਸਿਕੰਦਰ ਦੀ ਮਾਨਸਿਕਤਾ ਵਾਲੇ, ਇਹੋ ਜਿਹੇ "ਅਹੰਕਾਰੀ" ਦਿਸ ਪੈਣਗੇ। ਸੰਸਾਰ ਦੇ ਦੁਖ-ਸੁਖ, ਜਨਮ-ਮਰਨ ਦਾ ਕਾਰਨ, ਪਾਤਸ਼ਾਹ ਕਹਿੰਦੇ ਹਨ, ਇਹੋ ਭਾਵ ਹੈ। ਲੜਦਾ, ਝਗੜਦਾ, ਕਲੇਸ਼ ਪਾਉਂਦਾ, ਸਾਰੇ ਕੁਟੰਬ, ਸਮਾਜ ਦਾ ਸੁਖ-ਚੈਨ ਖੋਂਹਦਾ, ਇਹ ਪ੍ਰੀਥੀਆ, ਮਰਣ ਮਗਰੋਂ ਫਿਰ ਇਸੇ ਭਾਵ ਵਿੱਚ ਜਨਮ

ਲੈਂਦਾ ਹੈ... ਕਲੇਸ਼ ਦਿੰਦਾ ਹੈ, ਮਰਦਾ ਹੈ ਔਰ ਫਿਰ ਅਗਲਾ ਜਨਮ ਵੀ ਇਹੋ ਜਿਹਾ, ਜਦੋਂ ਤੱਕ ਪੂਰੇ ਗੁਰੂ ਦੀ ਸਿੱਖਿਆ, ਹਿਰਦੇ ਧਾਰ ਕੇ, "ਮੈਂ" ਦਾ ਭਾਵ ਪ੍ਰੀਵਰਤਨ ਨਹੀਂ ਕਰਦਾ।

ਪਰਸ਼ੂਰਾਮ ਵਿੱਚ ਅਤੁੱਲ ਬਲ ਸੀ। ਸ਼ਿਵਜੀ ਦਾ ਦਿੱਤਾ ਹੋਇਆ "ਪਰਸੁ" ਕਰਿਸ਼ਮਈ ਕੁਹਾੜਾ, ਪਲਕ ਦੀ ਝਪਕ ਮਾਤਰ ਵਿੱਚ ਦੁਸ਼ਮਨਾਂ ਦਾ ਖਾਤਮਾ ਕਰ ਦਿੰਦਾ ਸੀ। ਕਹਿੰਦੇ ਹਨ, ਪਰਸ਼ੂਰਾਮ ਨੇ ਤਿੰਨ ਵਾਰ ਧਰਤੀ ਤੋਂ, ਕਸ਼ੱਤਰੀਆਂ ਦਾ ਨਾਸ ਕਰ ਦਿੱਤਾ। ਰਾਜਾ ਸਹਸਤ੍ਰ ਬਾਹੂ, ਬਹੁਤ ਬਲਸ਼ਾਲੀ ਸੀ। ਰਾਵਣ ਨੂੰ ਜੰਗ ਵਿੱਚ ਜਿਊਂਦਾ ਫੜ ਕੇ, ਕਾਰਾਗਾਰ ਵਿੱਚ ਬੰਦ ਕਰ ਦਿੱਤਾ। ਪਰਸ਼ੂਰਾਮ ਬ੍ਰਾਹਮਣ ਸੀ। ਜਮਦਗਨੀ ਰਿਸ਼ੀ ਦਾ ਪੁੱਤਰ। ਧਰਤੀ ਤੋਂ, ਕਸ਼ੱਤਰੀਯ ਵੰਸ਼-ਨਾਸ਼ ਦੀ ਪ੍ਰਤੀਗਿਆ ਲਈ ਸੀ। ਰਾਜਾ ਸਹਸਤ੍ਰ ਬਾਹੂ ਨੂੰ ਸਾਰੇ ਪੁੱਤਰਾਂ ਅਤੇ ਫੌਜ ਸਹਿਤ ਮਾਰ ਕੇ, ਰਾਵਣ ਨੂੰ, ਬ੍ਰਾਹਮਣ ਜਾਣ ਕੇ ਮੁਕਤ ਕਰਵਾਇਆ। ਤ੍ਰੇਤਾ ਯੁੱਗ ਵਿੱਚ, ਸੀਤਾ ਸੂਯੰਬਰ ਸਮੇਂ, ਜਨਕਪੁਰੀ ਵਿੱਚ ਭਗਵਾਨ ਸ੍ਰੀ ਨੇ, ਸ਼ਿਵ-ਧਨੁਖ ਤੋੜਿਆ ਤਾਂ, ਸ਼ਿਵ ਭਗਤ ਪਰਸ਼ੂਰਾਮ, ਬਹੁਤ ਕ੍ਰੋਧਿਤ ਹੋ ਗਏ। "ਅਹੰਕਾਰ" ਵੱਸ, ਸ੍ਰੀ ਰਾਮ ਅਤੇ ਲਛਮਣ ਨੂੰ ਮਾਰਨ ਲਈ ਕ੍ਰੋਧ ਪੂਰਨ ਘੋਸ਼ਣਾ ਕਰਦੇ ਹਨ—

"ਸੁਨਹੁ ਰਾਮ ਜੇਹਿ ਸ਼ਿਵ ਧਨੁ ਤੋਰਾ॥ ਸਹਸਤ੍ਰ ਬਾਹੂ ਸਮ ਸੋ ਰਿਪੁ ਮੋਰਾ॥"

ਰਾਮ, ਜਿਸ ਨੇ ਵੀ ਇਹ ਸ਼ਿਵ ਧਨੁੱਖ ਤੋੜਿਆ ਹੈ, ਉਹ ਸਹਸਤ੍ਰ ਬਾਹੂ ਵਾਂਗ ਮੇਰਾ ਦੁਸ਼ਮਨ ਹੈ ਅਤੇ ਮੈਂ ਆਪਣਾ ਦੁਸ਼ਮਨ, ਜੀਊਂਦਾ ਨਹੀਂ ਛੱਡਦਾ। ਰਾਮਾਇਣ ਦੇ "ਬਾਲਕਾਂਡ" ਵਿੱਚ, ਬਹੁਤ ਸੋਹਣਾ ਪ੍ਰਸੰਗ ਹੈ। ਅਹੰਕਾਰ ਵੱਸ, ਪਰਸ਼ੂਰਾਮ, ਵਾਰ-ਵਾਰ ਕੁਹਾੜਾ ਚੁੱਕ ਮਾਰਨ ਦਾ ਸੰਕਲਪ ਕਰਦੈ। ਲਛਮਣ ਵੀ ਰੋਸ ਵਿੱਚ ਪਰਸ਼ੂਰਾਮ ਨੂੰ ਵੰਗਾਰਦਾ ਹੈ। ਪਰ ਸ੍ਰੀ ਰਾਮ, ਸੀਤਲ, ਸੁਸ਼ੀਲ ਭਾਵ ਵਿੱਚ, ਪਰਸ਼ੂਰਾਮ ਅੱਗੇ ਸਿਰ ਨਿਵਾ ਕੇ ਕਹਿੰਦੇ ਹਨ—

"ਰਾਮ ਕਹੇਉ ਰਿਸ ਤਜੀਏ ਮੁਨੀਸਾ॥<br>
ਕਰ ਕੁਛਾਰ ਆਗੇ ਇਹ ਸੀਸਾ॥"

ਰਿਸ਼ੀ ਜੀ ਕ੍ਰੋਧ ਤਿਆਗ ਦਿਉ... ਤੁਹਾਡੇ ਹੱਥ ਵਿੱਚ ਕੁਹਾੜਾ ਹੈ ਅਤੇ ਇਹ ਅੱਗੇ ਮੇਰਾ ਸਿਰ ਹੈ। ਆਪਣੀ ਇੱਛਾ ਪੂਰਨ ਕਰੋ। ਸ੍ਰੀ ਰਾਮ, ਸ਼ਿਵਜੀ ਭਗਵਾਨ ਦੇ ਇਸ਼ਟ ਸਨ। ਜਦੋਂ ਪਰਸ਼ੂਰਾਮ ਵੇਖਿਆ, ਤਾਂ ਸ਼ਿਵਜੀ ਦਾ ਸਿਰ ਅੱਗੇ ਆ ਗਿਆ। ਕੁਹਾੜਾ ਹੱਥੋਂ ਛੁੱਟ ਗਿਆ।

ਅਹੰ ਭਾਵ, "ਜਨਮ ਮਰਣ ਮੂਲੰ" ਹੈ। ਪਿਛੋਂ ਨਾਲ ਹੀ ਅਹੰਕਾਰੀ ਪ੍ਰਾਲੱਬਧ ਲੈ ਕੇ ਜੰਮਿਆ। ਉਸੇ ਅਨੁਰੂਪ ਜੀਵਨ, "ਮੈਂ" ਭਾਵ ਵਿੱਚ ਔਰ ਫਿਰ ਮੌਤ ਦਾ ਕਾਰਨ ਵੀ ਬਣਿਆ।

ਔਰਗਜ਼ੇਬ, ਬਾਦਸ਼ਾਹ ਸੰਨ 1707.!. 89 ਸਾਲ ਦੀ ਬਿਰਧ ਉਮਰ ਵਿੱਚ, ਪੁੱਤਰ ਆਜ਼ਮ ਨੂੰ ਪੱਤਰ ਲਿਖਿਆ, ਮੈਂ ਦੁਨੀਆਂ 'ਤੇ ਬਹੁਤ ਜ਼ੁਲਮ ਕੀਤੇ, ਦੂਰ-ਦੂਰ ਤੱਕ ਰਾਜ ਵਧਾਇਆ, ਤੁਹਾਡੇ ਲਈ, ਅੱਜ ਤੁਸੀਂ ਤਿੰਨੇ ਪੁੱਤਰ, ਮੇਰੇ ਦੁਸ਼ਮਨ ਹੋਏ

ਖਲੋਤੇ ਹੋ। ਮੈਂ ਮੌਤ ਦੇ ਨੇੜੇ ਪਹੁੰਚ ਕੇ ਵੇਖਦਾ ਹਾਂ, ਨਾ ਧਰਮ ਮੇਰੇ ਕੋਲ ਰਿਹਾ ਨਾ ਦੁਨੀਆਂ। ਮੈਂ, ਜੀਆਂ ਵਿੱਚ ਵਸਦੇ ਖ਼ੁਦਾ ਨੂੰ ਨਹੀਂ ਵੇਖ ਸਕਿਆ, ਹੁਣ ਖਾਲੀ ਹੱਥ ਗੁਨਾਹਗਾਰ ਬਣ, ਜਹਾਨ ਤੋਂ ਚਲਿਆ ਹਾਂ।

ਸ੍ਰਿਸ਼ਟੀ ਦਾ ਕਰਤਾ, ਕਰਤਾਰ ਹੈ। ਅਹੰਕਾਰ ਕਰਤਾਰ ਦੇ ਉਲਟ ਖਲੋਂਦਾ ਹੈ। ਗੁਰੂ-ਸੰਤ ਕਹਿੰਦੇ ਹਨ, ਜੋ ਕੀਆ ਸੁ ਰੱਬ ਕੀਆ... ਅਹੰਕਾਰੀ ਕਹਿੰਦਾ ਹੈ, ਮੈਂ ਜਗ ਜਿੱਤ ਲਿਆ... ਮੈਂ ਕਰਤਾ। ਰਾਤ, ਦਿਨ ਦੇ ਵਿਪਰੀਤ ਖਲੋਂਦੀ ਹੈ। ਅਹੰਕਾਰ, ਨਿਰੰਕਾਰ ਦੇ ਵਿਪਰੀਤ ਹੁੰਦਾ ਹੈ। ਔਰ, ਅਤੀਤ ਦਾ ਕਾਲਖੰਡ ਗਵਾਹ ਹੈ, "ਹਰਿ ਜੂ ਹੰਕਾਰ ਨਾ ਭਾਵਈ॥" ਹਰਨਾਕਸ਼, ਧਰਤ ਲੋਕ, ਦੇਵ ਲੋਕ, ਜਿੱਤ ਲਏ। ਅਹੰਕਾਰੀ ਹੋ ਗਿਆ। ਮੈਂ ਬਾਹੂਬਲੀ, ਵੱਡਯੋਧਾ। "ਮੈਂ" ਕਰਤਾ! ਪਰਮੇਸ਼ਰ ਨੂੰ ਇਹ ਪਸੰਦ ਨਹੀਂ ਸੀ। ਹਰ ਜੀਅ ਵਿੱਚ, ਹਰ ਪਦਾਰਥ ਦੇ ਸੂਖਮ ਪਰਮਾਣੂਆਂ ਅੰਦਰ, ਜਿਹੜੀ ਪਰਮ ਊਰਜਾ ਸ਼ਕਤੀ ਮੌਜੂਦ ਹੈ, ਉਹ ਰੱਬ ਹੈ... ਨਿਰੰਕਾਰ ਹੈ। ਸ੍ਰਿਸ਼ਟੀ ਦੇ ਕਣ-ਕਣ ਨੂੰ ਉਸ ਅੰਦਰ ਮੌਜੂਦ ਸ਼ਕਤੀ ਚਲਾ ਰਹੀ ਹੈ। ਹਰਨਾਕਸ਼ ਕਹਿੰਦੈ, ਮੈਂ ਰੱਬ ਹਾਂ... ਮੇਰੀ ਪੂਜਾ ਹੋਵੇ। ਪਰਮੇਸ਼ਰ ਨੇ ਹਰਨਾਕਸ਼ ਦੇ ਘਰ ਵਿੱਚ ਹੀ, ਪੁੱਤਰ ਪ੍ਰਹਿਲਾਦ ਭੇਜ ਦਿੱਤਾ। 6 ਵਰ੍ਹਿਆਂ ਦਾ ਬਾਲ, ਹਰਨਾਕਸ਼ ਦੇ ਵਿਰੁੱਧ ਖਲੋ ਗਿਆ। ਆਪਣੇ ਹੀ ਪੁੱਤਰ ਪ੍ਰਹਿਲਾਦ ਨੂੰ, ਮਾਰਨ ਦੇ ਬਹੁਤ ਯਤਨ ਕੀਤੇ। ਮਾਤਾ ਤੋਂ ਪੁੱਤ ਦਾ ਦੁੱਖ ਵੇਖਿਆ ਨਹੀਂ ਜਾਂਦਾ। ਪ੍ਰਹਿਲਾਦ ਨੂੰ ਸਮਝੌਂਦੀ ਹੈ, "ਪੁੱਤਰ ਛੱਡ ਦੇ, ਰਾਮ ਨੂੰ... ਆਪਣੀ ਜਿੰਦ ਸਉਖੀ ਕਰ... ਤੂੰ ਕੀ ਲੈਣਾ ਇਸ ਗੱਲ ਤੋਂ। ਪ੍ਰਹਿਲਾਦ ਮਾਂ ਨੂੰ ਕਹਿੰਦਾ ਹੈ—

ਅਹੰਕਾਰ ਬਸਿ ਹੋਹਿ ਪਿਤੁ ਮਾਨਹੁ॥
ਸ੍ਰੀ ਹਰੀ ਕੀ ਕਿਛੁ ਸਾਰ ਨ ਜਾਣਹੁ॥

ਮਾਂ, ਪਿਤਾ ਸ੍ਰੀ, ਅਹਮਕਾਰ ਭਾਵ ਦੇ ਅਧੀਨ ਹੋ ਗਏ ਹਨ। ਆਪ ਨੂੰ ਹੀ ਕਰਨ ਕਰਾਵਨਹਾਰ ਸਮਝ ਰਹੇ ਹਨ। ਸ੍ਰੀ ਹਰੀ ਦਾ ਕਿਛੁ ਮਰਮ ਨਹੀਂ ਜਾਣਿਆ। ਹਰਨਾਕਸ਼ ਦਾ ਅੰਤ... ਆਪ ਸਭ ਜਾਣਦੇ ਹੋ, ਕਿਵੇਂ ਹੋਇਆ।

ਮਨੁੱਖ ਕੋਲ, ਕਰਮ ਇੰਦ੍ਰੀਆਂ ਹਨ... ਹੱਥ, ਪੈਰ, ਮੂੰਹ, ਗੁਦਾ ਅਤੇ ਲਿੰਗ! ਪੰਜ ਗਿਆਨ ਇੰਦ੍ਰੀਆਂ... ਅੱਖ, ਕੰਨ, ਨੱਕ, ਰਸਨਾ ਅਤੇ ਤਵੱਚਾ। ਇਹ ਦਸ ਇੰਦ੍ਰੀਆਂ ਦੇ ਸਹਾਰੇ ਮਨੁੱਖ ਕਰਮ ਕਰਦਾ ਹੈ। ਕਿਸੇ ਨਾਲ ਪ੍ਰੀਤ ਕਰਦਾ ਹੈ... ਕਿਸੇ ਨਾਲ ਜੰਗ ਕਰਦਾ ਹੈ ਔਰ ਭਰਮ ਪਾਲ ਲੈਂਦਾ ਹੈ, ਕਰਤਾ ਹੋਣ ਦਾ। ਪਰ ਇਹ ਦਸ ਇੰਦ੍ਰੀਆਂ, ਵਾਯੂ ਤੋਂ ਅਤੇ ਵਾਯੂ, ਪ੍ਰਾਣ ਤੋਂ ਸੰਚਾਲਤ ਹੁੰਦੀ ਹੈ...। ਇਹ ਪ੍ਰਾਣ ਹੀ ਪਰਮ ਊਰਜਾ ਹੈ, ਪਰਮ ਸ਼ਕਤੀ ਜਿਹੜੀ, ਅਸਥਾਵਰ ਜੰਗਮ, ਕੀਟ, ਪਤੰਗਮ, ਸਾਰਿਆਂ ਨੂੰ ਲੋੜ ਅਨੁਸਾਰ ਸ਼ਕਤੀ ਦਿੰਦੀ ਹੈ ਔਰ ਅਸੀਂ ਕਰਮ ਕਰਦੇ ਹਾਂ। ਇਹ ਪ੍ਰਾਣ ਹੀ, ਪਰਮੇਸ਼ਰ ਹੈ। ਪ੍ਰਾਣ ਨਿਕਲ ਜਾਏ ਤਾਂ ਲਾਸ਼ ਬਣ ਜਾਂਦਾ ਹੈ। ਸਿਮਰਨ ਕਰ ਕੇ, ਮਨੁੱਖ ਉਸੇ ਪਰਮ ਸ਼ਕਤੀ ਨੂੰ ਮਹਿਸੂਸ ਕਰਦਾ ਹੈ। ਉਸ ਨਾਲ ਜੁੜਦਾ ਹੈ। ਗੁਰਬਾਣੀ ਪਾਠ ਰਾਹੀਂ, ਇਸੇ ਗਿਆਨ ਸੂਤਰ ਨੂੰ ਫੜ ਕੇ, ਆਤਮਾ ਦੀ ਗਹਿਰੀ ਘਾਟੀ ਵਿੱਚ

ਉਤਰਦਾ ਹੈ। ਇਹ, ਮਰਮ ਹੀ ਧਰਮ ਦਾ ਸਾਰ ਹੈ। ਜਿਹੜਾ ਮਨੁੱਖ, ਇਸ ਸੱਤ-ਮਾਰਗ ਤੋਂ ਪਰ੍ਹੇ ਹੈ, ਉਹ ਮਨੋਰੋਗ, ਮਨ ਤੋਂ ਉਪਜੇ ਅਹੰਕਾਰ ਭਾਵ ਦਾ ਰੋਗੀ ਬਣ ਜਾਂਦਾ ਹੈ। ਤਾਂ, ਧਰਮ ਦੀ ਪਹਿਲੀ ਸੰਥਾ, ਸਾਰੀ ਸ੍ਰਿਸ਼ਟੀ ਦਾ ਕਰਤਾ, ਪਾਲਨਹਾਰ ਅਤੇ ਸੰਹਾਰਕ, "ਕਰਤਾਰ" ਹੈ...

"ਤੂੰ ਕਰਤਾ ਕਰਣਾ ਮੈ ਨਾਹੀ ਜਾ ਹਉ ਕਰੀ ਨ ਹੋਈ॥"

ਰਹੀਮ ਖਾਨਖਾਨਾ, ਜਾਤ-ਬਿਰਾਦਰੀ ਵਜੋਂ ਮੁਸਲਮਾਨ ਸਨ। ਅਕਬਰ ਦੇ "ਦਰਬਾਰੀ ਰਤਨ" ਸਨ। ਹਿੰਦੀ ਸਾਹਿਤ ਵਿੱਚ "ਰਹੀਮ ਦੇ ਦੋਹੇ" ਬਹੁਤ ਸਿੱਖਿਆਪੂਰਨ ਥਾਂ ਰੱਖਦੇ ਹਨ। ਅਕਬਰ ਦਰਬਾਰ ਦੇ ਮੁੱਖ ਮੰਤਰੀ ਸਨ। ਬਹੁਤ ਸਨਮਾਨਜਨਕ ਹਸਤੀ। ਨਵਾਬ ਦਾ ਦਰਜਾ ਹਾਸਲ ਸੀ। ਸੁਭਾਅ ਦੇ ਸਰਲ। ਹੰਕਾਰ ਨੇ ਛੂਹਿਆ ਨਹੀਂ ਸੀ। ਸਮਾਜ ਦੀ ਪ੍ਰਤਿਸ਼ਠਾ, ਸ਼ੋਹਰਤ, ਧਨ, ਹਵੇਲੀਆਂ, ਸੇਵਕ, ਸਭ ਕੁਝ ਰੱਬ ਦੀ ਬਖਸ਼ਿਸ਼ ਸਮਝਦੇ। ਵੱਡੇ ਦਾਨੀ ਸਨ। ਜਦੋਂ ਕਿਸੇ ਲੋੜਵੰਦ ਨੂੰ ਕੁਝ ਸਹਾਇਤਾ ਵਜੋਂ ਦੇਣ ਲੱਗਦੇ, ਤਾਂ ਸਿਰ ਨੀਵਾਂ ਕਰ ਲੈਂਦੇ। ਉਨ੍ਹਾਂ ਦੇ ਮਿੱਤਰ, ਮਹਾਂਕਵੀ ਫੈਜ਼ ਨੇ ਇੱਕ ਵਾਰ ਕਾਵਿ ਸ਼ਬਦਾਵਲੀ ਵਿੱਚ ਪੁੱਛਿਆ—

"ਸੀਖੇ ਕਹਾਂ ਨਵਾਬ ਜੂ, ਐਸੀ ਦੇਣੀ ਦੇਣ॥
ਜਿਉਂ ਜਿਉਂ ਕਰ ਊਚੇ ਕਰਹੁ, ਤਿਉਂ ਤਿਉਂ ਨੀਚੈ ਨੈਨ॥

ਨਵਾਬ ਜੀ! ਇਹ ਭਲਾ ਕਿੱਥੋਂ ਸਿੱਖੇ ਹੋ, ਦਾਨ ਦੇਣ ਲੱਗਿਆਂ, ਹੱਥ ਚੁੱਕਦੇ ਹੋ ਤਾਂ ਸਿਰ ਨੀਵਾਂ ਕਰ ਲੈਂਦੇ ਹੋ। ਰਹੀਮ ਜੀ ਨੇ ਜਵਾਬ ਦਿੱਤਾ—

ਦੇਵਣਹਾਰ ਕੋਈ ਔਰ ਹੈ, ਭੇਜਤ ਸੋ ਦਿਨ ਰੈਣ॥
ਲੋਗ ਭਰਮ ਹਮ ਪੇ ਧਰੈਂ, ਯਾ ਤੇ ਨੀਚੇ ਨੈਣ॥

ਪਰਮਾਤਮਾ ਦੇ ਰਿਹਾ ਹੈ... ਰਾਤ ਦਿਨ ਭੇਜ ਰਿਹਾ ਹੈ। ਮੈਂ ਤਾਂ ਸੇਵਾਦਾਰ ਹਾਂ, ਉਸ ਦੀ ਸ਼ੈਅ ਵਰਤਾਉਣ ਵਾਲਾ। ਲੋਕ ਭਰਮ ਵਿੱਚ ਮੈਨੂੰ ਦੇਣ ਵਾਲਾ ਸਮਝਦੇ ਹਨ... ਇਸ ਸ਼ਰਮ ਨਾਲ ਸਿਰ ਨੀਵਾਂ ਹੋ ਜਾਂਦਾ ਹੈ।

ਜੀਊਣ ਦੇ ਦੋ ਢੰਗ ਹਨ। ਦੇਹ ਨੂੰ ਭਰਮਵਸ਼ ਮੈਂ ਸਮਝਣਾ ਤਾਂ ਫਿਰ ਅੰਦਰਲੀ ਰੂਹ ਤੋਂ ਟੁੱਟ ਗਿਆ। ਉਹ ਰੂਹ ਤੋਂ ਰਿਸ਼ਤਾ ਤੋੜ ਕੇ, ਇਹ ਮੇਰਾ ਪਰਿਵਾਰ, ਘਰ, ਵਾਪਾਰ, ਰੁਤਬਾ, ਰਸੂਖ... ਨਾਲ ਜੁੜ ਗਿਆ। ਮੈਂ ਇਹ ਸਾਰੀ ਸ਼ੌਹਰਤ, ਦੌਲਤ ਦਾ ਕਰਤਾ; ਇਹ ਅਹਮਕਾਰ ਹੈ... ਇਹੋ ਜਗ ਦੇ ਦੁਖ ਦਾ ਕਾਰਨ ਹੈ। ਜਨਮ, ਇਸੇ ਭਾਵ ਦੇ ਪਿਛੋਕੜ ਹੋਇਆ। ਸਾਰਾ ਜੀਵਨ, ਆਪ ਵੀ ਦੁੱਖਾਂ ਕਲੇਸ਼ਾਂ ਵਿੱਚ ਜੀਵਿਆ... ਜਗ ਨੂੰ ਵੀ ਦੁਖੀ ਕੀਤਾ ਔਰ ਅੰਤ ਕਾਲਿਖ ਭਰੀ ਬਦਨੁਮਾ ਮੌਤ।

"ਹੇ ਜਨਮ ਮਰਣ ਮੂਲੰ, ਅਹੰਕਾਰੰ ਪਾਪਾਤਮਾ...॥"

ਛੇਵੇਂ ਪਾਤਸ਼ਾਹ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ, ਸਤਿਗੁਰਾਂ ਪ੍ਰਤੀ ਸ਼ਰਧਾ ਰੱਖਣ ਵਾਲਾ, ਇਸਮਾਇਲ ਖ਼ਾਨ, ਇੱਕ ਬਾਲਕ ਨੂੰ ਲੈ ਕੇ, ਸ੍ਰੀ ਕਰਤਾਰਪੁਰ ਆਇਆ। ਗੁਰੂ ਚਰਨਾਂ ਵਿੱਚ ਬਾਲਕ ਸਹਿਤ ਮੱਥਾ ਟੇਕ ਕੇ, ਅਰਜ਼ ਕੀਤੀ, "ਇਹ ਮੇਰੀ ਭੈਣ ਦਾ ਪੁੱਤਰ ਹੈ। ਮਾਤਾ-ਪਿਤਾ ਦੋਵੇਂ ਖੁਦਾ ਨੂੰ ਪਿਆਰੇ ਹੋ ਗਏ ਹਨ। ਅਨਾਥ

ਬੱਚਾ ਹੈ। ਕੋਈ ਪਰਵਰਿਸ਼ ਕਰਨ ਵਾਲਾ ਨਹੀਂ। ਆਪ ਦੇ ਚਰਨਾਂ ਵਿੱਚ ਪਲ ਜਾਏਗਾ। ਉਸ ਛੋਟੀ ਉਮਰ ਦੇ ਬਾਲਕ ਦਾ ਕੱਦ-ਕਾਠ, ਆਤਮ ਵਿਸ਼ਵਾਸ਼ ਭਰੇ ਨੇਤਰ ਵੇਖ ਕੇ ਬਚਨ ਕੀਤਾ, ਇਹ ਇੱਥੇ ਹੀ ਰਹੇਗਾ, ਮੇਰੇ ਕੋਲ। ਇਸ ਨੂੰ ਬਹੁਤ ਵੱਡਾ ਸੂਰਮਾ ਬਣਾਵਾਂਗੇ। ਬਾਲਕ ਬਾਬਤ ਸਤਿਗੁਰਾਂ ਨੇ, ਸੇਵਾਦਾਰਾਂ ਨੂੰ ਵਿਸ਼ੇਸ਼ ਹਦਾਇਤਾਂ ਦਿੱਤੀਆਂ। ਇੱਕ ਚੰਗੀ ਮੱਝ, ਇਸ ਲਈ ਰੱਖ ਛੱਡੋ। ਦੁੱਧ, ਮੱਖਣ, ਘਿਓ, ਬਾਦਾਮ, ਪਿਸਤਾ, ਛੁਹਾਰਿਆਂ ਨਾਲ ਕੜ੍ਹਿਆ ਦੁੱਧ, ਜਿੰਨਾ ਪੀ ਸਕੇ। ਮਾਲਸ਼ ਲਈ ਸੇਵਾਦਾਰ ਰੱਖੇ। ਸ਼ਸਤਰ ਵਿੱਦਿਆ, ਤੀਰ, ਤੇਗਾਂ, ਘੋੜਸਵਾਰੀ ਕਰਤਬ, ਡੰਡ ਬੈਠਕਾਂ, ਕੁਸ਼ਤੀ ਸਾਰੇ ਦਾਅ ਪੇਚ ਸਿਖਾਏ। ਕੁਝ ਵਰ੍ਹਿਆਂ ਵਿੱਚ ਤਗੜਾ ਜਵਾਨ ਹੋਇ ਗਿਆ। ਤਗੜੇ ਅਰਬੀ ਘੋੜੇ ਨੂੰ, ਫੜ ਲੈਂਦਾ ਤਾਂ ਹਿੱਲਣ ਜੋਗ ਨਾ ਛੱਡਦਾ। ਚਾਂਦੀ ਦੇ ਸਿੱਕੇ ’ਤੇ ਅੰਕਤ ਅੱਖਰਾਂ ਨੂੰ ਹੱਥ ਦੇ ਅੰਗੂਠੇ ਨਾਲ ਰਗੜ ਕੇ ਮਿਟਾ ਦਿੰਦਾ। ਸਤਿਗੁਰ ਜੀ ਹਮੇਸ਼ਾ ਨਾਲ ਰੱਖਦੇ। ਉਸ ਦਾ ਨਾਂ ਸੀ ਪੈਂਦੇ ਖਾਂ। ਪੈਂਦੇ ਖਾਂ ਨੂੰ ਯੁੱਧ ਕਲਾ ਦੀਆਂ ਬਾਰੀਕੀਆਂ ਦੱਸੀਆਂ। ਦੁਸ਼ਮਨ ਦੇ ਕਿਸ ਵਾਰ ਤੋਂ ਕਿਵੇਂ ਬਚਾਅ ਕਰਨਾ ਹੈ, ਕਿਵੇਂ, ਬਗੈਰ ਮੌਕਾ ਦਿੱਤਿਆਂ, ਦੁਸ਼ਮਨ ’ਤੇ ਵਾਰ ਕਰਨਾ ਹੈ, ਜੰਗ ਦੀਆਂ ਬਾਰੀਕੀਆਂ ਸਮਝਾਈਆਂ। ਪੈਂਦੇ ਖਾਂ ਦਾ ਵਿਆਹ ਹੋਇਆ। ਕੋਠੀ ਪਾ ਦਿੱਤੀ। ਲੜਕੀ ਜੰਮੀ। ਸਮਾਂ ਪਾ ਵੱਡੀ ਹੋਈ। ਵਿਆਹ ਕੀਤਾ। ਪੈਂਦੇ ਖਾਂ, ਸਤਿਗੁਰਾਂ ਨਾਲ ਸ਼ਿਕਾਰ ਖੇਡਣ ਜਾਂਦਾ, ਦਰਬਾਰ ਵਿੱਚ ਸਨਮਾਨ ਭਰਿਆ ਆਸਨ ਮਿਲਦਾ। ਸਤਿਗੁਰਾਂ ਕੋਈ ਕਮੀ ਨਾ ਛੱਡੀ। ਕਈ ਵਾਰ ਲਾਹੌਰ, ਦਿੱਲੀ ਜਾਂ ਜਲੰਧਰ ਦੀਆਂ ਮੁਗਲ ਫੌਜਾਂ ਨਾਲ ਟਾਕਰਾ ਹੁੰਦਾ ਤਾਂ ਪੈਂਦੇ ਖਾਂ ਸਦਾ ਨਾਲ ਹੁੰਦਾ। ਸਦਾ ਜਿੱਤ ਹੁੰਦੀ। ਅਹੰਕਾਰ ਦੇ ਭਾਵ ਵਿੱਚ ਵਗਣ ਲੱਗਾ। ਘਰ ਵਿੱਚ, ਧੀ-ਜਵਾਈ ਸਾਹਵੇਂ, ਹੰਕਾਰ ਭਰਿਆ ਬੋਲਦਾ, ਇਹ ਸਾਰੀਆਂ ਜਿੱਤਾਂ, ਮੇਰੇ ਸਦਕਾ ਹਨ। ਮੁਗਲ ਪਠਾਨਾਂ ਦਾ ਮੂੰਹ, ਮੇਰੇ ਜਿਹਾ ਕੋਈ ਪਠਾਨ ਹੀ ਮੋੜ ਸਕਦਾ ਹੈ। ਸਤਿਗੁਰ ਜੀ ਪੂਰਾ ਪਿਆਰ ਮਾਣ ਦਿੰਦੇ। ਸੰਗਤਾਂ ਆਉਂਦੀਆਂ, ਸੋਨੇ ਚਾਂਦੀ ਦੀਆਂ ਮੋਹਰਾਂ, ਹੋਰ ਕੀਮਤੀ ਭੇਟਾ ਲਿਆਉਂਦੀਆਂ... ਸਤਿਗੁਰ ਜੀ ਮੌਜ ਵਿੱਚ ਆਉਂਦੇ, ਉਹ ਭੇਟਾ, ਮੋਹਰਾਂ, ਪੈਂਦੇ ਖਾਂ ਦੀ ਝੋਲੀ ਪਾ ਦਿੰਦੇ। ਇੱਕ ਵਾਰ, ਕਾਬਲ-ਕੰਧਾਰ ਦੀ ਸੰਗਤ ਆਈ। ਉਹਨਾਂ ਬਹੁਤ ਰੀਝ ਨਾਲ, ਸਤਿਗੁਰਾਂ ਲਈ, ਇੱਕ ਬਹੁਤ ਉਮਦਾ ਅਰਬੀ ਘੋੜਾ, ਇੱਕ ਸੁਫੇਦ ਬਾਜ਼ ਅਤੇ ਸਤਿਗੁਰਾਂ ਲਈ ਬਹੁਤ ਮਹੀਨ ਕਾਰੀਗਰੀ ਵਾਲਾ ਬਾਰੀਕ ਪੌਸ਼ਾਕਾ ਲਿਆ ਕੇ ਮੱਥਾ ਟੇਕਿਆ। ਸਤਿਗੁਰਾਂ ਸੰਗਤਾਂ ਨੂੰ ਬਹੁਤ ਖੁਸ਼ੀਆਂ ਬਖ਼ਸ਼ੀਆਂ। ਪੈਂਦੇ ਖਾਂ, ਕੋਲ ਹੀ ਬੈਠਾ ਸੀ। ਸਤਿਗੁਰ ਜੀ ਨੇ ਉਹ ਘੋੜਾ ਅਤੇ ਪੋਸ਼ਾਕ, ਪੈਂਦੇ ਨੂੰ ਬਖ਼ਸ਼ ਦਿੱਤਾ। ਹੁਕਮ ਕੀਤਾ, ਹੁਣ ਜਦੋਂ, ਕਿਤੇ ਦੌਰੇ ਜਾਂ ਸ਼ਿਕਾਰ ਖੇਡਣ ਜਾਣਾ ਹੋਵੇ, ਤਾਂ ਇਹ ਪੌਸ਼ਾਕ ਅਤੇ ਘੋੜੇ ’ਤੇ ਆਵੀਂ। ਪੈਂਦਾ ਖੁਸ਼ ਹੋਇਆ... ਘਰ ਗਿਆ। ਘਰ ਵਾਲੀ ਨੇ, ਧੀ ਅਤੇ ਜਵਾਈ ਅਸਮਾਨ ਖਾਂ ਨੂੰ ਵਿਖਾਇਆ। ਜਵਾਈ ਦੀ ਨੀਅਤ ਖਰਾਬ ਹੋ ਗਈ। ਉਸ ਨੇ ਘੋੜਾ ਅਤੇ ਪੌਸ਼ਾਕਾ ਮੰਗ ਲਿਆ। ਸਤਿਗੁਰ ਜੀ ਦਾ ਹੁਕਮ ਸੀ, ਇਹ ਰੇਸ਼ਮੀ ਪੌਸ਼ਾਕਾ ਪਾ ਕੇ, ਇਸ ਘੋੜੇ ’ਤੇ ਕੱਲ੍ਹ ਆਉਣਾ ਹੈ। ਪੈਂਦਾ ਸਤਿਗੁਰਾਂ ਕੋਲ ਨਾ

ਗਿਆ। ਸ਼ਿਕਾਰ ਖੇਡਣ ਜਾਣ ਲਈ ਉਡੀਕ ਕਰਦੇ ਰਹੇ, ਸੁਨੇਹਾ ਵੀ ਭੇਜਿਆ, ਪਰ ਨਾ ਆਇਆ। ਜਵਾਈ ਉਹੋ ਰੇਸ਼ਮੀ ਤਿੱਲੇ ਜੜਿਆ ਪੋਸ਼ਾਕਾ ਪਾ ਕੇ, ਘੋੜੇ 'ਤੇ ਤਫ਼ਰੀਹ ਕਰਨ ਨਿਕਲਿਆ। ਇੱਕ ਬਾਗ ਵਿੱਚ ਪਹੁੰਚਿਆ। ਉਧਰੋਂ ਸ੍ਰੀ ਹਰਿਗੋਬਿੰਦ ਸਾਹਿਬ ਦੇ ਸਾਹਿਬਜ਼ਾਦੇ ਬਾਬਾ ਗੁਰਦਿੱਤਾ ਜੀ, ਕੁਝ ਯੋਧਿਆਂ ਨਾਲ, ਸੁਫੇਦ ਬਾਜ਼ ਲੈ ਕੇ, ਸ਼ਿਕਾਰ ਖੇਡਣ ਆਏ। ਬਾਜ਼ ਨੇ ਇੱਕ ਦੋ ਕਰਤੱਬ ਦਿਖਾਏ। ਬਹੁਤ ਫੁਰਤੀਲਾ, ਹੰਸ ਵਾਂਗ ਸੁਫੇਦ ਸੋਹਣਾ ਬਾਜ਼ ਸੀ। ਇੱਕ ਪੰਖੀ ਦੇ ਮਗਰ ਉਡਾਰੀ ਮਾਰੀ... ਉਸੇ ਬਾਗ ਵਿੱਚ ਪਹੁੰਚ ਗਿਆ, ਜਿੱਥੇ ਅਸਮਾਨ ਖਾਂ, ਪੈਂਦੇ ਖਾਂ ਦਾ ਜਵਾਈ ਮੌਜੂਦ ਸੀ। ਉਸ ਨੇ ਐਸਾ ਦੁਰਲੱਭ ਬਾਜ਼ ਕਦੀ ਵੇਖਿਆ ਨਹੀਂ ਸੀ। ਕਿਸੇ ਤਰ੍ਹਾਂ ਉਸ ਬਾਜ਼ ਨੂੰ ਕਾਬੂ ਕਰ ਕੇ ਘਰ ਲੈ ਗਿਆ। ਬਾਬਾ ਗੁਰਦਿੱਤਾ ਜੀ ਦੇ ਸਾਥੀਆਂ-ਜਵਾਨਾਂ ਬਹੁਤ ਲੱਭਿਆ। ਇਸੇ ਬਾਗ ਵੱਲ ਆਇਆ ਸੀ... ਇੱਥੇ ਪੈਂਦੇ ਖਾਂ ਦਾ ਜਵਾਈ ਥੋੜ੍ਹੀ ਦੇਰ ਪਹਿਲਾਂ ਮੌਜੂਦ ਸੀ। ਹਾਲਾਤ ਦੀਆਂ ਕੜੀਆਂ, ਉਸ ਪਾਸੇ ਜੁੜ ਰਹੀਆਂ ਸਨ। ਸਾਰੇ ਪਾਸੋਂ ਇਵੇਂ ਹੀ ਤਸਦੀਕ ਕਰ ਕੇ ਬਾਬਾ ਜੀ ਨੇ, ਸਤਿਗੁਰੂ ਜੀ ਅੱਗੇ ਜਾ ਅਰਜ਼ ਕੀਤੀ। ਦਿਲਾਂ ਦੀਆਂ ਬੁਝਣ ਵਾਲੇ ਸਤਿਗੁਰ ਜੀ ਸਭ ਜਾਣਦੇ ਸਨ। ਦੂਜੇ ਦਿਨ, ਪੈਂਦੇ ਖਾਂ ਨੂੰ ਸੱਦਿਆ। ਉਹ, ਰਾਤ ਦੇ ਪਾਏ ਕੱਪੜਿਆਂ ਵਿੱਚ, ਇਸ਼ਨਾਨ ਤੋਂ ਬਗੈਰ ਪਹੁੰਚਿਆ। ਸਤਿਗੁਰ ਜੀ ਨੇ ਬਾਜ਼ ਬਾਬਤ ਪੁੱਛਿਆ। ਬਾਜ਼ ਉਸ ਦੇ ਘਰ ਵਿੱਚ ਹੈ ਸੀ। ਪੈਂਦਾ ਸਭ ਜਾਣਦਾ ਸੀ। ਤਿੰਨ ਵਾਰ, ਸਤਿਗੁਰ ਜੀ ਦੇ ਚਰਨ ਛੂਹ ਕੇ ਸਹੁੰ ਖਾਧੀ, ਮੇਰੇ ਕੋਲ ਨਹੀਂ ਹੈ। ਸਤਿਗੁਰ ਜੀ ਨੇ ਬਿਧੀ ਚੰਦ ਨੂੰ, ਕੰਨ ਵਿੱਚ ਕੁਝ ਹੁਕਮ ਕੀਤਾ। ਉਹ ਉਥੋਂ ਉੱਠਿਆ, ਸਿੱਧਿਆਂ ਪੈਂਦੇ ਘਰ ਗਿਆ। ਗਰਮੀ ਦੀ ਰੁੱਤ ਸੀ, ਦੁਪਹਿਰ ਦਾ ਸਮਾਂ। ਘਰ ਵਿੱਚ ਪੈਂਦੇ ਦੀ ਘਰ ਵਾਲੀ ਇੱਕ ਕਮਰੇ ਵਿੱਚ ਸੁੱਤੀ ਸੀ। ਦੂਜਾ ਚੌਬਾਰਾ, ਧੀ-ਜਵਾਈ ਦਾ ਹੈ ਸੀ। ਇੱਕ ਕਮਰੇ ਵਿੱਚ ਜਵਾਈ ਰੇਸ਼ਮੀ ਪੋਸ਼ਾਕਾ ਲਾਹ ਕੇ ਸੁੱਤਾ ਪਿਆ ਸੀ। ਪਿੰਜਰੇ ਵਿੱਚ ਬਾਜ਼ ਕੈਦ ਸੀ। ਬਿਧੀ ਚੰਦ ਉਹ ਪੋਸ਼ਾਕਾ ਅਤੇ ਬਾਜ਼ ਲੈ ਕੇ, ਗੁਰੂ ਚਰਨਾਂ ਵਿੱਚ ਲਿਆ ਹਾਜ਼ਰ ਕੀਤਾ। ਸਤਿਗੁਰ ਜੀ ਨੇ ਰੋਸ ਵਿੱਚ ਭਰ ਕੇ, ਪੈਂਦੇ ਨੂੰ ਜ਼ੋਰ ਦੀ ਲੱਤ ਮਾਰੀ। ਆਪ ਇੱਕ ਪਾਸੇ ਡਿੱਗਾ, ਪੱਗੜੀ ਦੂਏ ਪਾਸੇ। ਅਕਿਰਤਘਨ, ਧੋਖੇਬਾਜ਼, ਸਤਿਗੁਰਾਂ ਬਹੁਤ ਲਾਹਨਤਾਂ ਪਾਈਆਂ, ਧੱਕੇ ਮਾਰ ਕੇ ਬਾਹਰ ਕੱਢ ਦੇਣ ਦਾ ਹੁਕਮ ਕੀਤਾ। ਪੈਂਦੇ ਨੇ ਬਦਲਾ ਲੈਣ ਲਈ, ਰਿਸ਼ਤੇ ਵਿੱਚ ਭਾਈ, ਚਾਚੇ ਦਾ ਪੁੱਤ ਕੁਤਬ ਖਾਂ ਕੋਲ ਜਲੰਧਰ ਗਿਆ। ਉਸ ਨੂੰ ਨਾਲ ਲੈ ਕੇ ਸੂਬਾ ਲਾਹੌਰ ਤੇ ਫਿਰ ਸ਼ਾਹਜਹਾਂ, ਦਿੱਲੀ ਜਾ ਮੁਲਾਕਾਤ ਕੀਤੀ। "ਗੁਰੂ" ਨੂੰ ਜੀਉਂਦਿਆਂ ਫੜ ਕੇ, ਬਾਦਸ਼ਾਹ ਕੋਲ ਹਾਜ਼ਰ ਕਰਨ ਦਾ ਵਾਅਦਾ ਕੀਤਾ। ਪੰਜਾਹ ਹਜ਼ਾਰ ਫੌਜ, ਸੂਬਾ ਲਾਹੌਰ, ਸੂਬਾ ਜਲੰਧਰ ਕੁਤਬ ਖਾਂ, ਕਾਲੇ ਖਾਂ ਆਦਿ ਯੋਧਿਆਂ ਨਾਲ, ਕਰਤਾਰਪੁਰ ਪੁੱਜਾ। ਬਹੁਤ ਗਹਿਗੱਚ ਜੰਗ ਹੋਈ। ਬਹੁਤੀ ਮੁਗਲ ਫੌਜ ਮਾਰੀ ਗਈ... ਸਿੱਖ ਯੋਧੇ ਵੀ ਕਈ ਸ਼ਹੀਦ ਹੋਏ। ਜੰਗ ਦੇ ਤੀਸਰੇ ਦਿਨ, ਸਤਿਗੁਰ ਜੀ ਸਾਹਮਣੇ ਘੋੜੇ 'ਤੇ ਆ ਖਲੋਤੇ। ਪੈਂਦੇ ਖਾਂ ਵੀ ਸਤਿਗੁਰਾਂ ਵੱਲੋਂ ਮਿਲਿਆ ਅਰਬੀ ਘੋੜਾ, ਜਿਸ ਦਾ ਨਾਂ ਸਤਿਗੁਰਾਂ ਨੇ "ਵਰੋਲਾ" ਰਖਿਆ ਸੀ, ਵਾਹ ਵਰੋਲੇ ਵਾਂਗ ਦੌੜਨ ਵਾਲਾ, ਤੇ ਚੜ੍ਹ

ਸਾਹਮਣੇ ਹੋਇਆ। ਸਤਿਗੁਰਾਂ ਨੇ ਬਚਨ ਕੀਤਾ, ਪੈਂਦਿਆ, ਫੇਰ ਨਾ ਕਹੀਂ, ਵਾਰ ਕਰਨ ਦਾ ਮੌਕਾ ਨਾ ਮਿਲਿਆ। ਪਹਿਲਾਂ ਤੂੰ ਵਾਰ ਕਰ। ਪੈਂਦੇ ਨੇ ਪੂਰੇ ਜ਼ੋਰ ਨਾਲ ਦੋ-ਧਾਰੀ ਖੜਗ ਨਾਲ, ਸਤਿਗੁਰਾਂ ’ਤੇ ਵਾਰ ਕੀਤੇ। ਸਤਿਗੁਰ ਜੀ ਬਚਾ ਗਏ। ਪੈਂਦੇ ਨੂੰ ਬਾਹਾਂ ਦੇ ਜ਼ੋਰ ’ਤੇ ਬਹੁਤ ਮਾਣ ਸੀ। ਕਹਿੰਦਾ ਹਾਥੀ ਫੜ ਲਵਾਂ ਤਾਂ ਹੱਥੋਂ ਛੁੱਟ ਨਹੀਂ ਸਕਦਾ। ਸਤਿਗੁਰ ਜੀ ਨੂੰ ਫੜਨ ਲਈ ਘੋੜੇ ਤੋਂ ਉਤਰ ਗਿਆ। ਘੋੜਾ ਫੜ ਕੇ ਪਲਟਾਉਣਾ ਚਾਹੁੰਦਾ ਸੀ। ਥੱਲੇ ਡੇਗ ਕੇ ਫਿਰ, “ਗੁਰੂ” ਨੂੰ ਫੜ ਲਵਾਂਗਾ। ਪੈਂਦੇ ਸਾਰਾ ਜ਼ੋਰ ਲਾ ਲਿਆ, ਸਤਿਗੁਰਾਂ ਦਾ ਘੋੜਾ ਰਤਾ ਹਿਲਾ ਵੀ ਨਾ ਸਕਿਆ। ਫਿਰ ਸਤਿਗੁਰਾਂ ਕਿਹਾ, ਲੈ ਪੈਂਦਿਆ ਹੁਣ ਸਾਡੀ ਵਾਰੀ ਸਾਂਭ। ਹੱਥ ਦਾ ਤੇਗਾ ਮਾਰਿਆ, ਪੈਂਦਾ ਦੋ ਫਾੜ ਹੋ ਧਰਤੀ ’ਤੇ ਡਿੱਗ ਪਿਆ। ਸਤਿਗੁਰ ਜੀ ਫਿਰ ਦਇਆ ਦੇ ਘਰ ਵਿੱਚ ਆਏ। ਓਏ ਪੈਂਦਿਆ, ਤੈਨੂੰ ਮੈਂ ਆਪਣੇ ਬੱਚਿਆਂ ਵਾਂਗ ਪਿਆਰ ਕੀਤਾ ਹੈ। ਹੁਣ ਆਪਣੇ ਇਸਲਾਮ ਧਰਮ ਅਨੁਸਾਰ, ਕਲਮਾ ਪੜ੍ਹ। ਪੈਂਦੇ ਜਿਵੇਂ-ਤਿਵੇਂ ਹੱਥ ਜੋੜ ਲਏ, “ਮੇਰੇ ਸਤਿਗੁਰ! ਮੈਂ ਅਹੰਕਾਰ ਦੇ ਅਧੀਨ ਹੋ ਗਿਆ। ਹੁਣ ਤਾਂ ਤੁਹਾਡੀ ਇਹ ਤੇਗ ਹੀ ਮੇਰਾ ਕਲਮਾ ਹੈ। ਇਸ ਨੇ ਮੈਨੂੰ ਮੁਕਤ ਕਰ ਦਿੱਤਾ ਹੈ। ਮੇਰੀ ਭੁੱਲ ਬਖਸ਼ ਦਿਉ... ਔਰ ਸਵਾਸ ਟੁੱਟ ਗਏ। “ਅਹਮ” ਦੇਹ ਨਾਲ ਜੁੜੀ ਹੁੰਦੀ ਹੈ ਔਰ ਦੇਹ, ਦੁਨੀਆਂ ਤੇ ਕਾਬਜ ਹੋਣਾ ਲੋਚਦੀ ਹੈ। ਇਹ ਬਾਹਰਲੀ ਭੱਜ ਦੌੜ, ਦਰੱਖ਼ਤ ਨੂੰ ਜੜ੍ਹਾਂ ਤੋਂ ਉਖੇੜ ਦਿੰਦੀ ਹੈ।

ਪਾਤਸ਼ਾਹ ਕਹਿੰਦੇ ਹਨ, ਇਹ “ਅਹ2ਕਾਰ” ਮਿੱਤਰਾਂ, ਸੱਜਣਾਂ ਤੋਂ ਤੋੜਦੀ ਹੈ... ਦੁਸ਼ਮਨਾਂ ਦੀ ਕਤਾਰ ਬਣੌਂਦੀ ਹੈ। ਸੱਜਣ ਵੀ ਦੁਸ਼ਮਨ ਜਾਪਦੇ ਹਨ। ਤਕਰੀਬਨ 800 ਸਾਲ ਪਹਿਲਾਂ, ਇਸਲਾਮ ਵਿੱਚ ਵੀ ਮਤਭੇਦੀ ਸ਼ਾਖਾਵਾਂ ਨਿਕਲ ਰਹੀਆਂ ਸਨ। ਸ਼ੀਆ-ਸੁੰਨੀ ਦੇ ਝਗੜੇ ਆਰੰਭ ਹੋ ਚੁੱਕੇ ਸਨ। ਮੁਹੰਮਦ ਸਾਹਿਬ ਦੇ ਪੈਰੋਕਾਰ ਵੰਡੇ ਜਾ ਰਹੇ ਸਨ। ਵੱਡੇ-ਵੱਡੇ ਅਮੀਰ ਖ਼ਲੀਫਾ, ਕਾਜ਼ੀ, ਮੁੱਲਾਂ, ਮੌਲਵੀ, ਸ਼ੇਖ ਟੁੱਟ ਰਹੇ ਸਨ... ਇੱਕ ਦੂਏ ਨੂੰ ਦੁਸ਼ਮਨ ਘੋਸ਼ਿਤ ਕਰ ਰਹੇ ਸਨ। ਸ਼ੇਖ ਸਾਅਦੀ, ਫਿਰਕਿਆਂ ਤੋਂ ਉੱਪਰ ਦੀ ਸੋਚ ਰੱਖਦਾ ਸੀ। “ਗੁਲਿਸਤਾਂ” ਵਿੱਚ ਕੌਮੀ ਦਰਦ ਨੂੰ ਪ੍ਰਗਟ ਕੀਤਾ—

“ਸੁਣੀ ਦਮ ਕਿ ਰਾਹੇ ਮਰਦਾਨੇ ਖੁਦਾ, ਦਿਲੇ ਦੁਸ਼ਮਨੇ ਨ ਕਰਦੰਦ ਤੰਗ॥
ਤੁੱਰਾ ਕਿ ਮਯੱਸਰ ਯੇ ਹਾਲੇ ਮਕਾਂ, ਕਿੰਵਾ ਦੋਸਤਾਨੇ ਖਿਲਾਫਸਤੇ ਜੰਗ॥”

ਸੁਣਿਆ ਹੈ ਕਿ ਧਰਮੀ ਇਨਸਾਨ, ਦੁਸ਼ਮਨਾਂ ਨੂੰ ਵੀ ਦੁਖੀ ਨਹੀਂ ਕਰਦਾ। ਅੱਜ ਹਾਲਾਤ ਇਵੇਂ ਦੇ ਹਨ, ਕਿ ਅਸੀਂ ਆਪਣੇ ਸੱਜਣਾਂ-ਮਿੱਤਰਾਂ ਦੇ ਖ਼ਿਲਾਫ਼ ਵੀ ਜੰਗ ਦਾ ਐਲਾਨ ਕਰ ਰਹੇ ਹਾਂ।

ਤਾਂ ਪਾਤਸ਼ਾਹ ਕਹਿੰਦੇ ਹਨ, ਹਿਰਦੈ ਵਿੱਚ ਅਹੰਕਾਰ ਨਾ ਰਹੇ ਤਾਂ ਨਿਰੰਕਾਰ ਪ੍ਰਗਟ ਹੁੰਦਾ ਹੈ।

# ਸਾਹਿਬ ਹੋਇ ਦਇਆਲ

ਸੇਵਾ ਦੇ ਦੋ ਪ੍ਰਕਲਪ ਹੁੰਦੇ ਹਨ—

ਕਾਮਨਾ ਅਧੀਨ ਕੀਤੀ ਹੋਈ ਸੇਵਾ ਅਤੇ ਦੂਜੀ, ਕਾਮਨਾ ਤੋਂ ਰਹਿਤ ਨਿਸ਼ਕਾਮ ਸੇਵਾ। ਕੋਈ ਮੰਦਰ, ਕੋਈ ਗੁਰਦੁਆਰਾ ਬਣ ਰਿਹਾ ਹੈ। ਨਿਰਮਾਣ ਕਾਰਜ ਚੱਲ ਰਿਹਾ ਹੈ। ਦੋ ਤਰ੍ਹਾਂ ਦੇ ਲੋਕ ਨਿਰਮਾਣ ਕਾਰਜ ਵਿੱਚ ਲੱਗੇ ਹਨ—

ਇੱਕ ਦਿਹਾੜੀਦਾਰ ਮਜ਼ਦੂਰ ਹੈ। ਉਸ ਤੋਂ ਪੁੱਛਿਆ—

ਭਾਈ ਤੂੰ ਕੀ ਕਰ ਰਿਹਾ ਹੈਂ ?

ਪੱਥਰਾਂ ਨੂੰ ਹਥੋੜੇ ਨਾਲ ਤੋੜ ਰਿਹਾ ਮਜ਼ਦੂਰ, ਥੋੜ੍ਹਾ ਚਿੜ੍ਹਿਆ ਹੋਇਆ, ਬੇਮਨ ਨਾਲ ਜਵਾਬ ਦਿੰਦਾ ਹੈ—ਵੇਖਦਾ ਨਹੀਂ... ਕਿਸਮਤ ਦੀਆਂ ਮਾੜੀਆਂ ਲਕੀਰਾਂ ਨੂੰ ਤੋੜ ਰਿਹਾਂ। ਦੂਜਾ ਸੱਜਣ, ਕਾਰਸੇਵਕ ਹੈ। ਕਾਮਨਾ ਤੋਂ ਰਹਿਤ ਹੋ ਕੇ, ਚਾਅ ਨਾਲ ਸੇਵਾ ਕਰ ਰਿਹਾ ਹੈ। ਉਸ ਤੋਂ ਵੀ ਪੁੱਛਿਆ, "ਭਾਈ ਤੂੰ ਕੀ ਕਰ ਰਿਹਾ ਹੈਂ ? ਉਤਸ਼ਾਹ ਨਾਲ ਭਰਿਆ ਸੇਵਕ ਬੋਲਿਆ—"ਮੈਂ ਆਪਣੇ ਸਤਿਗੁਰ ਦਾ ਘਰ ਬਣਾ ਰਿਹਾ ਹਾਂ। ਇੱਥੇ ਮੇਰੇ ਸਤਿਗੁਰ ਬਿਰਜਾਨਗੇ। ਗੁਰੂ ਦੀ ਪਿਆਰੀ ਸੰਗਤ ਜੁੜੇਗੀ, ਸਿਮਰਨ, ਸੇਵਾ, ਕੀਰਤਨ ਦਾ ਪ੍ਰਵਾਹ ਚਲੇਗਾ। ਜਿਸ 'ਤੇ ਸਾਹਿਬ ਦਇਆਲ ਹੋ ਜਾਏ, ਤਾਂ ਉਸ ਤੋਂ ਸੇਵਾ ਕਰੌਂਦਾ ਹੈ। ਸੇਵਾ ਤਾਂ ਉਹੀ ਕਰੇਗਾ, ਜਿਸ ਨੇ ਗੁਰੂ ਦਾ ਹੁਕਮ ਮੰਨਿਆ ਹੈ—ਤਾਂ, ਗੁਰੂ ਨਾਨਕ ਪਾਤਸ਼ਾਹ, ਆਸਾ ਰਾਗ ਵਿੱਚ ਸੇਵਾ ਦੇ ਸੰਦਰਭ ਵਿੱਚ ਕਹਿੰਦੇ ਹਨ—

"ਸਾਹਿਬ ਹੋਇ ਦਇਆਲ ਤਾ ਸਾਈ ਕਾਰ ਕਰਾਇਸੀ॥
ਸੋ ਸੇਵਕ ਸੇਵਾ ਕਰੇ ਜਿਸ ਨੋ ਹੁਕਮ ਮਨਾਇਸੀ॥" (ਆਸਾ ਕੀ ਵਾਰ)

ਮਨੁੱਖ ਦੇ ਮਨ ਵਿੱਚ, ਹਰ ਖਿਨ ਇੱਛਾ ਤਰੰਗਾਂ ਉੱਠਦੀਆਂ ਰਹਿੰਦੀਆਂ ਹਨ। ਮਨੋਦਸ਼ਾ ਹਰ ਖਿਨ ਤਬਦੀਲ ਹੁੰਦੀਆਂ ਰਹਿੰਦੀਆਂ ਹਨ। ਸਾਹਿਬ ਦੇ, ਸਤਿਗੁਰ ਦੇ ਹੁਕਮ ਵਿੱਚ ਰਹਿੰਦੇ ਹੋਏ, ਸਿੱਖ ਦੀਆਂ ਉੱਠ ਰਹੀਆਂ ਮਨੋਦਿਸ਼ਾਵਾਂ, ਆਪਸ ਵਿੱਚ ਇੱਕ ਸੁਰ ਵਿੱਚ, ਇੱਕ ਕ੍ਰਮ ਵਿੱਚ ਹੁੰਦੀਆਂ ਹਨ। ਇੱਕ ਸਿਲਸਿਲਾ ਹੈ। ਸਤਿਗੁਰ ਕਹਿੰਦੇ ਹਨ—

"ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ"

ਹੁਕਮ ਨੂੰ ਮੰਨਣਾ, ਸਾਹਿਬ ਦੇ ਦਰ 'ਤੇ ਪਰਵਾਣ ਹੋਣਾ ਅਤੇ—

ਫਿਰ ਖਸਮ ਦਾ ਮਹਲ ਪ੍ਰਾਪਤ ਹੋਣਾ। ਸੇਵਕ ਦੇ ਭਾਵ ਤੋਂ ਯਾਤਰਾ ਆਰੰਭ ਹੋਈ, ਸਾਹਿਬ ਦੇ ਮਹਲ ਦਾ ਅਧਿਕਾਰੀ ਬਣ ਕੇ ਮੁਕਾਮ 'ਤੇ ਪਹੁੰਚੀ।

ਮਨੋਵਿਗਿਆਨ ਕਹਿੰਦਾ ਹੈ ਕਿ ਬਗੈਰ ਕਾਮਨਾ ਦੇ ਕੋਈ ਕੰਮ ਹੋ ਹੀ ਨਹੀਂ ਸਕਦਾ। "ਨਿਸ਼ਕਾਮ ਕਰਮ" ਤਾਂ ਹੋ ਸਕਦਾ ਹੈ, ਇਸ ਦਾ ਅਰਥ ਵੀ ਹੈ ਪਰ

"ਅਕਰਮ" ਦਾ ਕੋਈ ਅਰਥ ਨਹੀਂ। ਜਿਵੇਂ ਦਿਮਾਗੀ ਸੰਤੁਲਨਹੀਨਤਾ ਦੀ ਹਾਲਤ ਵਿੱਚ ਕੋਈ ਵਿਅਕਤੀ ਫ਼ਿਜ਼ੂਲ ਦੀ ਤੋੜ-ਭੰਨ ਕਰਦਾ ਹੈ। ਉਹ ਸਿਰਜਨ ਨਹੀਂ ਹੈ, ਅਕਰਮ, ਚੇਤਨਹੀਨਤਾ ਦੀ ਸਥਿਤੀ ਹੁੰਦੀ ਹੈ। ਤਾਂ ਸਤਿਗੁਰ ਕਹਿੰਦੇ ਹਨ, "ਸੋਈ ਕਾਜ ਕਰਾਉ ਜੋ ਆਪ ਜੀ ਨੂੰ ਭਾਵੈ।"

"ਜੋ ਤੁਧੁ ਭਾਵੈ ਸਾਈ ਭਲੀ ਕਾਰ॥"

ਮੇਰੇ ਸਤਿਗੁਰੂ ਦੀ ਜ਼ੁਬਾਨ ਤੋਂ ਜੋ ਲਫ਼ਜ਼ ਨਿਕਲੇ, ਮੇਰੇ ਲਈ ਉਹ, ਅਕਾਲ ਪੁਰਖ ਦਾ ਹੁਕਮ ਹੈ। ਇਰਸ਼ਾਦ ਕਾਮਿਲ ਕਹਿੰਦਾ ਹੈ :

ਮੁਝੇ ਕਿਆ ਸਮਝ ਥੀ ਕਯਾਮ ਸੇ। ਮੁਝੇ ਕਿਆ ਗਰਜ਼ ਥੀ ਉਜ਼ੂ ਸੇ।
ਤੇਰੇ ਕਦਮੇ ਪਾਕ ਕੀ ਤਲਾਸ਼ ਥੀ, ਜੋ ਝੁਕਾ ਰਹਾ ਨਿਮਾਜ਼ ਮੇਂ।

ਹੇ ਮੇਰੇ ਮੁਸਤਫ਼ਾ, ਮੇਰੇ ਲਈ ਤੇਰਾ ਹੁਕਮ, ਨਬੀ ਰਸੂਲ ਦਾ ਹੁਕਮ ਹੈ। ਮੈਨੂੰ ਨਮਾਜ਼ ਦੀ ਸਮਝ ਨਹੀਂ, ਮੈਨੂੰ ਉਜ਼ੂ ਦੀ, ਪੰਜ ਇਸ਼ਨਾਨੇ ਦੀ ਕੋਈ ਲੋੜ ਨਹੀਂ ਸੀ। ਇਹ ਤਾਂ ਤੇਰੇ ਪਵਿੱਤਰ ਦਰਸ਼ਨਾਂ ਦੀ ਤਲਾਸ਼ ਸੀ, ਜਿਸ ਕਰਕੇ ਨਮਾਜ਼ ਵਿੱਚ ਝੁਕਿਆ ਰਿਹਾ।

ਸੇਵਾ ਦਾ ਅਰਥ ਹੈ, ਮੈਂ ਕੁਝ ਕਰਨ ਯੋਗ ਨਹੀਂ—"ਤੂੰ ਕਰਤਾ ਕਰਣਾ ਮੈ ਨਾਹੀ ਜਾ ਹਉ ਕਰੀ ਨਾ ਹੋਈ॥

ਮੈਂ ਤਾਂ ਇੱਕ ਨਿਮਿਤ ਹਾਂ, ਇੱਕ ਬਹਾਨਾ ਹਾਂ। ਕੰਮ ਤਾਂ ਤੁਸੀਂ ਕਰਵਾ ਰਹੇ ਹੋ। ਇੱਕ ਸਿੱਖ ਦਾ ਇਹ ਸਮਰਪਣ ਦਾ ਭਾਵ ਹੈ। ਗੁਰੂ ਪ੍ਰਤੀ ਸਮਰਪਿਤ ਹੋਇਆ ਤਾਂ ਸੇਵਾ ਪਰਵਾਨ ਹੋਈ।

ਭਾਈ ਸਾਹਿਬ, ਭਾਈ ਮਨਸਾ ਸਿੰਘ ਜੀ, ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਸਨ। ਇਤਨਾ ਸਮਰਪਿਤ ਹੋ ਕੇ, ਇਤਨਾ ਭਿੱਜ ਕੇ ਗੁਰਬਾਣੀ ਗਾਇਨ ਕਰਦੇ, ਸੰਗਤਾਂ ਮੰਤਰ-ਮੁਗਧ ਹੋ ਜਾਂਦੀਆਂ। ਇੱਕ ਵਾਰ, ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ, ਕਿਸੇ ਮਿਸ਼ਨ 'ਤੇ ਜਾਣ ਤੋਂ ਪਹਿਲਾਂ, ਸ੍ਰੀ ਦਰਬਾਰ ਸਾਹਿਬ ਮੱਥਾ ਟੇਕਣ ਆਏ। ਸੰਜੋਗ ਨਾਲ ਉਸ ਵੇਲੇ, ਭਾਈ ਮਨਸਾ ਸਿੰਘ ਸ਼ਬਦ ਗਾਇਨ ਕਰ ਰਹੇ ਸਨ। ਰਸ ਭਿੰਨਾ ਕੀਰਤਨ ਸੁਣਦੇ ਰਹੇ, ਹਿਰਦਾ ਪ੍ਰਫੁੱਲਿਤ ਹੋ ਗਿਆ। ਭੋਗ ਪਿਆ। ਭਾਈ ਜੀ ਦੇ ਡੇਰੇ ਜਾ ਕੇ ਨਿਮਰਤਾ ਸਹਿਤ ਅਰਜ਼ ਕੀਤੀ, ਤੁਹਾਡਾ, ਗੁਰਬਾਣੀ ਕੀਰਤਨ ਸੁਣਿਆ, ਮਨ ਬਾਗ਼-ਬਾਗ਼ ਹੋ ਗਿਆ। ਇਤਨਾ ਆਨੰਦਮਈ ਕੀਰਤਨ ਸ੍ਵਣ ਦਾ ਸੁਭਾਗ ਪਹਿਲਾਂ ਕਦੇ ਨਹੀਂ ਪ੍ਰਾਪਤ ਹੋਇਆ। ਮੇਰੀ ਬੇਨਤੀ ਪਰਵਾਨ ਕਰੋ, ਇੱਕ ਦਿਨ, ਲਾਹੌਰ ਦਰਬਾਰ ਵਿੱਚ ਆ ਕੇ ਕੀਰਤਨ ਕਰੋ। ਕੀਰਤਨ ਦੀ ਸੇਵਾ ਭੇਟ, ਜੋ ਵੀ ਹੁਕਮ ਕਰੋਗੇ, ਮੈਂ ਦਿਆਂਗਾ।

"ਰਣਜੀਤ ਸਿੰਘ"—ਭਾਈ ਮਨਸਾ ਸਿੰਘ ਨੇ, ਗੁਰੂ ਦੀ ਕੀਰਤਨ ਸੇਵਾ ਵਿੱਚ ਸਮਰਪਿਤ ਸੇਵਾਦਾਰ ਨੇ ਕਿਹਾ, ਮੈਂ ਉਸ ਲਈ ਗਾਉਂਦਾ ਹਾਂ, ਜੋ ਰਾਜਿਆਂ ਨੂੰ ਬਣੌਨ ਵਾਲਾ ਹੈ। ਮੇਰਾ ਸਤਿਗੁਰ ਰਾਜਿਆਂ ਦਾ ਰਾਜਾ ਹੈ, ਮੈਂ ਉਸ ਸਾਹਿਬ ਦੀ ਸੇਵਾ ਵਿੱਚ ਹਾਂ। ਜਿਸ ਨੇ ਗੁਰਬਾਣੀ ਕੀਰਤਨ ਸੁਣਨਾ ਹੋਵੇ, ਉਹ ਸ੍ਰੀ ਦਰਬਾਰ ਸਾਹਿਬ

ਆ ਕੇ, ਗੁਰੂ ਦੇ ਹਜ਼ੂਰ ਨਤਮਸਤਕ ਹੋਵੇ... ਗੁਰਬਾਣੀ ਕੀਰਤਨ ਸ੍ਰਵਣ ਕਰੇ। ਮੈਨੂੰ ਕਿਸੇ ਮਹਿਲ ਵਿੱਚ ਜਾ ਕੇ ਗਾਉਣ ਦੀ ਲੋੜ ਨਹੀਂ।" ਮਹਾਰਾਜਾ ਰਣਜੀਤ ਸਿੰਘ, ਜਿਸ ਦਾ ਖਾਲਸਾ ਰਾਜ, ਯਮੁਨਾ ਤੋਂ ਲੈ ਕੇ ਸਤਿਲੁਜ, ਬਿਆਸ, ਰਾਵੀ, ਜੇਲ੍ਹਮ, ਝਨਾਅ ਤੋਂ ਵੀ ਅੱਗੇ ਅਟਕ ਦਰਿਆਉ ਪਾਰ ਤੱਕ ਫੈਲਿਆ ਹੋਵੇ। ਜਿਸ ਦੀ ਉਦਾਰਤਾ ਅਤੇ ਦਾਨਸ਼ੀਲਤਾ ਦੀਆਂ ਸਾਖੀਆਂ, ਦੂਰ-ਦੂਰ ਤੱਕ ਲੋਕ ਗੀਤਾਂ ਵਿੱਚ ਸ਼ਾਮਲ ਹੋ ਚੁੱਕੀਆਂ ਸਨ, ਉਸ ਸ਼ੇਰੇ ਪੰਜਾਬ ਨੂੰ, ਭਾਈ ਮਨਸਾ ਸਿੰਘ ਕਹਿੰਦੇ ਹਨ, "ਮੈਂ ਮਾਤਰ ਆਪਣੇ ਗੁਰੂ ਲਈ ਗਾਉਂਦਾ ਹਾਂ।"

"ਸੋ ਸੇਵਕੁ ਸੇਵਾ ਕਰੇ ਜਿਸਨੋ ਹੁਕਮ ਮਨਾਇਸੀ॥"

ਇੱਕ ਸਿੱਖ ਲਈ, ਗੁਰੂ ਦੇ ਸੱਚੇ ਸੇਵਾਦਾਰ ਲਈ, ਉਸ ਦਾ ਗੁਰੂ ਸ੍ਰਿਸ਼ਟੀ ਦਾ ਸਾਹਿਬ ਹੈ। ਇੱਕ ਗੁਰੂ ਪਿਆਰੇ ਸਿੱਖ ਨੂੰ ਦਰਗਾਹ ਦੇ ਮਹੱਲ ਉਡੀਕਦੇ ਹਨ।

ਸ੍ਰੀ ਸਤਿਗੁਰ ਪ੍ਰਤਾਪ ਸਿੰਘ ਜੀ ਸਮੇਂ, ਮਾਸਟਰ ਸੁਹਾਵਾ ਸਿੰਘ ਜੀ, ਇਵੇਂ ਦੇ ਹੀ ਸੇਵਾਦਾਰ ਹੈ ਸਨ। ਸਿੱਖਿਆ ਵਿਦ ਹੈ ਸਨ। ਬੱਚਿਆਂ ਨੂੰ ਸਕੂਲੀ ਸਿੱਖਿਆ ਦੇ ਨਾਲ-ਨਾਲ ਖੇਡਾਂ, ਸੰਗੀਤ ਦੀ ਵੀ ਸਿੱਖਿਆ ਦਿੰਦੇ। ਸ੍ਰੀ ਭੈਣੀ ਸਾਹਿਬ ਹੈ ਸਨ, ਇੱਕ ਵਾਰ, ਸਤਿਗੁਰ ਅੱਗੇ, ਕੁਝ ਦਿਨ ਮੰਡੀ, ਹਿਮਾਚਲ ਪ੍ਰਵਾਸ ਦੀ ਆਗਿਆ ਮੰਗੀ। ਹੁਕਮ ਹੋਇਆ, ਜਾਉ... ਜਿੱਥੇ ਵੀ ਜਾਉਗੇ, ਨਾਮਧਾਰੀ ਸੱਭਿਆਚਾਰ ਅਤੇ ਰਹਿਤ ਮਰਿਆਦਾ ਦਾ ਹੀ ਪ੍ਰਚਾਰ-ਪ੍ਰਸਾਰ ਕਰੋਗੇ।ਮੰਡੀ, ਬੱਚਿਆਂ ਨੂੰ ਸਿੱਖੀ ਸਿੱਖਿਆ ਦੇ ਨਾਲ-ਨਾਲ, ਸਕੂਲੀ ਵਿਦਿਆ ਅਤੇ ਖੇਡਾਂ, ਸੰਗੀਤ ਦਾ ਵੀ ਨਿੱਤ ਅਭਿਆਸ ਕਰੌਂਦੇ।ਸਹਜ, ਨਿਰਮਾਣ ਅਤੇ ਮਿੱਠਬੋਲੜੇ ਸੁਭਾਅ ਕਰ ਕੇ ਬੱਚਿਆਂ ਲਈ, ਪਸੰਸੀਦਾ "ਮਾਸਟਰ ਜੀ" ਹੋ ਗਏ। ਖੁਸ਼ਬੋ ਮੰਡੀ ਦੇ ਰਾਜਾ, ਲੱਛਮਣਸੈਨ ਤੱਕ ਪੁੱਜੀ। ਵਿਸ਼ੇਸ਼ ਅਹਿਲਕਾਰ ਭੇਜ ਕੇ, ਮਾਸਟਰ ਜੀ ਨੂੰ ਰਾਜ ਮਹਿਲ ਦੇ ਬੱਚਿਆਂ ਨੂੰ ਸਿੱਖਿਆ ਦੇਣ ਦੀ ਬੇਨਤੀ ਕੀਤੀ।

"ਹਮ ਚਾਕਰ ਗੋਬਿੰਦ ਕੇ"—ਕਹਿ ਕੇ, ਮਾਸਟਰ ਜੀ ਨੇ ਸਤਿਗੁਰ ਜੀ ਤੋਂ ਆਗਿਆ ਲੈਣ ਲਈ ਵਕਤ ਮੰਗਿਆ। ਹੁਕਮ ਹੋ ਗਿਆ, ਗੁਰਸਿੱਖੀ ਸਿੱਖਿਆ ਅਤੇ ਮਰਿਆਦਾ ਦਾ ਆਦਰਸ਼, ਰਾਜ ਮਹੱਲ ਤੱਕ ਪਹੁੰਚੇ। ਜਾਉ, ਸਿੱਖਿਆ ਦਿਓ। ਮਾਸਟਰ ਜੀ ਸਿੱਖਿਆ ਦੇਣ ਲੱਗੇ। ਰਾਜ ਕੁਮਾਰ, ਪਹਿਲਾਂ ਤੋਂ ਵੱਧ ਅਨੁਸ਼ਾਸਤ, ਸੱਭਿਆ ਅਤੇ ਸਦਾਚਾਰੀ ਬਣ ਰਹੇ ਸਨ। ਵੇਖ ਕੇ ਰਾਜਾ ਲਛਮਣਸੈਨ ਬਹੁਤ ਖੁਸ਼ ਹੈ ਸੀ।

ਰਾਜੇ ਦਾ ਜਨਮ ਦਿਨ ਆਇਆ। ਰਾਜ ਮਹਿਲ ਵਿੱਚ ਜਸ਼ਨ ਦਾ ਮਾਹੌਲ ਸੀ। ਕਈ ਤਰ੍ਹਾਂ ਦੇ ਫੁੱਲਾਂ ਦੀ ਸਜਾਵਟ ਅਤੇ ਪਕਵਾਨਾਂ ਦਾ, ਰਾਜ ਦਰਬਾਰੀ ਆਨੰਦ ਲੈ ਰਹੇ ਸਨ। ਮਾਸਟਰ ਜੀ ਨੂੰ ਵੀ ਬਹੁਤਾ ਜਿਹਾ ਰਾਸ਼ਨ—ਘਿਉ, ਖੰਡ, ਆਟਾ-ਮੈਦਾ ਭੇਜਿਆ ਤੇ ਅਰਜ਼ ਵੀ ਕੀਤੀ, ਆਪਣਿਆਂ ਸਿੱਖਾਂ ਨੂੰ ਖੁੱਲ੍ਹੇ ਗੱਫੇ ਵੰਡੋ। ਸਮੱਗਰੀ ਦੇ ਨਾਲ, ਮਾਇਆ ਵੀ ਲੋੜੋਂ ਵੱਧ ਦਿੱਤੀ। ਸੰਤ ਜੀ ਨੇ ਮਾਇਆ ਦਾ ਵੀ ਹੋਰ ਰਾਸ਼ਨ ਸਮੱਗਰੀ ਖਰੀਦ ਕੇ, ਖੁੱਲ੍ਹਾ ਲੰਗਰ, ਮਹਿਲ ਦੇ ਬਾਹਰ ਤਿਆਰ ਕਰਵਾਇਆ, ਸਥਾਨਕ

ਪਹਾੜੀ ਲਾਂਗਰੀਆਂ ਦੀ ਸਹਾਇਤਾ ਨਾਲ ਅਤੇ ਸਥਾਨਕ ਲੋੜਵੰਦ, ਲੋਕਾਂ ਨੂੰ ਸੱਦਾ ਦੇ ਬੁਲਾਇਆ। ਸਾਰਾ ਲੰਗਰ ਉਨ੍ਹਾਂ ਵਿੱਚ ਵਰਤਾ ਦਿੱਤਾ। ਉਸ ਵੇਲੇ ਮਾਸਟਰ ਜੀ ਦੀ ਤਨਖਾਹ ਪੱਚੀ ਰੁਪਏ ਮਹੀਨਾ ਸੀ। ਪ੍ਰਸ਼ਾਦਾ ਪਾਣੀ ਛੱਕਣ ਮਗਰੋਂ ਵੀ 10-15 ਰੁਪਏ ਹਰ ਮਹੀਨੇ ਬਚਾ ਲੈਂਦੇ। ਉਹ ਕੱਠੀ ਕੀਤੀ ਹੋਈ ਰਕਮ ਨਾਲ, ਸੋਧ ਦਾ ਲੰਗਰ, ਪ੍ਰਸ਼ਾਦੇ, ਦਾਲਾਂ, ਭਾਜਾ, ਕੜਾਹ ਪ੍ਰਸ਼ਾਦ ਬਣਾ ਕੇ ਆਪ ਆਪਣਿਆਂ ਸਿੱਖਾਂ ਨੂੰ ਸੱਦ ਕੇ ਛਕਾਇਆ। ਖ਼ਬਰ ਰਾਜੇ ਨੂੰ ਲੱਗ ਗਈ। ਸੱਦ ਬੁਲਾਇਆ। ਮਾਸਟਰ ਜੀ, ਤੁਸੀਂ ਇਹ ਵੱਖਵਾਦ ਕਿਉਂ ਕੀਤਾ? ਮਾਸਟਰ ਜੀ ਨੇ ਨਿਧੜਕ ਹੋ ਕੇ ਜਵਾਬ ਦਿੱਤਾ—ਰਾਜਾ! ਤੂੰ ਸੱਚ ਸੁਣਨਾ ਚਾਹੁੰਦਾ ਹੈ? ਤਾਂ ਸੁਣ, ਤੇਰੀ ਕਮਾਈ ਪਾਪ ਦੀ ਹੈ। ਤੇਰੇ ਰਾਜ ਵਿੱਚ ਲੜਕੀਆਂ ਵੇਚੀਆਂ ਜਾਂਦੀਆਂ ਹਨ। ਉਸ ਵਾਪਾਰ ਦਾ ਚੌਥਾ ਹਿੱਸਾ, ਟੈਕਸ ਦੇ ਰੂਪ ਵਿੱਚ ਤੇਰੇ ਖਜ਼ਾਨੇ ਵਿੱਚ ਜਾਂਦਾ ਹੈ। ਤੇਰੇ ਕਾਰਿੰਦੇ, ਲੋਕਾਂ ਤੋਂ ਜਬਰਨ ਮਾਮਲੇ ਉਗਰਾਹੁੰਦੇ ਹਨ। ਨੌਕਰੀ ਕਰ ਕੇ ਆਪਣਾ ਮਿਹਨਤਾਨਾ ਤਾਂ ਤੈਥੋਂ ਲੈ ਸਕਦਾ ਹਾਂ। ਪਰ ਤੇਰਾ ਮੁਫ਼ਤ ਵਿੱਚ ਦਿੱਤਾ ਧਨ, ਜਾਂ ਰਾਸ਼ਨ ਨਹੀਂ ਛਕ ਸਕਦਾ। ਦਸਾਂ ਨਹੁੰਆਂ ਦੀ ਕਿਰਤ ਵਾਲਾ ਪ੍ਰਸ਼ਾਦਾ ਹੀ ਸਿੱਖ ਛਕਦਾ ਹੈ, ਇਹੋ ਗੁਰੂ ਦਾ ਹੁਕਮ ਹੈ।

ਹੁਣ, ਇਸੇ ਖਿਨ ਮੈਂ ਤੇਰੇ ਮਹਿਲ ਦੀ ਨੌਕਰੀ ਤੋਂ ਅਸਤੀਫ਼ਾ ਦਿੰਦਾ ਹਾਂ... ਸਿੱਖ ਨੂੰ, ਸਤਿਗੁਰ ਦੇ ਸੇਵਕ ਨੂੰ ਦਰਗਾਹ ਦੇ ਮਹਿਲ ਉਡੀਕਦੇ ਹਨ। ਨਿਧੜਕ ਬੋਲ ਕੇ, ਮਾਸਟਰ ਜੀ ਵਾਪਸ ਆਉਣ ਲਈ ਮੁੜੇ ਤਾਂ ਰਾਜਾ ਸਿੰਘਾਸਨ ਤੋਂ ਉੱਠ ਖਲੋਤਾ। ਠਹਿਰ ਜਾਉ ਮਾਸਟਰ ਜੀ! ਪਹਿਲੀ ਵਾਰ ਕੋਈ ਸਤਿਵਾਦੀ ਨਸੀਬ ਹੋਇਆ ਹੈ। ਤੁਸੀਂ ਸੱਚੇ ਸੁੱਚੇ ਹੋ, ਸਦਾਚਾਰੀ ਹੋ, ਮੈਨੂੰ ਛੱਡ ਕੇ ਨਾ ਜਾਉ। ਮੇਰੀ ਭੁੱਲ ਖਿਮਾ ਕਰੋ। ਮੈਂ ਅੱਗੋਂ ਸਵੱਛ ਰਾਜ ਪ੍ਰਬੰਧ ਦਾ ਯਤਨ ਕਰਾਂਗਾ। ਇਹ ਪ੍ਰਸੰਗ ਸੁਣ, ਸਤਿਗੁਰ ਜੀ ਬਹੁਤ ਪ੍ਰਸੰਨ ਹੋਏ।

ਗੁਰੂ ਦਾ ਸਿੱਖ, ਪੈਲੀਆਂ ਵਿੱਚ ਵਾਹੀ ਕਰਦਾ ਹੋਇਆ, ਨੌਕਰੀ ਕਰਦਾ ਹੋਇਆ, ਹੱਟੀ ਚਲਾਉਂਦਾ ਹੋਇਆ ਹਰ ਥਾਂ, ਗੁਰੂ ਸਿੱਖਿਆ ਨੂੰ ਚੇਤੇ ਵਿੱਚ ਰੱਖਦਾ ਹੈ। ਸੱਚਾ, ਸੁੱਚਾ ਵਿਹਾਰ ਕਰਦਾ ਹੋਇਆ, ਆਪਣੇ ਗੁਰੂ ਪ੍ਰਤੀ ਸਚਿਆਰ ਹੁੰਦਾ ਹੈ।

ਸਤਿਗੁਰ ਬਾਲਕ ਸਿੰਘ ਜੀ ਦਾ ਸਮਾਂ ਸੀ। ਹਜ਼ਰੋ ਵਿੱਚ, ਕਰਿਆਨੇ ਦੀ ਹੱਟੀ ਚਲਾਉਂਦਾ, ਗੁਰੂ ਦਾ ਸਿੱਖ, "ਭਾਈ ਮੋਖਾ" ਰਹਿੰਦਾ ਸੀ। ਇੱਕ ਸਮਾਂ ਆਇਆ, ਹਜ਼ਰੋ ਦਾ ਕੋਤਵਾਲ, ਪਠਾਨ ਬਹੁਤ ਖੂੰਖਾਰ ਅਤੇ ਮਤੱਸਬੀ ਸੀ। ਇਸਲਾਮ ਤੋਂ ਬਗੈਰ ਹੋਰ ਸਾਰੇ ਧਰਮੀ ਕਾਫ਼ਰ ਦਿਸਦੇ ਸਨ। ਹਜ਼ਰੋ ਸ਼ਹਿਰ ਵਿੱਚ ਡੁਗਡੁਗੀ ਪਿਟਵਾ ਕੇ ਐਲਾਨ ਕਰਵਾਇਆ। ਹਜ਼ਰੋਂ ਦੇ ਇਲਾਕੇ ਵਿੱਚ ਕਾਫ਼ਰ ਮਤਿ ਦਾ ਪ੍ਰਚਾਰ ਕਰਦੇ ਹੋਏ "ਬਾਲਕ ਸਿੰਘ" ਨੂੰ ਜਿਹੜਾ ਗੁਰੂ ਮੰਨੇਗਾ, ਉਨ੍ਹਾਂ ਦੇ ਡੇਰੇ ਜਾਏਗਾ, ਉਸ ਨੂੰ ਦੀਨ ਦੇ ਖਿਲਾਫ਼ ਪ੍ਰਚਾਰ ਕਰਨ ਦੇ ਅਪਰਾਧ ਵਜੋਂ ਗ੍ਰਿਫ਼ਤਾਰ ਕਰਕੇ ਯੋਗ ਸਜ਼ਾਵਾਂ ਦਿੱਤੀਆਂ ਜਾਣਗੀਆਂ। ਥਾਣੇ ਤੋਂ ਪੁਲਿਸ ਮੁਲਾਜ਼ਮ ਵੱਖ-ਵੱਖ ਇਲਾਕਿਆਂ ਵਿੱਚ ਤਫ਼ਤੀਸ਼ ਤੇ ਸਿੱਖ ਦੀ ਸ਼ਿਨਾਖ਼ਤ ਕਰਨ ਲਈ ਨਿਕਲੇ। ਕਈ ਚੰਗੇ-ਭਲੇ ਲੋਕ ਵੀ

ਮੁਕਰ ਗਏ। ਭਾਈ ਮੋਖੇ ਦੀ ਹੱਟੀ 'ਤੇ ਇੱਕ ਸਿਪਾਹੀ ਆ ਕੇ ਪੁੱਛ-ਗਿੱਛ ਕੀਤੀ, "ਤੂੰ "ਬਾਲਕ ਸਿੰਘ" ਨੂੰ ਤਾਂ ਨਹੀਂ ਮੰਨਦਾ? ਨਿਮਰਤਾ ਸਹਿਤ ਭਾਈ ਮੋਖਾ ਬੋਲਿਆ, ਸਤਿਗੁਰ ਬਾਲਕ ਸਿੰਘ ਆਪ ਰੱਬ ਹੈ। ਮੈਂ ਰੱਬ ਤੋਂ ਕਿਵੇਂ ਮੁਨੱਕਰ ਹੋਵਾਂ।

"ਤੁਸੀਂ ਭਲਾ ਇਹ ਦੱਸੋ"—ਭਾਈ ਮੋਖੇ ਨੇ ਕਿਹਾ, "ਜੇ ਤੁਹਾਨੂੰ ਕੋਈ ਕਹੇ, ਆਪਣੇ ਨਬੀ ਰਸੂਲ ਨੂੰ ਮੰਨਣਾ ਛੱਡ ਦਿਉ, ਤਾਂ ਕੀ ਛੱਡ ਦਿਉਗੇ?"

"ਕਤੱਈ ਨਹੀਂ"—ਸਿਪਾਹੀ ਬੋਲਿਆ, "ਭਾਵੇਂ ਸਿਰ ਕਲਮ ਹੋ ਜਾਏ, ਨਬੀ ਰਸੂਲ ਤੋਂ ਮੁਨੱਕਰ ਨਹੀਂ ਹੋ ਸਕਦਾ। ਤਾਂ ਫਿਰ ਮੈਂ ਕਿਵੇਂ ਆਪਣੇ ਗੁਰੂ ਤੋਂ ਮੁਨੱਕਰ ਹੋ ਸਕਦਾ ਹਾਂ—ਭਾਈ ਮੋਖੇ, ਨਿਡਰ ਹੋ ਕੇ ਜਵਾਬ ਦਿੱਤਾ। ਚੱਲ ਫਿਰ ਮੇਰੇ ਨਾਲ, ਕੋਤਵਾਲ ਸਾਹਿਬ ਤੇਰੇ ਹਾਲ ਚਾਲ ਲੈਣਗੇ।

ਭਾਈ ਮੋਖਾ, ਗੁਰੂ ਆਸਰਾ ਚਿੱਤ ਵਿੱਚ ਰੱਖ, ਸਿਪਾਹੀ ਨਾਲ ਟੁਰ ਪਿਆ। ਥਾਣੇ ਵਿੱਚ ਕੋਤਵਾਲ ਨੇ ਬਹੁਤ ਡਰਾਇਆ, ਧਮਕਾਇਆ, ਗੁਰੂ ਨੂੰ ਛੱਡ ਦੇਣ ਲਈ। ਪਰ ਮੋਖਾ, ਗੁਰੂ ਪ੍ਰੀਤ 'ਤੇ ਅਟੱਲ ਰਿਹਾ।

ਨਹੀਂ ਮੰਨਦਾ ਤਾਂ ਲੈ ਫਿਰ, ਤਾੜ-ਤਾੜ ਪਠਾਨੀ ਹੱਥ ਦੀਆਂ ਚਪੇੜਾਂ, ਘਸੁੰਨ ਮੂੰਹ ਤੇ ਪਿੱਠ 'ਤੇ ਪੈਣ ਲੱਗੀਆਂ। ਨਹੀਂ ਮੰਨਿਆ ਅਜੇ ਵੀ? ਲਾਠੀ ਚੁੱਕ ਮਾਰਨ ਲੱਗਾ। ਮੋਖੇ ਨੇ ਧਿਆਨ, ਗੁਰੂ ਚਰਨਾਂ ਨਾਲ ਜੋੜ ਰਖਿਆ ਸੀ। ਮਾਰ-ਕੁੱਟ ਕੇ ਥੱਕ ਗਿਆ, ਤਾਂ ਕੋਤਵਾਲੀ 'ਚੋਂ ਬਾਹਰ ਧੱਕੇ ਦੇ ਕੇ ਕੱਢ ਦਿੱਤਾ।

ਮਨ ਗ਼ਮਗੀਨ ਸੀ। ਚਲ ਕੇ ਪਹਿਲਾਂ ਸਤਿਗੁਰਾਂ ਦੇ ਦੀਦਾਰ ਕਰ ਲਵਾਂ। ਡੇਰੇ ਪਹੁੰਚਿਆ।

ਕੀ ਗੱਲ ਹੈ, ਭਾਈ ਮੋਖਾ, ਅੱਜ ਉਦਾਸ-ਉਦਾਸ ਜਿਹਾ ਹੈਂ ?

ਅੰਤਰਯਾਮੀ ਸਤਿਗੁਰ ਨੇ ਪੁੱਛਿਆ। ਮੋਖਾ ਚੁੱਪ ਰਿਹਾ। ਜੇ ਦੱਸਿਆ ਤਾਂ ਸਤਿਗੁਰਾਂ ਦਾ ਮਨ ਵੀ ਦੁਖੀ ਹੋਵੇਗਾ।

ਥਾਣੇਦਾਰ ਨੇ ਧੱਕਾ ਕੀਤਾ ਹੈ? ਮਾਰਿਆ-ਕੁੱਟਿਆ ਹੈ? ਮੋਖਾ ਰੋ ਪਿਆ। ਪਾਤਸ਼ਾਹ, ਤੁਸੀਂ ਜਾਣੀ-ਜਾਣ ਹੋ। ਸਭ ਕੁਝ ਆਪ ਹੀ ਜਾਣਦੇ ਹੋ? "ਇਹ ਮੇਰੇ ਵੱਲ ਵੇਖ"—ਸਤਿਗੁਰਾਂ ਨੇ ਹੱਥ ਨਾਲ ਆਪਣੇ ਮੁਖੜੇ ਵੱਲ ਇਸ਼ਾਰਾ ਕੀਤਾ। ਮੂੰਹ 'ਤੇ ਚਪੇੜਾਂ ਦੇ ਨਿਸ਼ਾਨ ਸਨ, ਝੱਗਾ ਲਾਹ ਕੇ ਵਿਖਾਇਆ, ਸਾਰੇ ਪਿੰਡ 'ਤੇ ਲਾਠੀ ਦੇ ਨੀਲੇ ਨਿਸ਼ਾਨ ਪਏ ਸਨ।

"ਭਾਈ ਮੋਖਾ"—ਸਤਿਗੁਰ ਬੋਲੇ, "ਇਹ ਚਪੇੜਾਂ, ਲਾਠੀਆਂ ਤੈਨੂੰ ਨਹੀਂ, ਮੈਨੂੰ ਵੱਜੀਆਂ ਹਨ। ਭਰੋਸਾ ਰੱਖ! ਮੋਖੇ ਕੰਬਦੀ ਆਵਾਜ਼ ਵਿੱਚ ਅਰਜ਼ ਕੀਤੀ, ਉਸ ਨੇ ਸੱਤ ਦਿਨ ਦਾ ਸਮਾਂ ਦਿੱਤਾ ਹੈ। ਕਿਹਾ ਸੁ, ਜੇ ਗੁਰੂ ਨਾ ਛੱਡਿਆ ਤਾਂ ਅੱਠਵੇਂ ਦਿਨ ਤੈਨੂੰ ਪਾਰ ਬੁਲਾ ਦਿਆਂਗੇ। "ਜੇ ਉਹ ਆਪ ਅੱਠਵੇਂ ਦਿਨ ਤੱਕ ਜੀਊਂਦਾ ਰਿਹਾ ਤਾਂ ਨਾ ਤੈਨੂੰ ਸੱਦੇਗਾ"—ਸਤਿਗੁਰ ਜੀ ਸਹਜੇ ਬਚਨ ਕੀਤਾ। ਸੱਤਵੇਂ ਦਿਨ, ਸ਼ਰਾਬ ਦੇ ਨਸ਼ੇ ਵਿੱਚ, ਪਠਾਨ ਕੋਤਵਾਲ, ਚੁਬਾਰੇ ਤੋਂ ਥੱਲੇ ਡਿੱਗਾ, ਪ੍ਰਾਣ ਨਿਕਲ ਗਏ।

"ਸਾਹਿਬ ਹੋਇ ਦਇਆਲ"...

# ਸੁਣਿ ਸਹ ਕੀ ਇਕ ਬਾਤ ਸੁਹੇਲੀ

ਮਾਤਾ ਅਤੇ ਪਿਤਾ, ਦੋ ਮਿਲੇ, ਤਾਂ ਮਾਨਸ ਦੇਹ ਨੇ ਜਨਮ ਲਿਆ। ਦੋ ਦੇ ਸੁਮੇਲ ਨਾਲ, ਦਵੰਦ ਵਿੱਚ ਜੰਮਿਆ। ਇਹ ਦੁਈ ਜਨਮ ਜਾਤ ਆਈ। ਦੇਹ, ਭੌਤਿਕ ਤੱਤਾਂ ਤੋਂ ਬਣੀ, ਪ੍ਰਮਾਤਮਾ ਨੇ ਆਪਣਾ ਅੰਸ਼, ਆਤਮਾ ਪਾਈ। ਦੇਹ ਅਤੇ ਆਤਮਾ, ਦਵੰਦ ਸਿਰਜਤ ਹੋਇਆ। ਇਹ ਦੁਈ, ਇਹ ਦੁਵਿਧਾ ਜਾਂ ਇਹ ਦਵੰਦ, ਦੋ ਦਾ ਪ੍ਰਤੀਰੋਧ, ਸਦਾ ਨਾਲ ਰਿਹਾ। ਦੇਹ, ਭੌਤਿਕ ਤੱਤਾਂ ਤੋਂ ਨਿਰਮਿਤ ਹੋਣ ਕਰ ਕੇ, ਭੌਤਿਕ ਸੰਸਾਰ.. ਭੌਤਿਕ ਸ਼ਕਤੀਆਂ—ਸਮੱਗਰੀਆਂ ਦੀ ਖਿੱਚ ਵਿੱਚ ਸਦਾ ਰਹੀ। ਸਰੀਰ ਨਾਲ ਜੁੜੀਆਂ, ਇੰਦ੍ਰੀਆਂ ਅਤੇ ਮਨ, ਇਸ ਦੇ ਸਹਾਇਕ ਹੋਏ। ਸੁਭਾਵਕ ਤੌਰ ’ਤੇ ਮਨ ਤੋਂ ਉਪਜੇ ਵਿਕਾਰ, ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਨਾਲ ਜੁੜ ਗਏ। ਇੰਦ੍ਰੀਆਂ ਭੋਗ ਵਿੱਚ ਲਿਪਤ ਹੋ ਗਈਆਂ। ਰਸਨਾ, ਸੁਆਦਲੇ ਪਦਾਰਥ ਮੰਗੇ, ਨੇਤਰ, ਨਜ਼ਾਰਾ ਢੂਢਣ ਲੱਗੇ, ਕੰਨ, ਆਹਲਾਦਕ ਸੰਗੀਤ ਦੀ ਤਲਾਸ਼ ਵਿੱਚ ਲੱਗੇ... ਔਰ ਮਨੁੱਖ ਵਿਚਾਰਾ, ਇਸ ਚੰਡਾਲ-ਚੌਕੜੀ ਵਿੱਚ ਘਿਰ ਗਿਆ। ਸਰੀਰ ਦੇ ਨਾਲ ਇੱਕ ਸਾਮਰਾਜ ਖੜਾ ਹੋ ਗਿਆ। ਆਤਮਾ ਦੀ ਕਦੇ ਸੁਧ ਨਾ ਲਈ। ਮੈਂ ਦਾ ਸੰਬੋਧਨ, ਮੇਰਾ ਸਰੀਰ... ਸਰੀਰ ਨਾਲ ਜੁੜਿਆ ਪਰਿਵਾਰ, ਘਰ, ਵਾਪਾਰ ਆਦਿ ਰਹਿ ਗਏ।

ਤਾਂ ਗੁਰੂ ਨਾਨਕ ਪਾਤਸ਼ਾਹ, ਮਾਰੂ ਰਾਗ ਵਿੱਚ, ਇੱਕ ਸੰਵਾਦ ਰਾਹੀਂ, ਦੋਹਾਂ ਨੂੰ ਜੋੜਨ ਦਾ ਸੁਨੇਹਾ ਦਿੰਦੇ ਹਨ—

“ਸਖੀ ਸਹੇਲੀ ਗਰਬਿ ਗਹੇਲੀ॥ ਸੁਣਿ ਸਹ ਕੀ ਇਕ ਬਾਤ ਸੁਹੇਲੀ॥
ਜੋ ਮੈ ਬੇਦਨ ਸਾ ਕਿਸੁ ਆਖਾ ਮਾਈ॥
ਹਰਿ ਬਿਨੁ ਜੀਉ ਨ ਰਹੈ, ਕੈਸੇ ਰਾਖਾ ਮਾਈ॥” (ਪੰ. 990)

ਇਹ ਰੂਹਾਂ ਦੀਆਂ ਗੱਲਾਂ ਹਨ...
ਚਲ ਚਲੀਏ ਕਿਸੇ ਸਾਗਰ ਕੰਢੇ, ਪੈਣ ਸਮੁੰਦਰੀ ਛੱਲਾਂ॥
ਅੰਦਰ ਇੱਕ ਵਾਰ ਝਾਤੀ ਪੈ ਜਾਏ, ਹੋਣ ਰੂਹਾਂ ਦੀਆਂ ਗੱਲਾਂ॥

ਜਿਸਮ ਅਤੇ ਰੂਹ, ਇਕੱਠੇ, ਮਾਂ ਦੀ ਕੁੱਖ ’ਚੋਂ ਜੰਮੇ। ਸਾਰੀ ਉਮਰ, ਇਕੱਠਿਆਂ ਹੰਢਾਈ। ਪਰ ਆਪਸ ਵਿੱਚ ਦੋਹਾਂ ਦਾ ਮਿਲਨ ਨਾ ਹੋਇਆ। ਭੌਤਿਕ ਜਿਸਮ, ਇਸ ਪੱਖੋਂ ਗਾਫ਼ਲ ਰਿਹਾ। ਦੇਹ ਨੂੰ ਨਾਰੀ ਰੂਪ, “ਧਨ” ਕਿਹਾ ਗਿਆ ਅਤੇ ਆਤਮਾ ਨੂੰ ਪਤੀ ਰੂਪ “ਪਿਰ” ਕਿਹਾ ਗਿਆ। ਭਗਤ ਕਬੀਰ ਜੀ ਕਹਿੰਦੇ ਹਨ—

“ਧਨ ਪਿਰ ਏਕੈ ਸੰਗਿ ਬਸੇਰਾ॥
ਸੇਜ ਏਕ ਪੈ ਮਿਲਨੁ ਦੁਹੇਰਾ॥” (ਪੰਨਾ 483)

ਕੈਸੀ ਵਿਡੰਬਨਾ ਹੈ, ਪਤੀ-ਪਤਨੀ ਇੱਕ ਸੇਜ ਤੇ ਸੁੱਤੇ ਹੋਏ, ਜੀਵਨ ਇੱਕ

ਰਾਤ ਹੈ ਔਰ ਉਹ ਸਾਰੀ ਰਾਤ ਬਿਤੀਤ ਹੋ ਗਈ, ਇੱਕ-ਦੂਜੇ ਤੋਂ ਅਪਰਿਚਿਤ! ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ, ਨਾਰ ਗਾਫ਼ਲ ਸੁੱਤੀ ਹੈ... ਸਾਈਂ, ਜਾਗਦਾ ਰਿਹਾ... ਉਡੀਕ ਵਿੱਚ, ਸਾਰੀ ਰਾਤ... ਸ਼ਾਇਦ ਇਹ ਰਾਤ, ਇਹ ਜੀਵਨ, ਮਿਲਨ ਦੀ ਸੁਲੱਖਣੀ ਘੜੀ ਬਣ ਜਾਏ—

"ਮੇਰਾ ਸਹੁ ਜਾਗੈ, ਹਉ ਨਿਸਿ ਭਰਿ ਸੋਵਾ॥" (ਪੰਨਾ 356-57)

ਆਤਮਾ, ਅਨੰਤ ਵਿੱਚ... ਪਰਮ ਆਨੰਦ ਵਿੱਚ... ਇਹ ਪਰਮਾਤਮਾ... ਪਰਮ ਦਾ, ਵਿਰਾਟ ਦਾ ਅੰਸ਼ ਸੀ। ਪਰਮਾਤਮਾ ਦੀ ਰਜ਼ਾ ਹੋਈ, ਮਾਤ ਗਰਭ ਵਿਚ, ਰਕਤ-ਮਾਸ ਦੇ ਪੁੰਜ ਵਿੱਚ ਪ੍ਰਵੇਸ਼ ਕੀਤਾ... ਮਿੱਟੀ ਦੇ ਪੁਤਲੇ ਵਿੱਚ ਜਿੰਦ ਪੈ ਗਈ। ਜਨਮ ਹੋਇਆ, ਤਾਂ ਮੇਰਾ ਸਰੀਰ, ਰੰਗ ਰੂਪ ਹੀ "ਮੈਂ" ਜਾਪਿਆ। ਇੱਕ ਭਰਮ... ਇੱਕ ਅਵਿਦਿਆ... ਇੱਕ ਅਗਿਆਨਤਾ, ਸ਼ਾਸਤ੍ਰਾਂ ਵਿੱਚ, ਇਹ ਨੀਂਦ ਕਹੀ ਗਈ।

ਤਾਂ ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ :

"ਸਖੀ ਸਹੇਲੀ ਗਰਬਿ ਗਹੇਲੀ॥ ਸੁਣਿ ਸਹ ਕੀ ਇਕ ਬਾਤ ਸੁਹੇਲੀ॥
ਜੋ ਮੈਂ ਬੇਦਨ ਸਾ ਕਿਸੁ ਆਖਾ ਮਾਈ॥
ਹਰਿ ਬਿਨੁ ਜੀਉ ਨ ਰਹੈ, ਕੈਸੇ ਰਾਖਾ ਮਾਈ॥" (ਪੰਨਾ-990)

ਗੁਰੂ, ਇੱਕ ਚੇਤਨਾ ਹੈ... ਸੁਰਤਿ ਦੀ ਜਾਗ੍ਰਿਤ ਅਵਸਥਾ! ਤਾਂ ਸਤਿਗੁਰੂ, ਚੇਤਨਾ ਦੀ ਮੌਜੂਦਗੀ ਵਿੱਚ, ਆਤਮਾ ਅਤੇ ਦੇਹ ਵਿਚਾਲੇ ਸੰਵਾਦ ਸਥਾਪਿਤ ਕਰਦੇ ਹਨ। ਮਨੁੱਖੀ ਦੇਹ ਅਤੇ ਆਤਮਾ, ਦੋਵੇਂ ਇਕੱਠੇ ਜੰਮੇ... ਇੱਕੋ ਸਰੀਰ ਵਿੱਚ... ਇਕੋ ਸੇਜ ਤੇ ਜੀਵਨ ਦਾ ਬਹੁਤਾ ਸਮਾਂ ਬਿਤੀਤ ਕਰ ਲਿਆ। ਥੋੜ੍ਹੇ ਚਿਰ ਬਾਅਦ, ਪ੍ਰਭਾਤ ਦੀ ਲੋਅ ਦੇ ਨਾਲ, ਰਾਤ ਦਾ ਅੰਤ ਹੋ ਜਾਣੈ... ਇਹ ਜੀਵਨ ਦਾ ਅੰਤ ਹੈ...

"ਰਾਤ ਗਈ, ਲਟਕੇ ਸਭ ਤਾਰੇ॥ ਅਬ ਤਉ ਜਾਗਿ ਮੁਸਾਫਿਰ ਪਿਆਰੇ॥"

ਆਤਮ ਚੇਤਨਾ, ਦੇਹ ਨੂੰ ਕਹਿੰਦੀ ਹੈ, ਮੇਰੀ ਸਹੇਲੀ, ਮੇਰੇ ਮਿੱਤਰ, ਤੂੰ ਦੇਹ-ਅਭਿਮਾਨ ਭਾਵ ਵਿੱਚ ਸਾਰਾ ਜੀਵਨ ਲੰਘਾ ਲਿਆ। ਆਪਣੇ ਸੁਹਿਰਦ ਮਿੱਤਰ ਦੀ, ਇੱਕ ਬਾਤ ਸੁਣ! ਜੀਵਾਤਮਾ, ਪਰਮਾਤਮਾ ਦਾ ਅੰਸ਼ ਹੈ। ਜੀਵਨ ਦੀ ਸੀਮਿਤ ਆਯੂ ਨਸੀਬ ਹੋਈ। ਇਹ ਪਰਮਾਤਮਾ ਤੋਂ ਵਿਛੜੀ ਹੋਈ, ਬਿਰਹੁ ਵਿਛੁੰਨੀ ਜੀਵਾਤਮਾ, ਹਰੀ ਤੋਂ ਬਗੈਰ ਰਹਿ ਨਹੀਂ ਸਕਦੀ। ਜੀਵਨ ਇੱਕ ਰਾਤ ਵਾਂਗ ਹੈ। ਮਿਲਨ ਦੀ ਰਾਤ... ਮਨੁੱਖ ਜੀਵਨ! ਪ੍ਰਭਾਤ ਦੀ ਪਹਿਲੀ ਕਿਰਨ ਦੇ ਨਾਲ, ਇਹ ਜੀਵ ਪੰਖੀ, ਉਡਾਰੀ ਮਾਰ ਜਾਏਗਾ। ਵਿਛੋੜੇ ਦੇ ਸੰਤਾਪ ਨੂੰ ਹੰਢਾਅ ਰਹੀ ਜੀਵਾਤਮਾ ਨਾਲ, ਦੋ ਘੜੀਆਂ ਬਹਿ ਜਾ.. ਪਿਆਰ ਦੀਆਂ ਦੋ ਗੱਲਾਂ ਕਰ ਲੈ।

ਹਰ ਪ੍ਰਾਣੀ ਦੀ ਇਹ ਕਹਾਣੀ ਹੈ। ਹਰ ਘਟ ਵਿੱਚ ਹਰਿ ਜੂ ਵਸਦੈ... ਪਰ ਬੇਸੁਧ ਪ੍ਰਾਣੀ ਆਪਣੇ ਪ੍ਰਾਣ ਤੋਂ ਅਨਜਾਣ ਹੈ। "ਮੈਂ" ਦਾ ਅਰਥ, ਇਹ ਮੇਰੀ ਦੇਹ... ਬਾਹਰਲਾ ਢਾਂਚਾ। ਮੈਂ ਸੁੰਦਰ ਤਾਕਤਵਰ, ਪਹੁੰਚ ਵਾਲਾ, ਅਮੀਰ, ਧਨਾਢ, ਘਰ, ਬੰਗਲੇ ਵਾਲਾ। ਕਈ ਪਾਸਿਓਂ ਅਭਿਮਾਨ ਦੀਆਂ ਪਰਤਾਂ ਚੜ੍ਹਦੀਆਂ ਗਈਆਂ... ਹੰਕਾਰ ਦਾ ਜਿੰਨ ਹੋਰ ਉੱਚਾ ਹੁੰਦਾ ਗਿਆ।

ਮਹਾਂਭਾਰਤ ਦੀ ਜੰਗ ਸਮਾਪਤ ਹੋ ਗਈ। ਸਾਰੇ ਕੌਰਵ ਮਾਰੇ ਗਏ। ਅੰਨ੍ਹਾ ਧ੍ਰਿਤਰਾਸ਼ਟਰ ਪੁੱਤਰਾਂ ਦੇ ਸੋਗ ਵਿੱਚ, ਬਿਦੁਰ ਤੋਂ ਪੁਛਦੈ, "ਬਿਦੁਰ! ਕਿੱਥੇ ਭੁੱਲ ਹੋਈ? ਮੇਰਾ ਪਰਿਵਾਰ, ਪੁੱਤਰ, ਹਸਤਿਨਾਪੁਰ ਦਾ ਸਾਮਰਾਜ, ਸਰਵਨਾਸ਼ ਹੋ ਗਿਆ। ਇਹ ਕਿਉਂ ਹੋਇਆ?

ਬਿਦੁਰ ਕਹਿੰਦੇ, ਦੇਹ ਅਭਿਮਾਨ ਤੋਂ ਜੰਮੇ ਹੋਏ ਮੋਹ ਵਿੱਚ, ਤੁਸੀਂ ਸਮਾਂ ਰਹਿੰਦਿਆਂ, ਦੁਰਯੋਧਨ ਨੂੰ ਨਾ ਰੋਕ ਸਕੇ ਅਤੇ ਦੁਰਯੋਧਨ, ਸੌ ਭਰਾਵਾਂ, ਕੌਰਵੀ ਸੈਨਾ, ਹਸਤਿਨਾਪੁਰ ਦਾ ਰਾਜ, ਮੱਲ ਯੁੱਧ, ਗਦਾ ਯੁੱਧ ਵਿੱਚ ਮੁਹਾਰਤ ਹੋਣ ਦੇ ਹੰਕਾਰ ਵਿੱਚ, ਨੈਤਿਕਤਾ-ਅਨੈਤਿਕਤਾ, ਸਭ ਭੁੱਲ ਗਿਆ। ਇਹ ਹੰਕਾਰ ਬੜਾ ਜ਼ਾਲਿਮ ਹੈ। ਜਿਸ ਵਿੱਚ ਜੰਮਦਾ ਹੈ, ਉਸੇ ਦਾ ਨਾਸ ਕਰ ਦਿੰਦਾ ਹੈ।

"ਮਹਾਂਭਾਰਤ" ਆਰੰਭ ਹੋਣ ਤੋਂ ਪਹਿਲਾਂ, ਭਗਵਾਨ ਸ੍ਰੀ ਕ੍ਰਿਸ਼ਨ, ਸਮਝੌਤੇ ਦਾ ਪ੍ਰਸਤਾਵ ਲੈ ਕੇ, ਹਸਤਿਨਾਪੁਰ ਗਏ। ਸ੍ਰੀ ਰਾਮਧਾਰੀ ਸਿੰਘ "ਦਿਨਕਰ" ਨੇ ਮਹਾਂਕਾਵਿ ਰਚਨਾ, "ਰਸ਼ਮੀ-ਰਥੀ" ਵਿੱਚ, ਇਹ ਪ੍ਰਸੰਗ, ਬਹੁਤ ਸੋਹਣਾ ਕਲਮ ਬੰਦ ਕੀਤਾ ਹੈ—

ਹੋ ਨਿਆਏ ਅਗਰ ਤੋ ਆਧਾ ਦੋ,<br>
ਉਸਮੇਂ ਭੀ ਅਗਰ ਕੁਝ ਬਾਧਾ ਹੋ,<br>
ਤੋ ਦੇ ਦੋ ਕੇਵਲ ਪਾਂਚ ਗਰਾਮ।<br>
ਰੱਖੋ ਅਪਣੀ ਭੂਮੀ ਤਮਾਮ॥

ਦੁਰਯੋਧਨ ਨਿਆਂ ਤਾਂ ਕਹਿੰਦੈ, ਤੁਹਾਡੇ ਵਡੇਰੇ, ਪਿਤਾ ਧ੍ਰਿਤਰਾਸ਼ਟਰ ਅਤੇ ਰਾਜਾ ਪਾਂਡੂ, ਦੋਹਾਂ ਭਰਾਵਾਂ ਦਾ ਅੱਧਾ-ਅੱਧਾ ਹਿੱਸਾ ਵੰਡ ਲਵੋ। ਅੱਧਾ ਤੁਹਾਡਾ, ਅੱਧਾ ਪਾਂਡਵਾਂ ਦਾ। ਪਰ ਜੇ ਅੱਧ ਨਹੀਂ ਦੇਣਾ ਤਾਂ ਚਲੋ, ਮਾਤਰ ਪੰਜ ਪਿੰਡ ਇਹਨਾਂ ਨੂੰ ਦੇ ਦਿਉ। ਪੰਜ ਪਾਂਡਵ ਭਾਈ, ਪੰਜ ਪਿੰਡ! ਇੱਕ-ਇੱਕ ਪਿੰਡ ਵਿੱਚ ਗੁਜ਼ਾਰਾ ਕਰ ਲੈਣਗੇ। ਦੁਰਯੋਧਨ, ਹੰਕਾਰ-ਮਾਤਾ, ਬੋਲਿਆ—

ਸੂਈ ਦੀ ਨੋਕ ਬਰਾਬਰ ਧਰਤੀ ਵੀ ਨਹੀਂ ਦਿਆਂਗਾ।<br>
ਜੰਗ ਕਰ ਕੇ ਲੈ ਸਕਦੇ ਹਨ ਤਾਂ ਲੈ ਲੈਣ।

ਬਹੁਤ ਅਭਿਮਾਨ ਸੀ, ਆਪਣੇ ਬਲ 'ਤੇ! ਸ੍ਰੀ ਕ੍ਰਿਸ਼ਨ ਨੇ, ਸਮਝੌਣ ਦੀ ਕੋਸ਼ਿਸ਼ ਕੀਤੀ ਤਾਂ ਹੋਰ ਚੌੜਾ ਹੋ ਗਿਆ, ਕਹਿੰਦੈ, ਬੰਨ੍ਹ ਲਉ, ਇਸ ਕ੍ਰਿਸ਼ਨ ਨੂੰ... ਬਹੁਤ ਸਿਆਣਾ ਸਮਝਦਾ ਹੈ, ਆਪਣੇ-ਆਪ ਨੂੰ। ਜਦੋਂ ਹਸਤਿਨਾਪੁਰ ਦਰਬਾਰ ਦੇ ਕੁਝ ਯੋਧੇ, ਸ੍ਰੀ ਕ੍ਰਿਸ਼ਨ ਨੂੰ, ਬੰਦੀ ਬਣਾਉਣ ਲਈ ਅਗਾਂਹ ਵਧੇ ਤਾਂ ਭਗਵਾਨ ਸ੍ਰੀ ਕ੍ਰਿਸ਼ਨ ਨੇ ਵਿਰਾਟ ਰੂਪ ਧਾਰਿਆ—

ਮੁਝੇ ਬਾਂਧਨੇ ਆਇਆ ਹੈ? ਜ਼ੰਜੀਰ ਬੜੀ ਕਿਆ ਲਾਇਆ ਹੈ?<br>
ਯਦੀ ਬਾਂਧਨਾ ਚਾਹੇ ਮਨ, ਤੋ ਪਹਿਲੇ ਬਾਂਧ ਅਨੰਤ ਗਗਨ।<br>
ਸ੍ਰੀ ਕ੍ਰਿਸ਼ਨ ਨੇ ਵਿਰਾਟ ਰੂਪ ਧਾਰਿਆ...<br>
ਦੇਖ ਗਗਨ ਮੁਝ ਮੇ ਲੈਅ ਹੈ। ਦੇਖ ਪਵਨ ਮੁਝ ਮੇ ਲੈਅ ਹੈ। ਵੇਖ ਦੁਰਯੋਧਨ,

ਇਹ ਧਰਤੀ, ਆਸਮਾਂ, ਪਵਨ, ਸਭ ਮੇਰੇ ਵਿੱਚ ਲੈਅ ਹਨ। ਤੂੰ ਮੈਨੂੰ ਬੰਨ੍ਹਣਾ ਚਾਹੁੰਦਾ ਹੈਂ।

"ਤੋ ਲੇ ਦੁਰਯੋਧਨ ਜਾਤਾ ਹੂੰ। ਅੰਤਿਮ ਸੰਕਲਪ ਸੁਣਾਤਾ ਹੂੰ।
ਯਾਚਨਾ ਨਹੀਂ, ਅਬ ਰਣ ਹੋਗਾ। ਯੁੱਧ ਬੜਾ ਭੀਸ਼ਣ ਹੋਗਾ।
ਜੀਵਨ ਜੈ, ਯਾ ਕੀ ਮਰਣ ਹੋਗਾ।
ਤੂੰ ਭੀ ਰਣ ਮੇਂ ਸ਼ਾਈ ਹੋਗਾ। ਮੌਤੋਂ ਕਾ ਉਤਰਦਾਈ ਹੋਗਾ।
ਯਹ ਬੋਲ, ਸਭਾ ਕੋ ਛੋੜ ਚਲੇ। ਕਰ ਕੇ ਰਣ ਗਰਜਨ ਘੋਰ ਚਲੇ॥"
ਦੁਰਯੋਧਨ! ਤੇਰਾ ਹੰਕਾਰ ਹੀ ਮਹਾਸਮਰ ਦਾ ਕਾਰਨ ਬਣੇਗਾ।
ਤੂੰ ਭੀ ਮਰੇਂਗਾ ਔਰ ਇਸ ਸਰਵਨਾਸ਼ ਦਾ ਨਮਿਤ ਬਣੇਂਗਾ।

ਆਪਣੇ ਹੀ ਦੋਹਾਂ ਵਜੂਦਾਂ ਵਿੱਚ ਸੰਪਰਕ ਨਾ ਹੋਣ ਕਰ ਕੇ, ਮਨ, ਇੰਦ੍ਰੀਆਂ ਅਤੇ ਦੇਹ ਬੋਧ, ਹੰਕਾਰੀ, ਈਰਖਾਵਾਦੀ, ਲੋਭੀ, ਕਾਮੀ ਬਣਾ ਦਿੰਦਾ ਹੈ। ਸਰੀਰ ਰੂਪ "ਮੈਂ", ਸੰਸਾਰ ਦਾ ਸਮਰੱਥ ਅਤੇ ਸ਼ਕਤੀਸ਼ਾਲੀ, ਸਿਕੰਦਰ ਬਣਨ ਦੀ ਅਭਿਲਾਖਾ ਨੂੰ ਜਨਮ ਦੇ ਦਿੰਦਾ ਹੈ... ਰਾਜ, ਮਾਲ, ਰੂਪ, ਜਾਤ, ਅਤੇ ਜੋਬਨ ਦਾ ਅਭਿਮਾਨ ਪੈਦਾ ਕਰ ਦਿੰਦਾ ਹੈ।

ਬਰਮਾ ਦਾ ਰਾਜਾ ਤੀਬੋ! ਸਭ ਤੋਂ ਛੋਟੀ ਰਾਣੀ ਸੁਪਾਯਾ ਨੂੰ ਬਹੁਤ ਪਿਆਰ ਕਰਦਾ ਸੀ। ਸੁਪਾਯਾ ਵਿੱਚ, ਰੂਪ ਦੇ ਹੰਕਾਰ ਦੇ ਨਾਲ, ਦੂਸਰੀ ਕਿਸੇ ਸੁੰਦਰ ਇਸਤ੍ਰੀ ਨਾਲ ਈਰਖਾ ਹੁੰਦੀ। ਕਿਤੇ ਰਾਜਾ, ਕਿਸੇ ਦੂਸਰੀ ਇਸਤਰੀ ਦੀ ਸੁੰਦਰਤਾ 'ਤੇ ਮੋਹਿਤ ਹੋ ਕੇ ਮੇਰੇ ਤੋਂ ਦੂਰ ਨਾ ਹੋ ਜਾਏ। ਇਸ ਆਸ਼ੰਕਾ ਦੇ ਅਧੀਨ, ਜਿਹੜੀ ਸੁੰਦਰ ਯੁਵਤੀ ਵੇਖਦੀ, ਉਸ ਨੂੰ ਮਰਵਾ ਦਿੰਦੀ। ਬਰਮਾ ਦੀਆਂ ਹਜ਼ਾਰਾਂ ਸੁੰਦਰ ਇਸਤਰੀਆਂ ਮਰਵਾ ਦਿੱਤੀਆਂ। ਉਸੇ ਸੁਪਾਯਾ ਦੀ ਮੌਤ ਤੋਂ ਬਾਅਦ, ਲੋਗ ਉਸ ਦੀ ਕਬਰ ਵੱਲ ਵੇਖ ਕੇ ਨਫ਼ਰਤ ਨਾਲ ਨਿਗਾਹਾਂ ਫੇਰ ਲੈਂਦੇ। ਅੱਜ, ਕਹਿੰਦੇ ਹਨ, ਰੂਪਵਤੀ ਹੰਕਾਰੀ ਰਾਣੀ ਦੀ ਉਜੜੀ ਹੋਈ ਕਬਰ 'ਤੇ, ਕੋਈ ਦੋ ਰੁਪਏ ਦਾ ਚੂਨਾ ਕਰਵਾਉਣ ਵਾਲਾ ਵੀ ਨਹੀਂ।

ਔਰੰਗਜ਼ੇਬ, ਦੇਹ ਅਭਿਮਾਨ ਵਿੱਚ ਆਇਆ, ਤਾਂ ਪਿਤਾ ਬਾਦਸ਼ਾਹ ਸ਼ਾਹਜਹਾਂ, ਸਗੇ ਭਾਈ ਭੀ ਰਾਹ ਦੇ ਰੋੜੇ ਜਾਪੇ। ਸਾਰਿਆਂ ਨੂੰ ਮਰਵਾ ਦਿੱਤਾ। ਵੱਡੀ ਸੈਨਾ ਲੈ ਕੇ ਲੱਖਾਂ ਬੇਗੁਨਾਹਾਂ ਦਾ ਕਤਲ ਕਰਵਾਇਆ। 89 ਸਾਲ ਦੀ ਉਮਰ ਹੋਈ, ਸਰੀਰ ਕਮਜ਼ੋਰ ਪਿਆ ਤਾਂ ਆਪਣੇ ਹੀ ਪੁੱਤਰ, ਆਜ਼ਮ, ਮੁਅੱਜ਼ਮ ਅਤੇ ਕਾਮਬਖ਼ਸ਼ ਨੇ ਬਗ਼ਾਵਤ ਦੇ ਝੰਡੇ ਚੁੱਕ ਲਏ। ਪੂਰਬ-ਬੰਗਾਲ-ਆਸਾਮ ਤੋਂ ਕਾਮਬਖਸ਼, ਦੂਜਾ, ਦੱਖਣ ਤੋਂ ਆਜ਼ਮ ਅਤੇ ਤੀਜਾ ਪੱਛਮ, ਕਾਬਲ-ਕੰਧਾਰ ਤੋਂ ਮੁਅੱਜ਼ਮ.. ਤਿੰਨ੍ਹਾਂ ਨੇ ਬਗਾਵਤ ਦਾ ਐਲਾਨ ਕਰ ਦਿੱਤਾ। ਉਨ੍ਹਾਂ ਦਿਨਾਂ ਵਿੱਚ, ਔਰੰਗਜ਼ੇਬ ਨੇ ਆਜ਼ਮ ਨੂੰ, ਗਲਾਨੀ ਅਤੇ ਪਛਤਾਵਿਆਂ ਨਾਲ ਭਰਿਆ ਪੱਤਰ ਲਿਖਿਆ। ਮੈਂ ਜਿੰਨੇ ਗੁਨਾਹ ਕੀਤੇ, ਤੁਹਾਡੇ ਲਈ ਕੀਤੇ। ਦੂਰ-ਦੂਰ ਤੱਕ ਨਿਸਕੰਟਕ ਰਾਜ ਦਾ ਵਿਸਥਾਰ ਤੁਹਾਡੇ ਲਈ ਕੀਤਾ। ਸਾਰੇ ਵੈਰੀਆਂ, ਵਿਰੋਧੀਆਂ ਦਾ ਕਤਲ ਕਰਵਾ ਕੇ, ਤੁਹਾਡੀਆਂ ਰਾਹਾਂ

ਤੋਂ ਕੰਡੇ ਸਾਫ ਕੀਤੇ। ਅੱਜ ਤੁਸੀਂ, ਜੰਗ ਲਈ ਮੇਰੇ ਸਾਹਮਣੇ ਆ ਖਲੋਤੇ ਹੋ। ਉਸੇ ਵੇਲੇ, ਦੱਖਣ ਦੇ ਵਿਦਰੋਹ ਨੂੰ ਦਬਾਉਣ ਲਈ ਔਰੰਗਾਬਾਦ ਆ ਬੈਠੇ, ਔਰੰਗਜ਼ੇਬ ਨੂੰ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪੱਤਰ, ਜ਼ਫ਼ਰਨਾਮਾ, ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਨੇ ਦਿੱਤਾ—

"ਨ ਈਮਾਂ ਪਰਸਤੀ ਨ ਆਉਜਾਏ ਦੀਂ।
ਨ ਸਾਹਿਬ ਸ਼ਨਾਸੀ ਨ ਮਹਿਮਦ ਯਕੀਂ॥"

ਐ ਔਰੰਗਜ਼ੇਬ! ਤੇਰੇ ਕੋਲ ਨਾ ਦੁਨੀਆਂ ਰਹੀ ਨਾ ਦੀਨ!

ਨਾ ਤੈਨੂੰ ਰੱਬ ਦੀ ਸ਼ਨਾਖਤ ਹੋਈ ਨਾ ਮੁਹੰਮਦ ਸਾਹਿਬ 'ਤੇ ਭਰੋਸਾ! ਤੂੰ ਸਾਰਿਆਂ ਵੱਲੋਂ ਨਕਾਰਾ ਹੋ ਗਿਆ।

ਬਾਲੀ, ਬਹੁਤ ਬਲਸ਼ਾਲੀ ਸੀ। ਇਤਨਾ ਬਲਵਾਨ ਕਿ ਰਾਵਣ ਨੂੰ ਆਪਣੀ ਇੱਕ ਬਾਂਹ ਦੀ ਕੱਛ ਵਿੱਚ ਦਬਾ ਕੇ, ਸਾਰੀ ਲੰਕਾ ਦੇ ਤਿੰਨ ਚੱਕਰ ਕੱਟੇ। ਹੰਕਾਰ ਹੋ ਗਿਆ, ਤਾਂ ਆਚਾਰ-ਵੀਚਾਰ ਵੀ ਭੁੱਲ ਗਿਆ। ਛੋਟੇ ਭਾਈ ਸੁਗਰੀਵ ਨੂੰ ਮਾਰ-ਕੁੱਟ ਕੇ ਭਜਾ ਦਿੱਤਾ ਅਤੇ ਉਸ ਦੀ ਘਰ ਵਾਲੀ ਨੂੰ ਆਪ ਰੱਖ ਲਿਆ। ਭਗਵਾਨ ਸ੍ਰੀ ਰਾਮ ਨੇ, ਬਨਵਾਸ ਕਾਲ ਵਿੱਚ, ਸੁਗਰੀਵ ਦੀ ਬ੍ਰਿਥਾ ਸੁਣ, ਬਾਲੀ ਨੂੰ ਮਾਰਿਆ। ਮਰਨ ਲੱਗਿਆਂ, ਬਾਲੀ ਨੇ ਕਿਹਾ :

"ਮੈਂ ਬੈਰੀ ਸੁਗਰੀਵ ਪਿਆਰਾ॥ ਅਵਗੁਨਿ ਕਵਣ ਨਾਥ ਮੋਹਿ ਮਾਰਾ॥"

ਹੇ ਸ੍ਰੀ ਰਾਮ! ਮੈਂ ਵੀ ਤੁਹਾਡਾ ਉਪਾਸ਼ਕ ਹਾਂ। ਕਿਹੜਾ ਗੁਨਾਹ ਕੀਤਾ, ਜੋ ਮੈਂ ਵੈਰੀ ਹੋ ਗਿਆ ਅਤੇ ਸੁਗਰੀਵ ਤੁਹਾਨੂੰ ਪਿਆਰਾ ਹੋ ਗਿਆ। ਮੇਰਾ ਕਿਹੜਾ ਦੋਸ਼, ਜੋ ਮੈਨੂੰ ਮਾਰਿਆ?

ਭਗਵਾਨ ਜੀ ਕਹਿੰਦੇ ਹਨ—

"ਅਨੁਜ ਬਧੂ, ਭਗਨੀ, ਸੁਤਿ ਨਾਰੀ। ਸੁਨਿ ਸਠਿ ਇਹ ਕੰਨਿਆਂ ਸਮਚਾਰੀ।
ਇਨਹੇ ਹੀ ਕੁਦ੍ਰਿਸ਼ਟਿ ਬਿਲੋਕਹਿ ਜੋਈ। ਤਾਹਿ ਬਧੇ ਕਛੁ ਪਾਪ ਨਾ ਹੋਈ॥"

ਬਾਲੀ ਸੁਣ! ਛੋਟੇ ਭਾਈ ਦੀ ਘਰ ਵਾਲੀ, ਭੈਣ, ਭਣੇਵੀਂ ਅਤੇ ਨੂੰਹ... ਇਹ ਚਾਰੇ ਧੀਆਂ ਵਾਂਗ ਹੁੰਦੀਆਂ ਹਨ। ਇਨ੍ਹਾਂ ਨੂੰ ਮੈਲੀ ਨਿਗਾਹ ਨਾਲ ਜਿਹੜਾ ਵੇਖਦਾ ਹੈ, ਉਸਨੂੰ ਮਾਰਿਆਂ ਕੋਈ ਪਾਪ ਨਹੀਂ ਲੱਗਦਾ।

ਬਾਹਰ ਦਿਸੈ ਚਾਨਣਾ! ਬਾਹਰਮੁਖੀ ਚੇਤਨਾ, ਸਾਡੇ ਕੋਲ ਬਹੁਤ ਹੈ। ਸਿੱਖਿਆ ਲਈ, ਵਾਪਾਰ ਲਈ, ਪਰਿਵਾਰ ਪ੍ਰਬੰਧ ਲਈ, ਅਸੀਂ ਬਹੁਤ ਕੁਸ਼ਲ ਹਾਂ। ਗੁਰੂ ਨਾਨਕ ਪਾਤਸ਼ਾਹ, ਅੰਤਰਮੁਖੀ-ਦ੍ਰਿਸ਼ਟੀ ਦੀ ਗੱਲ ਕਰਦੇ ਹਨ—"ਸਖੀ ਸਹੇਲੀ, ਗਰਬਿ ਗਹੇਲੀ"

ਦੇਹ ਦੇ ਨਾਲ ਜੁੜੀ ਚੇਤਨਾ ਨੂੰ ਕਹਿੰਦੇ ਹਨ, ਮੇਰੇ ਮਿੱਤਰ, ਮੇਰੀ ਸਖੀ ਸਹੇਲੀ—

"ਸੁਨਿ ਸਹ ਕੀ ਇਕ ਬਾਤ ਸੁਹੇਲੀ॥"

ਆਪਣੇ ਸਾਥੀ ਜੀਵਾਤਮਾ ਦੀ ਇੱਕ ਬਾਤ ਸੁਣ ਲੈ; ਇਹ ਜੀਊੜਾ, ਇਹ ਜੀਵਾਤਮਾ... ਇਹ ਬ੍ਰਹਮ ਹੈ... ਇਹ ਰੱਬ ਹੈ! ਰੱਬ ਤੋਂ ਬਗੈਰ... ਪ੍ਰਮਾਤਮਾਂ ਤੋਂ ਦੂਰ ਬਹੁਤਾ ਚਿਰ ਨਹੀਂ ਰਹਿ ਸਕਦੀ... ਚਿੱਤ ਦੀ ਇਕਾਗ੍ਰਤਾ ਇਸ ਵੱਲ ਮੋੜ...

# ਆਜੁ ਹਮਾਰੈ ਬਨੇ ਫਾਗ

ਫਾਗ, ਆਤਮਾ ਦਾ ਉਤਸਵ ਹੈ। ਹੋਲੀ, ਰੰਗਾਂ ਦਾ ਤਿਉਹਾਰ ਹੈ। ਇਹ ਲਾਲ-ਪੀਲੇ ਰੰਗ, ਜਿਸਮ ਨੂੰ ਰੰਗਦੇ ਹਨ ਔਰ ਮਨੁੱਖ, ਜਿਸਮਾਨੀ ਤਲ 'ਤੇ ਖ਼ੁਸ਼ੀਆਂ ਦਾ ਆਦਾਨ-ਪ੍ਰਦਾਨ ਕਰਦਾ ਹੈ। ਫਾਗ, ਰੂਹਾਂ ਨੂੰ ਰੰਗਣ ਦਾ ਸੰਕਲਪ ਦਿੰਦਾ ਹੈ। ਹੋਲੀ ਵਿੱਚ, ਹਰ ਸੰਸਾਰੀ ਹਿੱਸੇਦਾਰੀ ਕਰ ਸਕਦਾ ਹੈ। ਪਰ ਫਾਗ, ਪੰਜਵੇਂ ਪਾਤਸ਼ਾਹ ਕਹਿੰਦੇ ਹਨ, "ਪ੍ਰਭ ਸੰਗੀ ਮਿਲਿ ਖੇਲਨ ਲਾਗ"। ਪ੍ਰਭੂ ਦੇ ਸੰਗੀ, ਸਤਿਸੰਗੀ, ਪਵਿੱਤਰ ਰੂਹਾਂ ਵਾਲੇ, ਅਮੀਰ ਬਲਵਾਨ ਆਤਮਾ ਵਾਲੇ, ਸੰਤ ਜਨ ਹੀ, ਫਾਗ ਖੇਡਣ ਦੇ ਅਧਿਕਾਰੀ ਹਨ।

ਹੋਲੀ, ਇੱਕ ਪੌਰਾਣਿਕ ਤਿਉਹਾਰ ਹੈ.. ਪੁਰਾਣ ਦੇ ਪ੍ਰਸੰਗ ਤੋਂ ਆਰੰਭ ਹੋਇਆ ਪੁਰਬ! ਸ੍ਰੀ ਵੇਦ ਵਿਆਸ ਜੀ ਰਚਿਤ 18 ਪੁਰਾਣਾਂ 'ਚੋਂ ਇੱਕ, "ਵਿਸ਼ਨੂੰ ਪੁਰਾਣ" ਵਿੱਚ ਪ੍ਰਸੰਗ ਹੈ। ਭਗਤ ਪ੍ਰਹਿਲਾਦ ਨੂੰ ਮਾਰਨ ਲਈ, ਕਈ ਤਰੀਕੇ ਵਰਤੇ, ਪਰ ਸਫਲ ਨਾ ਹੋਇਆ। ਪ੍ਰਹਿਲਾਦ ਦੀ ਭੂਆ, ਹਰਨਾਕਸ਼ ਦੀ ਭੈਣ, ਹੋਲੀਕਾ ਨੂੰ ਵਰਦਾਨ ਵਜੋਂ, ਬ੍ਰਹਮਾ ਜੀ ਵੱਲੋਂ, ਇੱਕ ਚਾਦਰ ਪ੍ਰਾਪਤ ਹੋਈ ਸੀ। ਇਹ ਚਾਦਰ, ਅਗਨੀ ਤੋਂ ਸੁਰੱਖਿਅਤ ਰੱਖਦੀ ਸੀ। ਜਿਹੜਾ ਬੁੱਕਲ ਮਾਰ ਲਏ, ਉਸ ਨੂੰ ਅੱਗ ਨਹੀਂ ਸਾੜ ਸਕਦੀ ਸੀ। ਹੋਲੀਕਾ, ਚਾਦਰ ਦੀ ਬੁੱਕਲ ਮਾਰ ਕੇ, ਪ੍ਰਹਿਲਾਦ ਨੂੰ ਗੋਦ ਵਿੱਚ ਲੈ ਕੇ ਬਲਦੀ ਚਿਖਾ 'ਤੇ ਬੈਠ ਗਈ। ਪ੍ਰਹਿਲਾਦ ਨੂੰ ਕੁੱਛੜ ਲੈ ਲਿਆ। ਸੋਚ ਇਹ ਸੀ ਕਿ ਕਰਿਸ਼ਮਈ ਚਾਦਰ ਕਰ ਕੇ ਮੈਂ ਬਚ ਜਾਵਾਂਗੀ, ਬਾਲਕ ਪ੍ਰਹਿਲਾਦ, ਸੜ ਕੇ ਸਵਾਹ ਹੋ ਜਾਏਗਾ। ਪ੍ਰਭੂ ਦੀ ਰਜ਼ਾ ਕੁਝ ਹੋਰ ਸੀ। ਤੇਜ਼ ਹਵਾ ਦਾ ਝੋਂਕਾ ਆਇਆ। ਚਾਦਰ ਨੇ ਉੱਡ ਕੇ ਬਾਲਕ ਨੂੰ ਘੇਰੇ ਵਿੱਚ ਲੈ ਲਿਆ। ਪ੍ਰਹਿਲਾਦ ਬਚ ਗਿਆ, ਹੋਲੀਕਾ ਸੜ ਮਰੀ। ਤਾਂ ਹੋਲੀ ਤੋਂ ਪਹਿਲੀ ਰਾਤ, ਲੱਕੜਾਂ ਬਾਲ ਕੇ ਹੋਲੀਕਾ ਦਹਨ ਕੀਤੀ ਜਾਂਦੀ ਹੈ। ਭਗਤ ਪ੍ਰਹਿਲਾਦ, ਸਤਿਜੁਗ ਵਿੱਚ ਹੋਏ ਹਨ। ਇਹ ਘਟਨਾ ਸਤਿਜੁਗ ਦੀ ਹੈ। ਸਤਿਜੁਗ ਸਾਰਾ ਲੰਘ ਗਿਆ, ਤ੍ਰੇਤਾ ਯੁੱਗ ਲੰਘ ਗਿਆ, ਦੁਆਪਰ ਆਇਆ। ਕੰਸ ਦੇ ਡਰ ਨਾਲ ਸਹਿਮੀ ਹੋਈ ਜਨਤਾ ਨੂੰ ਭੈਅ ਮੁਕਤ ਕਰਨ ਲਈ, ਬ੍ਰਿੰਦਾਬਨ, ਗੋਕੁਲ, ਬਰਸਾਨੇ ਅਤੇ ਗਿਰਵਰ ਪਰਬਤ ਦੇ ਚੌਫੇਰੇ ਵੱਸੇ ਹੋਏ ਪਿੰਡ ਨਿਵਾਸੀਆਂ ਗੋਪ-ਗੋਪੀਆਂ ਨਾਲ, ਪਹਿਲੀ ਵਾਰ ਹੋਲੀ ਖੇਡ ਕੇ, ਭਗਵਾਨ ਸ੍ਰੀ ਕ੍ਰਿਸ਼ਨ ਨੇ, ਪ੍ਰਹਿਲਾਦ ਦੇ ਜੀਵਨ-ਪ੍ਰਸੰਗ ਤੇ ਆਧਾਰਤ ਹੋਲੀ ਨੂੰ, ਰੰਗਾਂ ਦੇ ਨਾਲ, ਉਮਾਹ-ਉਲਾਸ ਦੇ ਉਤਸਵ ਰੂਪ ਵਿੱਚ ਆਰੰਭ ਕੀਤਾ। ਇਹ ਇੱਕ ਮਨੋਵਿਗਿਆਨਕ ਪ੍ਰਯੋਗ ਸੀ। ਦਹਿਸ਼ਤ ਅਤੇ ਭੈਅਗ੍ਰਸਤ ਲੋਕਾਂ ਵਿੱਚ, ਹਾਸ-ਬਿਲਾਸ-ਪਰਿਹਾਸ ਰਾਹੀਂ ਆਤਮ-ਸ਼ਕਤੀ ਜਗਾਉਣ ਦਾ ਪਹਿਲਾ ਪ੍ਰਯੋਗ!

ਗੁਰੂ ਨਾਨਕ ਧਰਮ-ਦਰਸ਼ਨ ਵਿੱਚ ਮਾਘ, ਫੱਗਣ ਅਤੇ ਚੇਤ, ਤਿੰਨ ਮਹੀਨਿਆਂ

ਨੂੰ ਬਸੰਤ ਦੀ ਉਪਮਾ ਦਿੱਤੀ ਗਈ। ਮਾਘ ਮਹੀਨੇ, ਸੂਰਜ ਮੱਕਰ ਰਾਸ਼ੀ ਵਿੱਚ ਪ੍ਰਵੇਸ਼ ਕੀਤਾ... ਜੋਤਿਸ਼ ਸ਼ਾਸਤ੍ਰ ਅਨੁਸਾਰ, "ਉਤਰਾਇਣ" ਹੋਇਆ... ਸ਼ੁੱਭ ਦਿਹਾੜੇ ਆਰੰਭ ਹੋਏ। ਭਾਈ ਮਰਦਾਨੇ ਨੇ ਰਬਾਬ ਸੁਰ ਕੀਤੀ, ਗੁਰੂ ਨਾਨਕ ਪਾਤਸ਼ਾਹ ਨੇ ਬਾਣੀ ਉਚਾਰੀ, ਬਸੰਤ ਰਾਗ ਵਿੱਚ—

"ਮਾਹਾ ਮਾਹ ਮੁਮਾਰਖੀ ਚੜਿਆ ਸਦਾ ਬਸੰਤੁ ॥
ਪਰਫੜੁ ਚਿਤ ਸਮਾਲਿ ਸੋਇ ਸਦਾ ਸਦਾ ਗੋਬਿੰਦੁ ॥ (ਪੰਨਾ 1168)

ਬਾਰਹ ਮਾਹਾ 'ਚੋਂ ਵਿਸ਼ੇਸ਼ ਕ੍ਰਿਪਾ ਪ੍ਰਾਪਤ, ਇਹ ਮਾਹ, ਬਹੁਤ ਮਹੱਤਵਪੂਰਨ ਹੈ... ਬਹੁਤ ਉਪਯੋਗੀ ਹੈ। ਪਰਮੇਸ਼ਰ ਤੋਂ ਵਿਸ਼ੇਸ਼ ਵਰ ਪ੍ਰਾਪਤ, ਇਸ ਖੁਸ਼ਗਵਾਰ ਰੁੱਤ ਵਿੱਚ, ਪ੍ਰਫੁੱਲਤ ਆਤਮ-ਚੇਤਨਾ, ਪ੍ਰਭੂ ਚਿੰਤਨ ਵਿੱਚ ਲੀਨ ਹੋਣ ਲਈ ਵਰਤੇ। ਬਦਲੀ ਹੋਈ ਰੁੱਤ, ਪ੍ਰਫੁੱਲਤ ਨਦੀਆਂ, ਰੁੱਖ, ਪਹਾੜ, ਪਸ਼ੂ, ਪੰਖੀ, ਮੁਨੱਖ, ਸਭ ਮਉਲ ਰਹੇ ਹਨ। ਇਨ੍ਹਾਂ ਸਾਰਿਆਂ ਵਿੱਚ ਮੌਜੂਦ ਪਰਮਾਤਮਾ ਵੀ ਮਉਲ ਰਿਹੈ। ਸਾਰੇ ਖੇੜੇ ਵਿੱਚ ਹਨ—

"ਮਉਲੀ ਧਰਤੀ ਮਉਲਿਆ ਆਕਾਸੁ ॥
ਘਟਿ ਘਟਿ ਮਉਲਿਆ ਆਤਮ ਪ੍ਰਗਾਸ ॥ (ਭਗਤ ਕਬੀਰ ਜੀ)

ਇਹ, ਆਤਮ-ਚੇਤਨਾ ਦਾ ਅਵਸਰ ਹੈ... ਵਿਕਸਤ ਚੇਤਨਾ ਦਾ ਪਰਮਾਤਮਾ ਵਿੱਚ ਲੈਅ ਹੋਣ ਦੇ ਅਹਿਸਾਸ ਦਾ ਖਿਨ ਹੈ। ਮਾਘ ਬਿਤੀਤ ਹੋਇਆ, ਫੱਗਣ ਆਇਆ। ਦਸਮ ਪਾਤਸ਼ਾਹ ਕਹਿੰਦੇ ਹਨ—

ਮਾਘ ਬਤੀਤ ਭਏ ਰੁਤ ਫਾਗੁਨ ਆਇ ਗਈ
ਸਭ ਖੇਲਤ ਹੋਰੀ ॥" (ਸਵੈਯਾ)

ਦਸਮ ਪਾਤਸ਼ਾਹ ਨੇ ਹੋਲੀ ਦੇ ਪ੍ਰੰਪਰਾਗਤ ਤਿਉਹਾਰ ਨੂੰ ਨਿਵੇਕਲਾ ਰੰਗ ਦਿੱਤਾ। ਰੂਹਾਂ ਨੂੰ ਰੰਗ ਕੇ, ਇੱਕ ਵਿਸ਼ੇਸ਼ ਆਤਮ ਸ਼ਕਤੀ ਜਾਗ੍ਰਿਤ ਕਰ ਕੇ, ਭਗਤੀ ਦਾ ਰੰਗ! ਵਿਦੇਸ਼ੀ ਹਮਲਾਵਰਾਂ, ਹੁਕਮਰਾਨਾਂ ਤੋਂ ਦੇਸ਼ ਅਤੇ ਕੌਮ ਦੀ ਮੁਕਤੀ ਜੋਗ ਸੂਰਬੀਰਤਾ ਭਰੇ ਸੰਕਲਪ ਦਾ ਤਿਉਹਾਰ! ਹੋਲੀ ਦਾ ਨਵਾਂ ਸੰਸਕਰਨ, "ਹੋਲਾ ਮਹੱਲਾ!"

ਫੱਗਣ ਬਿਤੀਤ ਹੋਇਆ, ਚੇਤ ਚੜ੍ਹਿਆ। ਵਗਦੀ ਹਵਾ ਵਿੱਚ ਅਜੇ ਬਸੰਤੀ-ਬਯਾਰ ਦਾ ਅਹਿਸਾਸ ਹੈ। ਸ੍ਰੀ ਗੁਰੂ ਨਾਨਕ ਪਾਤਸ਼ਾਹ, ਤੁਖਾਰੀ ਰਾਗ ਵਿੱਚ ਕਹਿੰਦੇ ਹਨ—

"ਚੇਤੁ ਬਸੰਤ ਭਲਾ, ਭਵਰ ਸੁਹਾਵੜੇ ॥"

ਅਤਿ ਦੀ ਸਰਦ ਰੁੱਤ ਅਤੇ ਫਿਰ ਅਤਿ ਦੀ ਗਰਮੀ... ਦੋਹਾਂ ਦੇ ਵਿਚਕਾਰਲੀ ਤਿਮਾਹੀ, ਮਾਘ, ਫੱਗਣ ਅਤੇ ਚੇਤ, ਸਮ ਕਾਲ ਹੈ। ਨਾ ਬਹੁਤੀ ਠੰਢ ਨਾ ਬਹੁਤੀ ਗਰਮੀ। ਇਹ "ਸਮ" ਹੀ, ਕੁਦਰਤ ਵੱਲੋਂ ਪ੍ਰਗਟਾਇਆ ਗਿਆ, ਫਾਗ-ਖੇੜੇ ਦਾ ਸੰਕੇਤ ਹੈ। ਇਹ ਸਮ ਫਾਗ ਤੋਂ ਪੂਰਵ ਦੀ ਸ਼ਰਤ ਹੈ। ਫਾਗ, ਅਨੰਦ ਦਾ ਪ੍ਰਤੀਕ ਹੈ। ਪੰਜਵੇਂ ਪਾਤਸ਼ਾਹ ਕਹਿੰਦੇ ਹਨ, ਹਰਖ ਅਤੇ ਸੋਗ ਦੇ ਮੱਧ ਸਥਿਤ ਮਨੁੱਖ ਹੀ ਅਨੰਦ ਦਾ ਅਧਿਕਾਰੀ ਹੁੰਦੈ—

"ਤੈਸਾ ਹਰਖੁ ਤੈਸਾ ਉਸੁ ਸੋਗੁ ॥
ਸਦਾ ਅਨੰਦ ਤਹ ਨਹੀਂ ਬਿਉਗੁ ॥" (ਸੁਖਮਨੀ ਸਾਹਿਬ)

ਸਿੱਖ ਸਜਾਉਣ ਤੋਂ ਪਹਿਲਾਂ, ਦਸਮ ਪਿਤਾ ਨੇ ਸਿਰ ਮੰਗ ਲਏ। ਇਹ ਪ੍ਰਸੰਗ ਸੰਕੇਤਕ ਹੈ। ਸਿਰ ਵਿੱਚ ਹੀ, ਬੁੱਧੀ ਦੇ ਤਰਕ-ਕੁਤਰਕ ਹਨ... ਵਿਵਾਦ ਹਨ। ਸਿਰ ਵਿੱਚ ਹੀ ਮਨ ਦੇ ਅਨੰਤ ਵਿਚਾਰ ਹਨ... ਲੋਭ, ਕਾਮ, ਅਤੇ ਸੁਆਰਥ ਹੈ, ਨਿੱਜ ਹਿੱਤ ਦੀ ਕਾਮਨਾ ਹੈ। ਦਸਮ ਪਾਤਸ਼ਾਹ ਨੇ ਸਿਰ ਲੈ ਲਏ। ਸਿਰ ਤੋਂ ਵਿਹੀਨ ਧੜ ਵਿਚਾਰਾਂ-ਕਾਮਨਾਵਾਂ ਤੋਂ ਸੁੰਨ ਦੇਹ! ਇਹ ਸਮ ਦੀ ਸਥਿਤੀ ਸੀ। ਫਿਰ, ਧੜ ਤੇ ਸਤਿਗੁਰੂ ਨੇ ਜਦੋਂ ਸਿਰ ਜੋੜਿਆ ਤਾਂ ਜਿਹੜਾ ਨਵਾਂ ਜੀਵਨ ਸਿਰਜਤ ਹੋਇਆ, ਉਹ ਹਰਖ ਅਤੇ ਸੋਗ, ਜੀਵਨ ਪ੍ਰਤੀ ਲੋਭ, ਮੋਹ ਅਤੇ ਭੈਅ ਤੋਂ ਮੁਕਤ ਸੀ। ਇਹ ਸਿੱਖ, ਸਦਾ ਅਨੰਦ ਵਿੱਚ... ਚੜ੍ਹਦੀ ਕਲਾ ਵਿੱਚ ਰਹਿਣ ਦੀ ਜਾਚ ਸਿੱਖ ਗਿਆ।

ਅਬਦੁਲਸ਼ਾਹ ਅਬਦਾਲੀ, ਸੰਨ 1761, ਪਾਨੀਪਤ ਦੀ ਤੀਸਰੀ ਜੰਗ ਵਿੱਚ, ਮਰਾਠਾ ਸਰਦਾਰ, "ਸਦਾਸ਼ਿਵ ਰਾਵ ਭਾਉ" ਨੂੰ ਹਰਾ ਕੇ ਅਜਿੱਤ ਦਾ ਡੰਕਾ ਵਜਾਇਆ। ਸਾਰੇ ਹਿੰਦੁਸਤਾਨੀ ਰਾਜਿਆਂ ਦੇ ਮਹਿਲ ਅਤੇ ਮੰਦਰਾਂ ਦੇ ਸੋਨਾ-ਚਾਂਦੀ, ਹੀਰੇ-ਜਵਾਹਰਾਤ ਅਤੇ ਖ਼ੂਬਸੂਰਤ ਔਰਤਾਂ ਲੁੱਟ ਕੇ, ਅਫ਼ਗਾਨਿਸਤਾਨ ਦੇ ਰਾਹ ਪਿਆ। ਪੰਜਾਬ 'ਚੋਂ ਲੰਘਦਿਆਂ ਇੱਕ ਪਾਸਿਓਂ, ਕਰੋੜਾਂ ਮਿਸਲ ਦੇ ਜਥੇਦਾਰ ਬਘੇਲ ਸਿੰਘ ਅਤੇ ਦੂਜੇ ਪਾਸਿਓਂ, ਸ੍ਰ. ਜੱਸਾ ਸਿੰਘ ਰਾਮਗੜ੍ਹੀਆ ਦੀਆਂ ਫੌਜਾਂ ਨੇ, ਅਚਾਨਚਕ ਹਮਲਾ ਕਰ ਕੇ ਬਹੁਤੀ ਫੌਜ ਅਬਦਾਲੀ ਦੀ ਮਾਰ ਦਿੱਤੀ ਅਤੇ ਮਾਲ-ਅਸਬਾਬ ਸਾਰਾ ਖੋਹ ਲਿਆ। ਭਾਰਤੀ ਔਰਤਾਂ ਨੂੰ ਮੁਕਤ ਕਰਵਾ ਕੇ, ਘਰ ਤੱਕ ਭੇਜਣ ਦਾ ਬੰਦੋਬਸਤ ਕੀਤਾ। ਅਬਦਾਲੀ ਨੇ ਦੂਜੀ ਵਾਰ, ਫਿਰ ਫੌਜ ਇਕੱਠੀ ਕੀਤੀ... ਹਿੰਦੁਸਤਾਨ ਲੁੱਟਿਆ। ਵਾਪਸ ਜਾਂਦਿਆਂ, ਸਿੱਖਾਂ ਨੇ ਸਾਰਾ ਮਾਲ ਖੋਹ ਲਿਆ... ਬਹੁਤੀ ਫੌਜ ਵੀ ਮਾਰ ਦਿੱਤੀ। ਕਹਿੰਦੇ ਹਨ, ਸੰਨ 1747 ਤੋਂ ਸੰਨ 1769 ਦੇ ਵਿਚਾਲੇ, ਦੋ ਵਾਰ ਅਬਦਾਲੀ ਨੇ ਹਮਲਾ ਕੀਤਾ। ਸਾਰਾ ਹਿੰਦੁਸਤਾਨ ਜਿੱਤ-ਖੋਹ ਕੇ ਮੁੜ੍ਹਦਾ, ਸਿੱਖਾਂ ਅੱਗੇ ਪੇਸ਼ ਨਾ ਜਾਂਦੀ। ਅਖੀਰ ਇੱਕ ਵੱਡਾ ਟਾਕਰਾ ਹੋਇਆ। ਅਬਦੁਲਸ਼ਾਹ ਅਬਦਾਲੀ ਅਤੇ ਸਿੱਖ ਫ਼ੌਜਾਂ ਵਿੱਚ ਆਹਮਣੇ-ਸਾਹਮਣੇ ਦੀ ਜ਼ੋਰਦਾਰ ਜੰਗ ਹੋਈ। ਅਬਦਾਲੀ ਫੌਜ ਵੱਡੀ ਗਿਣਤੀ ਵਿੱਚ ਮਾਰੀ ਗਈ, ਬਹੁਤ ਜ਼ਖ਼ਮੀ ਵੀ ਹੋਏ। ਤਕਰੀਬਨ 40 ਹਜ਼ਾਰ ਸਿੱਖ ਵੀ ਮਰੇ। ਸ਼ਾਮਾਂ ਨੂੰ ਮੈਦਾਨ-ਏ-ਜੰਗ ਵਿੱਚ, ਸ੍ਰ. ਜੱਸਾ ਸਿੰਘ ਰਾਮਗੜ੍ਹੀਆ ਨੇ "ਰਹਿਰਾਸ" ਪਾਠ ਕੀਤਾ। ਅਰਦਾਸ ਗੁਰੂ ਚਰਨਾਂ ਵਿੱਚ ਕੀਤੀ, ਸਤਿਗੁਰੂ ਪਾਤਸ਼ਾਹ, ਤੁਹਾਡੀ ਰਜ਼ਾ ਅਨੁਸਾਰ ਧਰਮਯੁੱਧ ਕਰਦਿਆਂ, ਕਈ ਪਿਆਰੇ ਸਿੰਘਾਂ ਨੇ ਸ਼ਹੀਦੀਆਂ ਪਾਈਆਂ ਹਨ... ਆਪਣੇ ਚਰਨਾਂ ਵਿੱਚ ਪਰਵਾਨ ਕਰੋ... ਕੱਲ੍ਹ ਦੀ ਹੋਰ ਵੱਡੀ ਜੰਗ ਲਈ... ਹੁਕਮਨਾਮਾ ਬਖ਼ਸ਼ੋ! ਅਬਦਾਲੀ ਦੇ ਜਾਸੂਸ ਨੇ ਸਾਰੀ ਖ਼ਬਰ, ਰਹਿਰਾਸ ਪਾਠ, ਅਰਦਾਸ ਦੇ ਬੋਲਾਂ ਸਹਿਤ, ਜਾ ਪਹੁੰਚਾਈ। ਅੱਧੀ ਪਠਾਨ ਫੌਜ ਮਰਵਾ ਕੇ, ਅਬਦਾਲੀ ਤਾਂ ਪਹਿਲੇ ਦਿਨ ਹੀ ਪਸਤ ਪੈ ਗਿਆ। ਸਿੱਖ ਭਲਕ ਦੀ ਜੰਗ ਲਈ—ਗੁਰੂ ਤੋਂ ਅਰਦਾਸ ਰਾਹੀਂ ਆਗਿਆ ਲੈ ਰਹੇ ਸਨ। ਅਬਦਾਲੀ ਭੱਜ ਕੇ

ਅਫ਼ਗਾਨਿਸਤਾਨ, ਆਪਣੇ ਪੀਰ, ਨੂਰ ਮੁਹੰਮਦ ਕੋਲ ਪੁੱਜਿਆ। ਸਿੱਖਾਂ ਹੱਥੋਂ ਮਿਲੀ ਸ਼ਿਕੱਸਤ ਦਾ ਸਾਰਾ ਬ੍ਰਿਤਾਂਤ ਸੁਣਾਇਆ। ਨੂਰ ਮੁਹੰਮਦ ਕਿਹਾ, ਤੁਸੀਂ ਸਿੱਖਾਂ ਬਾਬਤ ਕੁੱਤੇ, ਜਿਹੇ ਸ਼ਬਦਾਂ ਦੀ ਵਰਤੋਂ ਕਰਦੇ ਹੋ, "ਵਤਸ-ਏ-ਸਗਾ"... ਕੁੱਤੇ ਦੇ ਪੁੱਤ! ਮੈਂ ਤੁਹਾਨੂੰ ਦੱਸਦਾਂ ਸਿੱਖ ਕੀ ਹੁੰਦੇ ਹਨ—

"ਸਗਾ ਰਾ ਮਦੂਰ, ਤਿਹਤ ਫੁਨਿ ਸ਼ੇਰ॥
ਬਾ ਮਾਦਾਨੇ ਮਰਦਾਂ ਕਿ ਸ਼ੇਰਾ ਦਿਲੇਰ॥

ਸਿੱਖ, ਸ਼ੇਰਾਂ ਤੋਂ ਵੱਧ ਬਹਾਦੁਰ ਅਤੇ ਦਲੇਰ ਹੁੰਦੇ ਹਨ। ਤੁਸੀਂ ਜਾਬਰ ਹੋ, ਲੁਟੇਰੇ ਹੋ, ਐਯਾਸ਼ ਹੋ। ਲੋਕਾਂ ਦੀਆਂ ਧੀਆਂ ਭੈਣਾਂ ਨਾਲ ਜਬਰ ਜਿਨਹਾ ਕਰਦੇ ਹੋ। ਉਹ, ਸਾਫ ਸਫਾਕ ਸਿੱਖ, ਲੋਕਾਂ ਦੀਆਂ ਧੀਆਂ ਭੈਣਾਂ ਨੂੰ, ਉਨ੍ਹਾਂ ਦੇ ਘਰਾਂ ਤੱਕ ਮਹਿਫੂਜ਼ ਛੱਡ ਕੇ ਆਉਂਦੇ ਹਨ। ਉਹਨਾਂ ਨੂੰ ਜਿੱਤਣਾ, ਨਾ ਮੁਮਕਿਨ ਹੈ। ਜੰਗ ਵਿੱਚ ਜ਼ਖ਼ਮੀ ਹੋਇਆ ਸਿੱਖ, ਆਪਣੇ ਗੁਰੂ ਨਾਲ, ਅਰਦਾਸ ਰਾਹੀਂ ਜੁੜਦੈ ਤਾਂ ਨਵੀਂ ਸ਼ਕਤੀ ਲੈ ਕੇ, ਅਗਲੀ ਜੰਗ ਲਈ ਕਮਰਕੱਸਾ ਕਰ ਲੈਂਦਾ ਹੈ।

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਦਸ ਕੁ ਸਾਲਾਂ ਮਗਰੋਂ, ਸੰਨ 1849 ਵਿੱਚ ਪੂਰੀ ਤਰ੍ਹਾਂ ਪੰਜਾਬ 'ਤੇ ਕਾਬਜ ਹੋ ਗਏ। ਕਿੰਗਸ ਕਾਲੇਜ, ਲੰਦਨ ਦੇ ਪ੍ਰੋ. ਜੀ. ਡਬਲਯੂ ਲੇਟਨਰ ਨਾਲ, ਬ੍ਰਿਟਿਸ਼ ਆਲਾ ਹਕੂਮਤ ਨੇ ਸੰਪਰਕ ਕੀਤਾ। ਵਾਰਤਾ ਵਿੱਚ ਕਿਹਾ, ਅਸੀਂ ਭੰਨ-ਤੋੜ ਕਰ ਕੇ ਕਿਸੇ ਜੁਗਤ ਨਾਲ, ਕਾਬਜ਼ ਤਾਂ ਹੋ ਗਏ ਹਾਂ। ਪਰ ਅਸੀਂ ਜਾਣਦੇ ਹਾਂ, ਪੰਜਾਬ ਵਾਸੀਆਂ ਨੂੰ ਬਹੁਤੇ ਸਮੇਂ ਤੱਕ ਗੁਲਾਮ ਨਹੀਂ ਰੱਖ ਸਕਦੇ। ਇਹਨਾਂ ਨੂੰ ਦੀਰਘਕਾਲ ਤੱਕ ਅਧੀਨ ਰੱਖਣ ਦੀ ਤਰਕੀਬ ਦੱਸੋ। ਪ੍ਰੋ. ਲੇਟਨਰ ਬਹੁਤ ਵੱਡਾ ਵਿਦਵਾਨ ਸੀ। ਕਹਿੰਦੇ ਹਨ ਕਿ ਉਹ ਪੰਜਾਹ ਭਾਸ਼ਾਵਾਂ ਵਿੱਚ, ਪਾਣੀ ਵਾਂਗ ਬੋਲ ਸਕਦਾ ਸੀ.... ਨੀਤੀ ਸ਼ਾਸਤਰ ਦਾ ਮਾਹਿਰ ਸੀ। ਅੰਗ੍ਰੇਜ਼ ਹਕੂਮਤ ਨੇ ਮੂੰਹ ਮੰਗੀ ਰਕਮ ਦੇਣ ਦੀ ਪੇਸ਼ਕਸ਼ ਕੀਤੀ। ਉਸ ਕਿਹਾ, ਮੈਂ, ਇੱਕ ਮਹੀਨਾ ਪੰਜਾਬ ਦੌਰੇ ਤੋਂ ਮਗਰੋਂ ਕੁਝ ਕਹਿ ਸਕਾਂਗਾ। ਉਹ ਪੰਜਾਬ ਆਇਆ। ਕਈ ਪਿੰਡਾਂ, ਕਸਬਿਆਂ ਵਿੱਚ ਫਿਰਿਆ। ਪੰਜਾਬੀ ਜੀਵਨ-ਚਰਿਆ ਵੇਖੀ। ਹਰ ਪਿੰਡ ਵਿੱਚ, ਗੁਰਦੁਆਰੇ, ਮੰਦਰ, ਮਸੀਤਾਂ ਵੇਖੀਆਂ। ਉਹਨਾਂ ਗੁਰਦੁਆਰਿਆਂ, ਮੰਦਰਾਂ, ਮਸੀਤਾਂ ਨਾਲ ਚਲਦੇ ਹੋਏ ਬਾਲ ਸਿੱਖਿਆ ਕੇਂਦਰ ਵੇਖੇ। ਸੰਨ 1930 ਦਾ ਮਹਾਰਾਜਾ ਰਣਜੀਤ ਸਿੰਘ ਦਾ, ਧਰਮ ਸਥਾਨਾਂ ਬਾਬਤ ਐਲਾਨ ਪੜ੍ਹਿਆ, ਜਿਸ ਵਿੱਚ ਸਪੱਸ਼ਟ ਘੋਸ਼ਣਾ ਕੀਤੀ ਗਈ ਸੀ, "ਕਿਸੇ ਮਜ਼ਹਬ ਲਈ ਧਰਮ ਸਥਾਨ ਦੀ ਮਨਜ਼ੂਰੀ ਮੁਜਗ ਲਾਜ਼ਮੀ ਸ਼ਰਤ ਹੈ, ਉਕਤ ਧਰਮ ਅਦਾਰੇ ਅੰਦਰ "ਬਾਲ ਸਿੱਖਿਆ ਕੇਂਦਰ" ਦਾ ਸੰਚਾਲਤ ਹੋਣਾ। ਬਾਲ ਸਿੱਖਿਆ ਦੀ ਵਿਵਸਥਾ ਤੋਂ ਬਗ਼ੈਰ, ਕਿਸੇ ਧਰਮ ਸਥਾਨ ਨੂੰ ਖਾਲਸਾ ਰਾਜ ਵੱਲੋਂ ਮੰਜ਼ੂਰੀ ਨਹੀਂ ਮਿਲੇਗੀ। ਉਹਨਾਂ ਗੁਰਦੁਆਰਿਆਂ, ਮੰਦਰਾਂ ਅਤੇ ਮਸੀਤਾਂ ਵਿੱਚ, ਗੁਰੂਆਂ, ਅਵਤਾਰਾਂ ਅਤੇ ਪੀਰਾਂ-ਪੈਗੰਬਰਾਂ ਦੀਆਂ ਸਾਖੀਆਂ, ਪ੍ਰਸੰਗਾਂ ਰਾਹੀਂ ਛੋਟੇ ਬਾਲਕਾਂ ਨੂੰ ਆਪਣੇ ਇਸ਼ਟ ਨਾਲ ਜੋੜ ਕੇ, ਇੱਕ ਸਾਕਾਰਾਤਮਕ ਊਰਜਾ ਨਾਲ ਭਰਿਆ ਜਾਂਦਾ ਸੀ। ਕਿਸੇ ਔਖੀ ਘੜੀ ਵਿੱਚ, ਕਿਸੇ ਮੰਦਭਾਗੇ ਖਿਨ ਵਿੱਚ ਵੀ, ਚੜ੍ਹਦੀ ਕਲਾ ਵਿੱਚ

ਰਹਿਣ ਦਾ ਅਭਿਆਸ ਕਰਵਾਇਆ ਜਾਂਦਾ ਸੀ। ਸੁਖ ਵਿੱਚ ਸ਼ੁਕਰਾਨਾ, ਦੁਖ ਵੇਲੇ ਅਰਦਾਸ ਅਤੇ ਹਰ ਵੇਲੇ ਸਿਮਰਨ ਵਾਲੀ ਇਬਾਰਤ ਨੂੰ ਸਾਖਿਆਤ ਵਰਤਦਾ ਵੇਖਿਆ। ਇੱਕ ਮਹੀਨੇ ਮਗਰੋਂ, ਪ੍ਰੋ. ਲੇਟਨਰ ਨੇ ਇਹ ਸ਼ਰਤਾਂ ਰੱਖੀਆਂ—

1. ਜਦੋਂ ਵੀ, ਜਿੰਨੀ ਵੀ ਮਾਇਆ ਦੀ ਲੋੜ ਪਵੇ ਤਾਂ ਤਤਕਾਲ ਮੁਹੱਈਆ ਕਰਵਾਈ ਜਾਵੇਗੀ।

2. ਜ਼ਰੂਰਤ ਅਨੁਸਾਰ, ਕਾਨੂੰਨ ਵਿੱਚ ਸੰਸ਼ੋਧਨ ਜਾਂ ਨਵੇਂ ਕਾਨੂੰਨ ਵੀ ਬਣਾ ਕੇ ਮੌਲਿਕ ਅਧਿਕਾਰਾਂ ਵਿੱਚ ਕੱਟ ਵੱਢ ਕੀਤੀ ਜਾ ਸਕੇਗੀ।

3. ਜ਼ਰੂਰਤ ਅਨੁਸਾਰ, ਪੰਜਾਬ ਦੇ ਕਿਸੇ ਵੀ ਮਹਿਕਮੇ ਦੇ ਕਿਸੇ ਵੀ ਅਹੁਦੇ ’ਤੇ ਮੇਰਾ ਤਬਾਦਲਾ ਤਤਕਾਲ ਲਾਜ਼ਮੀ ਕੀਤਾ ਜਾਵੇ।

4. ਮੈਂ ਕੰਮ ਦੀ ਰਿਪੋਰਟ, ਸਿਧਿਆਂ, “ਬ੍ਰਿਟਿਸ਼ ਕੋਲੋਨੀਅਲ ਐਡਮਨਿਸਟ੍ਰੇਟਰ” ਨੂੰ ਕਰਾਂਗਾ... ਵਿਚਾਲੇ ਕੋਈ ਕਮਿਸ਼ਨਰ, ਡਿਪਟੀ ਕਮਿਸ਼ਨਰ, ਪੁਲਿਸ ਕਪਤਾਨ ਜਾਂ ਹੋਰ ਕੋਈ ਵੀ ਅਧਿਕਾਰੀ ਮੇਰੇ ਨਾਲ ਸਵਾਲ-ਜਵਾਬ ਨਹੀਂ ਕਰੇਗਾ।

ਉਪਰੋਕਤ ਸ਼ਰਤਾਂ ਤੋਂ, ਪ੍ਰੋ. ਲੇਟਨਰ ਦੀ ਹੈਸੀਅਤ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ... ਔਰ ਇਹ ਸਾਰੀਆਂ ਸ਼ਰਤਾਂ ਹੂ-ਬ-ਹੂ, ਬ੍ਰਿਟਿਸ਼ ਹਕੂਮਤ, ਇੰਗਲੈਂਡ ਵੱਲੋਂ ਮੰਨ ਲਈਆਂ ਗਈਆਂ।

ਪ੍ਰੋ. ਲੇਟਨਰ ਨੇ ਪਹਿਲੀ ਮੁਹਿੰਮ ਤੋਰੀ—ਪੰਜਾਬ ਦੇ ਧਰਮ ਸਥਾਨਾਂ ਨਾਲ ਜੁੜੇ ਹੋਏ, ਬਾਲ ਸਿੱਖਿਆ ਕੇਂਦਰ ਬੰਦ ਕਰਵਾ ਦਿੱਤੇ ਜਾਣ। ਸਿੱਖਿਆ, ਵਿਸ਼ੇਸ਼ ਕਰ ਸਥਾਨਕ ਮਾਤ ਭਾਸ਼ਾ ਸਿੱਖਿਆ ਦੀ, ਕਿਤੇ ਵਿਵਸਥਾ ਨਾ ਰਹਿਣ ਦਿੱਤੀ ਜਾਏ। ਸਿੱਖਿਆ ਲਈ, ਹਰ ਸ਼ਹਿਰ, ਕਸਬਿਆਂ ਵਿੱਚ, ਹੋ ਸਕੇ ਤਾਂ ਵੱਡੀ ਆਬਾਦੀ ਵਾਲੇ ਪਿੰਡਾਂ ਵਿੱਚ ਵੀ, ਮਿਸ਼ਨਰੀ ਸਕੂਲਾਂ ਰਾਹੀਂ, ਅੰਗਰੇਜ਼ੀ ਭਾਸ਼ਾ ਅਤੇ ਅੰਗਰੇਜ਼ੀ ਸੱਭਿਆਚਾਰ ਦਾ ਪ੍ਰਚਾਰ ਪ੍ਰਸਾਰ ਕੀਤਾ ਜਾਏ। ਅੰਗਰੇਜ਼ੀ-ਸਿੱਖਿਆ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਨੂੰ, ਵਿਸ਼ੇਸ਼ ਆਰਥਿਕ ਛੋਟ ਦਿੱਤੀ ਜਾਏ ਅਤੇ ਹਰ ਅੰਗਰੇਜ਼ੀ ਡਿਗਰੀ ਮੁਜਗ ਸਰਕਾਰੀ ਨੌਕਰੀ ਦੀ ਗਾਰੰਟੀ ਹੋਵੇ।

ਪ੍ਰੋ. ਲੇਟਨਰ ਦੇ ਸੁਝਾਅ ਅਨੁਸਾਰ, ਸੰਨ 1934 ਤੋਂ ਲਾਗੂ ਲਾਰਡ ਮੈਕਾਲੇ ਦੀ ਸਿੱਖਿਆ ਪ੍ਰਣਾਲੀ ਅਤੇ ਸੰਨ 1935 ਤੋਂ ਲਾਗੂ “ਮਿਸ਼ਨ ਲੁਧਿਆਣਾ” ਦੇ ਤਹਿਤ, ਈਸਾਈ ਧਰਮ ਪ੍ਰਚਾਰ ਕੇਂਦਰ ਦੀਆਂ, ਵੱਧ ਤੋਂ ਵੱਧ ਸ਼ਾਖਾਵਾਂ ਆਰੰਭ ਕੀਤੀਆਂ ਜਾਣ।

ਪ੍ਰੋ. ਲੇਟਨਰ ਨੇ ਸੰਨ 1890 ਵਿੱਚ ਲਿਖੀ ਕਿਤਾਬ “ਦੀ ਇੰਡੀਜੇਨਸ ਐਜੂਕੇਸ਼ਨ ਇਨ ਪੰਜਾਬ” ਵਿੱਚ ਆਪਣੀ ਕਾਰਜ ਪ੍ਰਣਾਲੀ ਅਤੇ ਉਸ ਤੋਂ ਪ੍ਰਾਪਤ ਸਫਲਤਾ ਦੇ ਕ੍ਰਮ ਵਿੱਚ, ਗੁਰਦੁਆਰਿਆਂ ਅਤੇ ਘਰਾਂ ਵਿੱਚ, ਉਸ ਵੇਲੇ ਦੇ ਮੁੱਲ ਇੱਕ-ਇੱਕ ਪੈਸੇ ਵਿੱਚ ਖਰੀਦੇ ਗਏ ਗੁਰਮੁਖੀ—ਕੈਦੇ, ਅੰਗਰੇਜ਼ੀ ਪ੍ਰਸ਼ਾਸਨ ਵੱਲੋਂ 6-6 ਆਨਿਆਂ (24 ਪੈਸਿਆਂ) ਦੇ ਮੁੱਲ ’ਤੇ ਖਰੀਦ ਲਏ ਗਏ ਅਤੇ ਅੱਗੋਂ ਪੜ੍ਹਨ ਲਈ ਇਸਾਈ ਮਿਸ਼ਨਰੀ ਕਿਤਾਬਾਂ ਅਤੇ ਬੁਕਲੇਟਸ, ਮੁਫਤ, ਘਰ-ਘਰ ਵੰਡੇ ਗਏ।

ਸਿੱਖੀ ਤੇ ਦੋਹਾਂ ਪਾਸਿਓਂ ਵਾਰ ਹੋਣ ਲੱਗੇ। ਸੰਨ 1708 ਵਿੱਚ, ਦਸਮ ਪਾਤਸ਼ਾਹ ਦਾ ਨਾਂਦੇੜ ਕੌਤਕ। ਸਿੱਖ, ਸਤਿਗੁਰ ਦੇ ਪ੍ਰਤੱਖ ਦਰਸ਼ਨ ਦੀਦਾਰਿਆਂ ਤੋਂ ਵਾਂਝਿਆਂ ਹੋਇਆ ਤਾਂ ਪਿਛਲੇ ਤਕਰੀਬਨ ਡੇਢ ਸੌ ਸਾਲਾਂ ਦੇ ਵਕਫੇ ਵਿੱਚ, ਪੰਜ ਨਦੀਆਂ ਦੇ ਵਗਦੇ ਪਾਣੀਆਂ ਦੇ ਨਾਲ-ਨਾਲ ਸਿੱਖੀ ਰਹੁ ਰੀਤਾਂ, ਦਸਮੇਸ਼ੀ ਮਰਿਆਦਾਵਾਂ, ਕਦਰਾਂ-ਕੀਮਤਾਂ, ਸਿੱਖ ਦਾ ਆਹਾਰ, ਵੀਚਾਰ ਅਤੇ ਵਿਵਹਾਰ, ਜਿਹੇ ਸਿੱਖੀ ਦੇ ਬਹੁਤ ਕੀਮਤੀ ਤੱਤ ਵੀ ਰੁੜ੍ਹ ਗਏ। ਘਰਾਂ 'ਚ ਗੂੰਜਦੀ ਗੁਰਬਾਣੀ, ਸਿੱਖੀ-ਰਹਿਤ, ਸੂਰਬੀਰਤਾ, ਪੰਜਾਬੀ ਸਵੈਮਾਨ, ਕਿਤੇ ਖੰਭ ਲਾ ਕੇ ਉੱਡ ਗਏ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ, ਨਿੱਤ ਦੇ ਪਾਠ-ਸੰਭਾਲ ਤੋਂ ਮਹਿਰੂਮ ਹੋਏ, ਆਲਿਆਂ-ਅਲਮਾਰੀਆਂ ਵਿੱਚ, ਦੀਮਕ, ਮਕੜੀਆਂ ਅਤੇ ਚੂਹਿਆਂ ਦੇ ਵੱਸ ਪੈ ਗਏ। ਉਸ ਵੇਲੇ ਦੇ ਇਤਿਹਾਸਕਾਰ, ਗਿਆਨੀ ਗਿਆਨ ਸਿੰਘ ਜੀ, "ਪੰਥ ਪ੍ਰਕਾਸ਼" ਵਿੱਚ, ਹਾਲਾਤ ਦਾ ਰੇਖਾ ਚਿੱਤਰ ਖਿੱਚਦੇ ਹਨ—

"ਜਾਗ ਜਿਨਕੇ ਵਡੇਰੇ, ਬਾਣੀ ਪੜ੍ਹਤੇ ਸਵੇਰੇ,
ਤਿਨਹੀ ਕੇ ਨਾਤੀ ਧੂਪ ਦੀਪ ਕੀ ਕਹਾਂ ਬਖਿਆਤੀ,
ਪਾਇ ਹੈ ਨ ਝਾਤੀ, ਮੂਸ ਖਾਤ ਗ੍ਰੰਥ ਜੋ ਪਰੈ ॥

ਪੰਜਾਬੀ, ਆਪਣਾ ਵਿਰਸਾ ਭੁੱਲ ਗਏ। ਸਿੱਖ, ਦਸਮ ਪਾਤਸ਼ਾਹ ਨੇ ਆਜ਼ਾਦ ਬਣਾਇਆ... ਸਮੇਂ ਦੇ ਅੰਤਰਾਲ ਵਿੱਚ, ਮਾਸ, ਸ਼ਰਾਬ, ਅਫ਼ੀਮ, ਚੋਰੀ, ਯਾਰੀ, ਜਿਹੇ ਵਿਕਾਰਾਂ ਦੇ ਗੁਲਾਮ ਹੋ ਗਏ। ਪ੍ਰਤੱਖ ਗੁਰੂ ਤੋਂ ਵਿੱਛੜ ਗਏ। ਇੱਕ ਵਾਰ ਜੋ ਤੈਥੋਂ ਦੂਰ ਹੋਇਆ, ਫਿਰ ਆਣ ਬਲਾਵਾਂ ਗਲਿ ਪਈਆਂ॥

ਗੁਰਬਾਣੀ ਪਾਠ-ਅਭਿਆਸ ਦਾ ਨਿਤਨੇਮ ਟੁੱਟ ਗਿਆ.. ਕਲਿਜੁਗ ਸਵਾਰ ਹੋ ਗਿਆ।

ਇਹੋ ਵੇਲਾ ਸੀ, ਸਿਪਾਹੀ ਵਿਦਰੋਹ ਸੰਨ 1857 ਤੋਂ ਪੂਰੀ ਤਰ੍ਹਾਂ ਵੇਹਲੇ ਹੋ ਕੇ, ਪ੍ਰੋ. ਲੇਟਨਰ ਦੀਆਂ ਸ਼ਤਰੰਜੀ ਚਾਲਾਂ ਆਰੰਭ ਹੋਈਆਂ। ਪੰਜਾਬ ਵਿੱਚ, ਗਿਰਜਾ ਘਰ (ਚਰਚ) ਅਤੇ ਮਿਸ਼ਨਰੀ ਸਕੂਲਾਂ ਦਾ ਜਾਲ ਵਿਛਾਉਣ ਦੀ ਮੁਹਿੰਮ ਆਰੰਭ ਹੋਈ। ਸੰਨ 1863 ਤੱਕ, ਇੱਕ ਸਰਵੇਖਣ ਅਨੁਸਾਰ ਢਾਈ ਸੌ ਚਰਚ (ਲੱਗਭੱਗ) ਅਤੇ ਡੇਢ ਸੌ ਅੰਗ੍ਰੇਜ਼ੀ ਮਿਸ਼ਨ ਸਕੂਲ ਖੁੱਲ੍ਹ ਗਏ। ਸਿੱਖਿਆ, ਕਿਤਾਬਾਂ, ਕਾਪੀਆਂ ਮੁਫ਼ਤ, ਉਪਰੋਂ ਜ਼ਰੂਰਤਮੰਦ ਪਰਿਵਾਰ ਦੇ ਵਿਦਿਆਰਥੀਆਂ ਨੂੰ ਵਿਸ਼ੇਸ਼ ਆਰਥਿਕ ਸਹਾਇਤਾ ਅਤੇ ਹੁਸ਼ਿਆਰ ਬੱਚਿਆਂ ਲਈ ਸਕਾਲਰਸ਼ਿਪ ਦੀ ਗਾਰੰਟੀ ਜਿਹੇ ਪ੍ਰਲੋਭਨਾਂ ਕਰ ਕੇ, ਪੰਜਾਬ ਵਿੱਚ ਹਰ ਰੋਜ਼, ਸਿੱਖ ਤੋਂ ਈਸਾਈ ਬਣਨ ਵਾਲਿਆਂ ਦੇ ਆਂਕੜੇ ਵਧਦੇ ਜਾ ਰਹੇ ਸਨ।

ਪਰਮੇਸ਼ਰ ਕਿਰਪਾ ਕੀਤੀ... ਸੰਨ 1857 ਦੀ ਵਿਸਾਖੀ ਨੂੰ ਅੰਮ੍ਰਿਤ ਛਕਾ, "ਸੰਤ ਖਾਲਸਾ" ਦੀ ਚਰਚਾ ਹਰ ਪਾਸੇ ਹੋ ਰਹੀ ਸੀ। ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਅਤੇ ਉਨ੍ਹਾਂ ਵੱਲੋਂ ਥਾਪੇ ਗਏ ਧਰਮ ਪ੍ਰਚਾਰ, ਵਿਦਵਾਨ ਅਤੇ ਸੂਬੇ, ਸਾਰੇ ਪੰਜਾਬ ਵਿੱਚ ਦੌਰੇ ਕਰ ਰਹੇ ਸਨ।

ਘਰ–ਘਰ ਜਾ ਕੇ ਟਰੰਕਾਂ, ਆਲਿਆਂ–ਅਲਮਾਰੀਆਂ ’ਚੋਂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਕੱਢ ਕੇ, ਸੁੱਚੀਆਂ ਰੁਮਾਲੀਆਂ ਨਾਲ ਝਾੜ–ਪੂੰਝ ਕੇ, ਪਵਿੱਤਰ ਪੀੜ੍ਹਿਆਂ ਤੇ ਪ੍ਰਕਾਸ਼ਤ ਕਰਵਾ ਰਹੇ ਸਨ। ਸਵੇਰੇ ਸ਼ਾਮ ਦੋਹਾਂ ਵੇਲੇ, ਗੁਰਬਾਣੀ ਪਾਠ ਅਭਿਆਸ ਕਰਵਾ ਰਹੇ ਸਨ। ਸੰਨ 1864 ਵਿੱਚ, ਸ਼ੇਰੇ ਪੰਜਾਬ ਦਰਬਾਰ ਦਾ ਸਾਬਕਾ ਮੁਖੀ ਅਧਿਕਾਰੀ, ਦੀਵਾਨ ਬੂਟਾ ਸਿੰਘ ਹਥੀਂ, ਲਾਹੌਰ ਵਿੱਚ ਪੰਜਾਬੀ ਲਿਪੀ ਦਾ ਛਾਪਾਖਾਨਾ ਲਵਾ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ, ਸ੍ਰੀ ਦਸਮ ਗ੍ਰੰਥ ਸਾਹਿਬ ਦੀਆਂ ਬੀੜਾਂ, ਗੁਰਬਾਣੀ ਦੇ ਗੁਟਕੇ ਅਤੇ ਸੂਰਬੀਰਤਾ ਪੂਰਨ, ਸਿੱਖਾਂ ਦੇ ਜੀਵਨ ਪ੍ਰਸੰਗ, ਕਹਾਣੀਆਂ ਦੀਆਂ ਪੁਸਤਕਾਂ ਘਰ–ਘਰ ਜਾ ਕੇ ਵੰਡੀਆਂ। ਅੰਗਰੇਜ਼ੀ ਅਹਿਲਕਾਰਾਂ ਨੇ ਜਿੰਨੇ ਕੈਦੇ–ਕਿਤਾਬਾਂ ਘਰਾਂ ’ਚੋਂ ਲਈਆਂ, ਸਤਿਗੁਰਾਂ ਨੇ ਉਸ ਤੋਂ ਵੱਧ, ਉਹਨਾਂ ਘਰਾਂ ਵਿੱਚ ਪੁਚਾਈਆਂ ਅਤੇ ਸਿੱਖਾਂ ਨੂੰ ਆਪਣੇ ਵਿਰਸੇ ਪ੍ਰਤੀ ਸਾਵਧਾਨ ਅਤੇ ਸਮਰਪਿਤ ਹੋਣ ਲਈ ਪ੍ਰੇਰਿਤ ਕੀਤਾ।

ਗਿਆਨੀ ਕਰਤਾਰ ਸਿੰਘ, ਸਾਬਕਾ ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ, ਮਹਾਨ ਕੋਸ਼ ਦੇ ਰਚੇਤਾ, ਭਾਈ ਕਾਹਨ ਸਿੰਘ ਨਾਭਾ, ਪ੍ਰਮੁੱਖ ਸਿੱਖ ਇਤਿਹਾਸਕਾਰ, “ਪੰਥ ਪ੍ਰਕਾਸ਼” ਦੇ ਰਚੇਤਾ, ਗਿਆਨੀ ਗਿਆਨ ਸਿੰਘ ਜਿਹੇ ਪ੍ਰਮੁੱਖ ਸਿੱਖ ਵਿਦਵਾਨਾਂ ਨੇ ਇੱਕ ਸੁਰ ਨਾਲ, ਸਤਿਗੁਰੂ ਰਾਮ ਸਿੰਘ ਜੀ ਨੂੰ ਸਿੱਖੀ ਦੇ ਬੇਸਹਾਰੇ ਬੇੜੇ ਨੂੰ ਝੱਖੜਾਂ, ਹਨੇਰੀਆਂ ’ਚੋਂ ਬਾਹਰ ਕੱਢ ਲਿਆਉਣ ਵਾਲੇ... ਘੁੱਪ ਹਨੇਰੇ ਵਿੱਚ ਨਵੇਂ ਸੁਰਯੋਦੈ ਜਿਹੇ ਸ਼ਬਦ ਅਲੰਕਾਰਾਂ ਨਾਲ ਸਤਿਕਾਰਿਆ ਹੈ। ਪ੍ਰੋ. ਕਰਤਾਰ ਸਿੰਘ, ਐੱਮ.ਏ., ਪ੍ਰਮੁੱਖ ਸਿੱਖ ਇਤਿਹਾਸਕਾਰ ਨੇ “ਸਿੱਖ ਇਤਿਹਾਸ” ਲਿਖਿਆ ਹੈ। ਇਹ ਪੁਸਤਕ, “ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ” ਨੇ ਪ੍ਰਕਾਸ਼ਤ ਕਰਵਾਈ ਹੈ। ਪ੍ਰੋ. ਕਰਤਾਰ ਸਿੰਘ ਜੀ, ਸਿੱਖ ਇਤਿਹਾਸ ਭਾਗ–2 ਦੇ ਪੰਨਾ 202–203 ’ਤੇ ਲਿਖਦੇ ਹਨ—

ਬਾਬਾ ਰਾਮ ਸਿੰਘ ਦੀ ਚਲਾਈ ਹੋਈ, “ਨਾਮਧਾਰੀ ਲਹਿਰ” ਨੇ ਗੁਰਬਾਣੀ ਪਾਠ ਅਭਿਆਸ ਦੀ ਰੌਂ ਚਲਾਈ, ਜ਼ਾਤ–ਪਾਤ ਦੇ ਭਰਮ ਤੇ ਭਿੰਨ–ਭੇਦ ਨੂੰ ਦੂਰ ਕਰਨ ਦੇ ਯਤਨ ਕੀਤੇ ਅਤੇ ਬੇਦੀਆਂ, ਸੋਢੀਆਂ, ਬ੍ਰਾਹਮਣਾਂ ਦੀ ਮਾਨਤਾ ਪੂਜਾ ਦੇ ਵਿਰੁੱਧ ਆਵਾਜ਼ ਉਠਾਈ।

ਸਤਿਗੁਰੂ ਰਾਮ ਸਿੰਘ, ਹਰ ਅੰਗਰੇਜ਼ੀ ਚਾਲ ਨੂੰ ਮਾਤ ਦੇ ਰਹੇ ਸਨ... ਗੁਪਤ ਜਾਂ ਪ੍ਰਗਟ, ਹਰ ਸਾਜ਼ਿਸ਼ ਦੀ ਕਾਟ ਕਰ ਰਹੇ ਸਨ। ਉਹ ਸਮਾਂ, ਪੰਜਾਬ ਅਤੇ ਪੰਜਾਬੀਆਂ ਲਈ ਬਹੁਤ ਸੰਕਟਪੂਰਨ ਸੀ। ਪ੍ਰੋ. ਲੇਟਨਰ ਦੇ ਨਿਰਦੇਸ਼ ਤੇ, ਉਸ ਵੇਲੇ ਮੁੱਖ ਤਿੰਨ ਬਿੰਦੂਆਂ ’ਤੇ, ਸਰਕਾਰੀ ਏਜੰਟ ਫੋਕਸ ਕਰ ਰਹੇ ਸਨ—

(1) ਪੰਜਾਬੀਆਂ ਨੂੰ ਸਿੱਖਿਆ ਤੋਂ ਵਾਂਝਿਆਂ ਕੀਤਾ ਜਾਏ।

(2) ਵਿਸ਼ੇਸ਼ ਕਰ ਕੇ, ਗੁਰ–ਇਤਿਹਾਸ ਅਤੇ ਸਿੱਖ ਸੂਰਬੀਰਤਾ ਦੇ ਪ੍ਰਸੰਗਾਂ ਤੋਂ ਦੂਰ ਕੀਤਾ ਜਾਏ।

(3) ਧਾਰਮਿਕ ਵਿਵਾਦ ਦੇ ਨੁਕਤਿਆਂ ਨੂੰ ਉਛਾਲ ਕੇ, ਪੰਜਾਬੀ ਭਾਈਚਾਰੇ ਵਿੱਚ, ਵੱਖਵਾਦ ਦਾ ਜ਼ਹਿਰ ਘੋਲਿਆ ਜਾਏ।

ਸਾਜ਼ਿਸ਼ ਨਾਲ 1870 ਦੇ ਦਹਾਕੇ ਵਿੱਚ, ਕੁਝ ਘਟਨਾਵਾਂ ਘਟੀਆਂ।

17 ਜਨਵਰੀ ਸੰਨ 1872 ਦੀ ਰਾਤ, ਸਤਿਗੁਰੂ ਰਾਮ ਸਿੰਘ ਜੀ ਨੂੰ ਜਲਾਵਤਨ ਕਰ ਕੇ, ਬਰਮਾ ਨਿਰਵਾਸਤ ਕਰ ਦਿੱਤਾ ਗਿਆ। ਭੈਣੀ ਸਾਹਿਬ ਪੁਲਿਸ ਚੌਂਕੀ ਬਿਠਾ ਕੇ, ਗੁਰੂ ਹਰੀ ਸਿੰਘ ਅਤੇ ਨਾਮਧਾਰੀ ਸੰਗਤ ਨੂੰ ਅਘੋਸ਼ਤ ਨਜ਼ਰਬੰਦ ਕਰ ਦਿੱਤਾ। ਗੁਰਬਾਣੀ ਦੇ ਅਖੰਡ ਪਾਠ ਕਰਨ ਦਾ ਫ਼ਤਵਾ ਲਾ ਕੇ, ਕਈਆਂ ਦੀਆਂ ਜ਼ਮੀਨਾਂ-ਜਾਇਦਾਦਾਂ ਕੁਰਕ ਕਰ ਲਈਆਂ... ਕਈਆਂ ਨੂੰ ਬਾਮੁਸ਼ੱਕਤ ਜੇਲ੍ਹ ਦੀਆਂ ਸਜ਼ਾਵਾਂ ਦਿੱਤੀਆਂ ਗਈਆਂ। ਸਾਰਾ ਪੰਥ, ਬੇਵੱਸ ਅਤੇ ਦਹਿਸ਼ਤ ਦੇ ਘੇਰੇ ਵਿੱਚ ਪਾ ਦਿੱਤਾ। ਹੁਣ ਕੋਈ, ਅੰਗ੍ਰੇਜ਼ੀ ਚਾਲਾਂ ਦਾ ਜਵਾਬ ਅਤੇ ਪ੍ਰਤੀਕਾਟ ਕਰਨ ਵਾਲਾ ਨਹੀਂ ਸੀ।

ਤਾਂ 15 ਸਾਵਣ ਸੰਨ 1873 ਨੂੰ, ਸ੍ਰੀ ਅੰਮ੍ਰਿਤਸਰ ਮੁਖੀ ਸਿੱਖ ਲੀਡਰਾਂ ਦੀ ਇੱਕ ਬੈਠਕ ਹੋਈ। ਸ੍ਰੀ ਗੁਰੂ ਸਿੰਘ ਸਭਾ ਸਥਾਪਤ ਹੋਈ। ਸ੍ਰ. ਠਾਕਰ ਸਿੰਘ ਜੀ ਸੰਧਾਵਾਲੀਏ, ਗਿਆਨੀ ਗਿਆਨ ਸਿੰਘ ਜੀ, ਬਾਬਾ ਖੇਮ ਸਿੰਘ ਬੇਦੀ ਅਤੇ ਕੰਵਰ ਬਿਕ੍ਰਮ ਸਿੰਘ ਜੀ ਕਪੂਰਥਲਾ, ਇਸ ਸਿੰਘ ਸਭਾ ਦੇ ਮੁਖੀਏ ਤੇ ਮੋਢੀ ਸਨ। ਇਹ ਸਾਰਾ ਕੁਝ, ਪ੍ਰੋ. ਲੇਟਨਰ ਦੀ ਤਜਵੀਜ਼ ਮੁਜਗ, ਅੰਜਾਮ ਦੇ ਰਹੇ ਸਨ। ਆਪਸੀ ਤਾਲਮੇਲ ਦੀ ਘਾਟ ਜਾਂ ਵਿਚਾਰਾਂ ਦੇ ਮਤਭੇਦ ਕਰ ਕੇ, ਇਹ ਸਿੰਘ ਸਭਾ ਲਮੇਰਾ ਸਮਾਂ ਨਾ ਕੱਢ ਸਕੀ। ਸੰਨ 1879 ਵਿੱਚ, ਦੂਸਰੀ ਸ੍ਰੀ ਗੁਰੂ ਸਿੰਘ ਸਭਾ, ਲਾਹੌਰ ਸਥਾਪਤ ਹੋਈ। ਅੰਗ੍ਰੇਜ਼ ਹੁਣ, ਤਵਾਜ਼ਨ ਬਣਾਈ ਰੱਖਣ ਹੇਤ, ਆਪ ਜ਼ਾਹਿਰ ਤੌਰ 'ਤੇ ਇਸ ਵਿੱਚ ਸ਼ਾਮਿਲ ਹੋਏ। ਪ੍ਰੋ. ਕਰਤਾਰ ਸਿੰਘ ਐੱਮ.ਏ., ਸਿੱਖ ਇਤਿਹਾਸ ਭਾਗ-2 ਪੰਨਾ 211 'ਤੇ, ਇਤਿਹਾਸਕ ਅਤੇ ਗੁਪਤ ਤੱਥ ਨੂੰ ਖੋਲ੍ਹਦੇ ਹਨ—

"ਇਸ ਸਿੰਘ ਸਭਾ (ਲਾਹੌਰ) ਨੂੰ, ਸਰਕਾਰੀ ਸਹਾਇਤਾ ਤੇ ਸਰਪ੍ਰਸਤੀ ਵੀ ਪ੍ਰਾਪਤ ਸੀ।"

ਅੰਗਰੇਜ਼, ਪੰਜਾਬੀਆਂ ਨੂੰ ਪਾੜਨ ਦਾ ਕੋਈ ਮੌਕਾ ਖੁੰਝਣਾ ਨਹੀਂ ਚਾਹੁੰਦੇ ਸੀ। 1875 ਵਿੱਚ, ਸ੍ਰੀ ਦਯਾਨੰਦ ਸਰਸਵਤੀ ਰਚਿਤ, "ਸਤਿਆਰਥ ਪ੍ਰਕਾਸ਼" ਮੁਕੰਮਲ ਹੋ ਕੇ ਪ੍ਰਕਾਸ਼ਤ ਹੋਇਆ... ਜਾਂ ਜਲਦੀ-ਜਲਦੀ ਪ੍ਰਕਾਸ਼ਤ ਕਰਵਾ ਕੇ ਬਾਜ਼ਾਰ ਵਿੱਚ ਲਿਆਂਦਾ ਗਿਆ। ਇਸ ਗ੍ਰੰਥ ਨੇ ਆਰਿਆ ਸਮਾਜ ਅਤੇ ਵੇਦਾਂਤ ਪੁਨਰ ਸਥਾਪਨਾ ਦੀ ਮਨੋਦਸ਼ਾ ਵਿੱਚ, ਦੂਸਰੀਆਂ ਕਈ ਧਰਮ ਸੰਪਰਦਾਵਾਂ ਦੀ ਧਰਮ ਪ੍ਰਤੀ ਆਸਥਾ, ਪ੍ਰੰਪਰਾ ਅਤੇ ਧਰਮ ਫ਼ਿਲਾਸਫ਼ੀ 'ਤੇ ਸੱਟ ਮਾਰੀ। ਇਸ ਨੇ ਮੂਰਤੀ ਪੂਜਾ ਅਤੇ ਸਿੱਖ ਧਰਮ ਪ੍ਰਤੀਕਾਂ ਅਤੇ ਆਸਥਾ 'ਤੇ ਵੀ ਗਹਿਰੀ ਚੋਟ ਕੀਤੀ। ਇਸ ਗ੍ਰੰਥ, "ਸਤਿਆਰਥ ਪ੍ਰਕਾਸ਼" ਨੇ, ਹਿੰਦੂਆਂ ਨੂੰ ਵੀ ਮੂਰਤੀ ਪੂਜਕ ਅਤੇ ਵੇਦਾਂਤ ਵਿਚਾਰਕ ਦੋ ਵਰਗਾਂ ਵਿੱਚ ਵੰਡ ਦਿੱਤਾ। ਹਿੰਦੂ ਅਤੇ ਸਿੱਖਾਂ ਵਿਚਾਲੇ, ਬੇਟੀ-ਰੋਟੀ ਦੇ ਰਿਸ਼ਤੇ ਵੀ ਦਰੱਖਤ ਦੇ ਪੀਲੇ-ਸੁੱਕੇ ਪੱਤਿਆਂ ਵਾਂਗ ਉੱਡਣ ਲੱਗ ਪਏ।

ਪ੍ਰਮੁੱਖ ਨਾਟਕਕਾਰ, ਨਾਨਕ ਸਿੰਘ ਨਾਵਲਿਸਟ ਨੇ ਆਪਣੀ ਸ੍ਵੈ-ਜੀਵਨੀ "ਮੇਰੀ ਦੁਨੀਆਂ" ਵਿੱਚ, ਸੰਨ 1910 ਦੇ ਕਾਲ ਖੰਡ ਵਿੱਚ, ਪਿਸ਼ਾਵਰ ਵਿੱਚ, ਵਾਪਰ ਰਹੀਆਂ, ਹਿੰਦੂ-ਸਿੱਖ ਵਿਰੋਧੀ ਹਿੰਸਕ ਘਟਨਾਵਾਂ ਦਾ ਜ਼ਿਕਰ ਕੀਤਾ ਹੈ। ਵਿਵਾਦ

ਦਾ ਵਿਸ਼ਾ, "ਸਤਿਆਰਥ ਪ੍ਰਕਾਸ਼" ਵਿੱਚ, ਕੁਝ ਸੰਪਰਦਾਇਕ ਆਸਥਾ ਅਤੇ ਰਹੁ-ਰੀਤਾਂ ਪ੍ਰਤੀ ਵਿਰੋਧ ਜਾਂ ਨਿੰਦਾਯੋਗ ਸ਼ਬਦਾਂ-ਪ੍ਰਸੰਗਾਂ ਨੂੰ, ਮਹਾਂਰਿਸ਼ੀ ਦਯਾਨੰਦ ਸਰਸਵਤੀ ਨਾਲ, ਸਮਾਜ ਦੇ ਕੁਝ ਪਤਵੰਤੇ ਸੱਜਣ-ਚਿੰਤਕ ਮਿਲ ਕੇ, ਗ੍ਰੰਥ 'ਚੋਂ ਬਾਹਰ ਕਢਵਾ ਸਕਦੇ ਸਨ। ਕੁਝ ਜਤਨ ਵੀ ਕੀਤੇ ਗਏ, ਪਰ ਕਿਸੇ ਬਾਹਰਲੇ ਖ਼ੂਨੀ ਹੱਥ ਦੀ ਦਖਲ-ਅੰਦਾਜ਼ੀ ਅਤੇ ਇੱਕ-ਦੂਏ ਨੂੰ ਚੁੱਕ ਦੇਣ ਦੀ ਬਦਨੀਯਤੀ ਨੇ ਸਮਾਜਿਕ-ਸਮਰਸਤਾ ਨਾ ਹੋਣ ਦਿੱਤੀ। ਸਮਾਜ ਬਲਦਾ ਰਿਹਾ। ਹਿੰਦੂ ਅਤੇ ਸਿੱਖ... ਹਿੰਦੂ ਆਰਿਆ ਸਮਾਜੀ ਅਤੇ ਹਿੰਦੂ ਮੂਰਤੀ ਪੂਜਕ, ਇੱਕ-ਦੂਜੇ ਦੇ ਦੁਸ਼ਮਨ ਹੋਏ ਫਿਰਦੇ ਰਹੇ... ਘਾਤ-ਪ੍ਰਤੀਘਾਤ ਹੁੰਦੇ ਰਹੇ। ਕਿਹਾ ਜਾਂਦਾ ਹੈ ਕਿ ਸੰਨ 1875 ਵਿੱਚ ਪ੍ਰਕਾਸ਼ਤ ਇਸ ਪੁਸਤਕ ਨੇ, ਮਾਸ ਨੂੰ ਨਹੁੰ ਤੋਂ ਵੱਖ ਕਰਨ ਦਾ ਯਤਨ ਕੀਤਾ। ਇੱਥੋਂ ਤੱਕ ਕਿ ਸੰਨ 1883 ਵਿੱਚ, ਕਿਹਾ ਜਾਂਦਾ ਹੈ ਕਿ, ਸੇਵਾਦਾਰ ਬਣ, ਕਿਸੇ ਮੂਰਤੀਪੂਜਕ ਹਿੰਦੂ ਨੇ ਸਵਾਮੀ ਦਯਾਨੰਦ ਨੂੰ ਦੁੱਧ ਵਿੱਚ ਜ਼ਹਿਰ ਪਾ ਕੇ ਦੇ ਦਿੱਤਾ। ਸਾਰੇ ਸਰੀਰ ਵਿੱਚ ਜ਼ਹਿਰ ਭਰੇ ਫੋੜੇ ਜਿਹੇ ਚਕੱਤੇ ਫੈਲ ਗਏ ਔਰ ਸੁਆਮੀ ਦਯਾਨੰਦ ਸਰਸਵਤੀ ਦੀ ਮੌਤ ਹੋ ਗਈ।

ਅੰਗਰੇਜ਼ ਚਾਣਕਯ ਸਮਝੇ ਜਾਣ ਵਾਲੇ, ਪ੍ਰੋ. ਲੇਟਨਰ ਦੀ ਦੂਰ ਤੱਕ ਮਾਰ ਕਰਨ ਵਾਲੀ ਕੁਟਿਲ ਨੀਤੀ ਨੇ, ਦਸਮ ਪਾਤਸ਼ਾਹ ਹੱਥੋਂ ਸਿਰਜੇ, ਸਿੱਖ ਸਮਾਜ ਨੂੰ ਵੰਡ ਦਿੱਤਾ। ਸਿੱਖ ਸਮਾਜ, ਸਾਡਾ ਸੀ, ਪਰ ਗੁਰਦੁਆਰਿਆਂ ਦੀਆਂ ਕਮੇਟੀਆਂ ਦਾ ਪ੍ਰਧਾਨ, ਅੰਗਰੇਜ਼ ਸਰਬਰਾਹ ਬਣਾਇਆ ਗਿਆ। ਗੁਰਦੁਆਰੇ ਸਾਡੇ ਪਰ, ਸਾਂਭ-ਸੰਭਾਲ ਲਈ ਮਹੰਤ ਸਰਬਰਾਹ ਦੀ ਮਰਜ਼ੀ ਅਨੁਸਾਰ ਰੱਖਿਆ ਜਾਣ ਲੱਗਾ। ਅਸੀਂ ਉਸ ਵੇਲੇ ਖੁੰਝ ਗਏ। ਸੰਨ 1879 ਵਿੱਚ, ਸਿੱਖਾਂ ਤੋਂ ਹੋਈਆਂ ਭੁੱਲਾਂ, ਸਾਥੋਂ ਬਹੁਤ ਕੁਝ ਖੋਹ ਕੇ ਲੈ ਗਈਆਂ। ਸਿੱਖ ਇਤਿਹਾਸ ਭਾਗ-2 ਪੰਨਾ, 231 ਤੇ ਪ੍ਰੋ. ਕਰਤਾਰ ਸਿੰਘ ਐੱਮ.ਏ. ਲਿਖਦੇ ਹਨ—

"ਸ੍ਰੀ ਦਰਬਾਰ ਸਾਹਿਬ ਦੀ ਧਾਰਮਿਕ ਰੀਤੀ ਵਿਗਾੜੀ ਗਈ। ਪਰਕਰਮਾ ਵਿੱਚ ਪੰਡਿਤ ਤੇ ਜੋਤਸ਼ੀ ਬੈਠੇ, ਲੋਕਾਂ ਨੂੰ ਭਰਮਾਂ, ਵਹਿਮਾਂ ਵਿੱਚ ਫਸਾਉਂਦੇ ਸਨ, ਮੂਰਤੀਆਂ ਦੀ ਪੂਜਾ ਹੁੰਦੀ ਸੀ; ਗੰਦੀਆਂ ਕਿਤਾਬਾਂ ਤੇ ਘਟੀਆ ਕਿੱਸੇ ਵਿਕਦੇ ਸਨ। ਗੰਦੇ ਦੋਹਰੇ ਲੱਗਦੇ ਸਨ। ਜਨਾਨੀਆਂ ਨਾਲ ਟਿੱਚਕਰਾਂ, ਮਸ਼ਕਰੀਆਂ ਹੁੰਦੀਆਂ ਸਨ।"

ਸਾਡਾ ਬਹੁਤ ਕੁਝ ਲੁੱਟ ਚੁੱਕਾ ਸੀ। ਸਿੱਖ ਲੀਡਰਾਂ, ਰਾਜਿਆਂ-ਰਿਆਸਤਦਾਰਾਂ ਹੱਥ, ਪੈਨਸ਼ਨਾਂ ਅਤੇ ਮਾਇਕ ਸਹੂਲਤਾਂ ਫੜਾ ਕੇ, ਹੱਥੋਂ ਸਿੱਖੀ-ਸ਼ਾਨ ਖੋਹ ਲਈ। ਸਾਡੇ ਗੁਰਦੁਆਰੇ, ਸਾਡੀਆਂ ਧਾਰਮਿਕ ਰਹੁ ਰੀਤਾਂ, ਸੱਭਿਆਚਾਰਕ ਪ੍ਰੰਪਰਾਵਾਂ, ਸਾਡਾ ਸਭ ਕੁਝ ਅੰਗਰੇਜ਼ੀ ਸਰਬਰਾਹ ਦੀ ਆਗਿਆ ਦਾ ਮੁਹਤਾਜ ਹੋ ਗਿਆ।

ਪਰ ਅੰਗਰੇਜ਼, ਭੁੱਲ ਗਏ ਕਿ ਇਹ, ਸਿੱਖ ਹਨ... ਦਸਮ ਪਾਤਸ਼ਾਹ ਨੂੰ ਸਿਰ ਦੇ ਕੇ, ਸਿੱਖੀ ਲੈਣ ਵਾਲੇ ਸਿੱਖ। ਸਵੇਰ ਦਾ ਭੁੱਲਿਆ ਸ਼ਾਮ ਨੂੰ ਘਰ ਪਰਤ ਆਇਆ। ਸੰਨ 1905 ਵਿੱਚ, ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿੱਚੋਂ ਮੂਰਤੀਆਂ ਚੁੱਕੀਆਂ। ਸੰਨ 1906 ਤੋਂ ਹੀ ਅੰਗਰੇਜ਼ੀ ਸਰਬਰਾਹ ਬਦਲਣ ਦੀ ਮੁਹਿੰਮ ਚੱਲੀ। ਫਿਰ, ਸੰਨ

1911 ਤੋਂ ਆਰੰਭ, ਗੁਰਦੁਆਰਾ ਰਕਾਬਗੰਜ, ਦਿੱਲੀ ਦਾ ਵਿਵਾਦ ਸੰਨ 1920 ਤੱਕ ਸਿੱਖ ਮੋਰਚਿਆਂ ਦਾ ਰੂਪ ਧਾਰਨ ਕਰ ਲਿਆ। ਬਾਬੇ ਦੀ ਬੇਰ, ਸਿਆਲਕੋਟ, ਸ੍ਰੀ ਦਰਬਾਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਤਰਨ ਤਾਰਨ ਸਾਹਿਬ, ਸ੍ਰੀ ਨਨਕਾਣਾ ਸਾਹਿਬ ਅਤੇ ਗੁਰੂ ਕੇ ਬਾਗ ਜਿਹੇ ਮੋਰਚਿਆਂ ਵਿੱਚ, ਹਜ਼ਾਰਾਂ ਸਿੰਘਾਂ, ਬੀਬੀਆਂ ਅਤੇ ਬੱਚਿਆਂ ਦੀ ਕੁਰਬਾਨੀਆਂ ਦੇ ਕੇ, ਮੁੜ ਆਪਣਾ ਵਿਰਸਾ ਸੰਭਾਲਿਆ।

ਸਿੱਖ ਦਾ ਸਿਰਜਨ, ਸਤਿਗੁਰ ਦੀ ਬਖਸ਼ੀ ਹੋਈ ਕੁਦਰਤ ਦੀ ਬਹੁਤ ਗਹਿਰੀ ਵਿਵਸਥਾ ਹੈ। ਪੰਜਵੇਂ ਪਾਤਸ਼ਾਹ ਕਹਿੰਦੇ ਹਨ—

"ਆਜੁ ਹਮਾਰੈ ਬਨੇ ਫਾਗ॥
ਪ੍ਰਭ ਸੰਗੀ ਮਿਲਿ ਖੇਲਨ ਲਾਗ॥"

ਫਾਗ ਤੋਂ ਪਹਿਲਾਂ, ਬਸੰਤ ਆਉਂਦੀ ਹੈ। ਇਹ ਬਸੰਤ, "ਸਮ" ਹੈ। ਸ਼ੀਤ ਅਤੇ ਗਰਮ, ਸਮ ਹੈ, ਬਸੰਤ ਹੈ। ਸਿੱਖ ਨੂੰ ਅੰਮ੍ਰਿਤ ਛਕਾਉਣ ਤੋਂ ਪਹਿਲਾਂ, ਕਲਗੀਧਰ ਪਾਤਸ਼ਾਹ ਨੇ ਸਿਰ ਲੈ ਲਿਆ। ਇਹ ਸਮ ਦਾ ਖਿਨ ਸੀ। ਧੜ ਤੇ ਸਿਰ ਨਹੀਂ... ਸੁੰਨ ਵਰਤਾਇਆ। ਹਰਖ ਨਹੀਂ, ਸੋਗ ਨਹੀਂ, ਜਨਮ ਦੀ ਚਾਹਤ ਨਹੀਂ, ਜੀਵਨ ਦਾ ਮੋਹ ਨਹੀਂ.. ਮੌਤ ਦਾ ਭੈਅ ਨਹੀਂ। ਸਮ ਅਵਸਥਾ... ਇਸ ਸੁੰਨ 'ਚੋਂ ਸਤਿਗੁਰ ਨੇ ਸਿਰਜਿਆ। ਧੜ ਤੇ ਫਿਰ ਸਿਰ ਲਾਇਆ, ਨਵਾਂ ਜੀਵਨ ਪ੍ਰਗਟਿਆ। ਇਹ ਜੀਵਨ, ਸਤਿਗੁਰ ਦੀ ਬਖਸ਼ਿਸ਼ ਸੀ... ਹੁਣ ਇਹ ਪੁਨਰਜੀਵਨ, ਸਤਿਗੁਰ ਲੇਖੇ ਹੋਇਆ।

ਤਾਂ, ਜਦੋਂ ਵੀ ਸਿੱਖ ਸੰਕਟ ਵਿੱਚ ਫਸਿਆ, ਸਿਰ ਵਿੱਚ ਪਏ, ਗੁਰੂ ਦੇ ਅੰਮ੍ਰਿਤ ਦੀ ਸਤਿਆ, ਅਜਿੱਤ ਸ਼ਕਤੀ ਬਣ ਉੱਠ ਖਲੋਤੀ। ਇਸ ਸ਼ਕਤੀ ਅੱਗੇ, ਅਬਦਾਲੀ ਹਾਰਿਆ, ਤੈਮੂਰ ਹਾਰਿਆ, ਬ੍ਰਿਟਿਸ਼ ਹਕੂਮਤ ਹਾਰੀ... ਗੁਰੂ ਨੇ ਸਿੱਖ ਨੂੰ ਮਰ ਕੇ, ਫਿਰ ਜੀ ਉੱਠਣਾ ਸਿਖਾਇਆ ਹੈ।

# ਕਾਲ ਪ੍ਰਵਾਹ

ਜ਼ਿੰਦਗੀ ਦੇ ਚਾਰ ਪੜਾਅ ਹਨ। ਇਹ ਚਾਰ ਲਾਵਾਂ ਹਨ। ਪਹਿਲਾ ਕਾਲ ਖੰਡ, ਜਨਮ ਹੈ... ਇਹ ਪ੍ਰਵੇਸ਼ ਦੁਆਰ ਹੈ। ਪਰਵਿਰਤ ਹੋਣ ਦਾ ਸਮਾਂ! ਆਦਿ ਅਤੇ ਅੰਤ... ਉਤਸਰਜਨ ਅਤੇ ਵਿਸਰਜਨ, ਦੋਵੇਂ ਜੁੜੇ ਹੋਏ ਹਨ। ਜੀਵਨ ਇੱਕ ਰੇਖਾ ਹੈ। ਇਸ ਰੇਖਾ ਦਾ ਇੱਕ ਸਿਰਾ, ਆਰੰਭ ਹੈ... ਇਹ ਜਨਮ ਦਾ ਬਿੰਦੂ ਹੈ। ਦੂਜਾ ਸਿਰਾ, ਅੰਤ ਹੈ, ਇਹ ਮੌਤ ਹੈ। ਆਰੰਭ, ਅੰਤ ਵੱਲ ਤੁਰ ਰਿਹੈ।

ਸੁਕਰਾਤ ਆਪਣੇ ਚੇਲੇ ਕ੍ਰੀਟੋ ਨਾਲ, ਏਥੇਂਸ ਦੇ ਬਾਜ਼ਾਰ ਪਹੁੰਚਿਆ। ਕਈ ਇਧਰੋਂ, ਉਸ ਪਾਸੇ ਨੂੰ ਕਾਹਲੀ-ਕਾਹਲੀ, ਜਿਵੇਂ ਭੱਜੀ ਜਾ ਰਹੇ... ਕਈ, ਉਧਰੋਂ, ਇਸ ਪਾਸੇ ਨੂੰ ਭੀੜ ਵਿੱਚ ਵੱਗੀ ਆ ਰਹੇ ਸਨ। ਕ੍ਰੀਟੋ ਪੁੱਛਿਆ, ਇਹ ਸਾਰੇ ਕਿੱਥੇ ਦੌੜੀ ਜਾ ਰਹੇ ਹਨ। ਸੁਕਰਾਤ ਸਹਜੇ ਕਹਿੰਦੇ, “ਮੌਤ ਦੇ ਮੂੰਹ ਵੱਲ!” ਜੇ ਇੱਕ ਪੰਕਤੀ ਵਿੱਚ ਕਹੀਏ, ਤਾਂ ਇਹੋ ਜੀਵਨ ਦਾ ਯਥਾਰਥ ਹੈ। ਸਾਰਾ ਜਗਤ, ਮੌਤ ਦੀ ਯਾਤਰਾ ’ਤੇ ਹੈ। ਕੋਈ ਜਲਦੀ ਪਹੁੰਚ ਜਾਏਗਾ, ਕੁਝ ਦਿਨਾਂ ਨੂੰ ਅਤੇ ਕੋਈ ਸ਼ਾਇਦ ਕੁਝ ਸਾਲਾਂ ਨੂੰ! ਕਾਲ ਦਾ ਪ੍ਰਵਾਹ ਨਿਰੰਤਰ ਚੱਲ ਰਿਹੈ।

ਲਿਖਣ ਅਤੇ ਸਮਝਣ ਦੀ ਸਹੂਲੀਅਤ ਅਨੁਸਾਰ, ਇਤਿਹਾਸਕਾਰਾਂ ਨੇ ਕਾਲ ਨੂੰ, ਭੂਤ, ਭਵਿੱਖ ਅਤੇ ਵਰਤਮਾਨ, ਤਿੰਨ ਖੰਡਾਂ ਵਿੱਚ ਵੰਡ ਦਿੱਤਾ। ਪਰ ਯਥਾਰਥ ਵਿੱਚ ਇਹ ਤਿੰਨੇ, ਇਕ ਨਾਲ ਜੁੜੇ ਹੋਏ ਹਨ। ਭੂਤ ਅਤੇ ਭਵਿੱਖ ਆਧਾਰਹੀਨ ਹੈ। ਬੀਤੇ ਹੋਏ ਕੱਲ੍ਹ, ਕੋਈ ਦੁਖਦ ਘਟਨਾ ਕਿਸੇ ਨਾਲ ਘਟ ਗਈ। ਅਪਮਾਨ ਹੋਇਆ... ਨੁਸਕਾਨ ਹੋ ਗਿਆ। ਉਸ ਦੀ ਚਿੰਤਾ, ਵਰਤਮਾਨ ਵਿੱਚ ਹੀ ਹੁੰਦੀ ਹੈ। ਜਦੋਂ ਵੀ ਪਛਤਾਵਾ ਹੋਏਗਾ, ਦੁਖ ਦਾ ਅਹਿਸਾਸ ਹੋਵੇਗਾ, ਹੁਣੇ ਹੋਵੇਗਾ... ਵਰਤਮਾਨ ਵਿੱਚ! ਅਤੀਤ ਤਾਂ ਬਿਤੀਤ ਹੋ ਗਿਆ। ਭਵਿੱਖ ਦੀ ਚਿੰਤਾ ਹੈ। ਬੱਚੇ ਦਾ ਦਾਖਲਾ, ਸਕੂਲ ਵਿੱਚ ਕਰਵਾਣਾ ਹੈ... ਲੜਕੀ ਲਈ, ਵਿਆਹ ਦੀ ਯੋਜਨਾ ਹੈ... ਸਾਰੀ ਚਿੰਤਾ, ਹੁਣ ਹੋ ਰਹੀ ਹੈ, ਵਰਤਮਾਨ ਵਿੱਚ। ਭਵਿੱਖ... ਆਉਣ ਵਾਲਾ ਭਲਕ, ਜਦ ਵੀ ਆਏਗਾ, ਤਾਂ ਅੱਜ ਬਣ ਕੇ ਆਏਗਾ।

ਤਾਂ ਕੋਈ ਵੀ ਜੀਵਨ ਉਪਯੋਗੀ ਉਪਦੇਸ਼, ਵਰਤਮਾਨ ਵਿੱਚ ਹੀ ਕਿਹਾ ਜਾਂ ਸੁਣਿਆ ਜਾ ਸਕਦਾ ਹੈ। ਕਰਮ ਸਦਾ ਵਰਤਮਾਨ ਵਿੱਚ ਹੀ ਸੰਪਾਦਤ ਹੁੰਦਾ ਹੈ। ਕਰਮ ਸੁਧਾਰ ਦਾ ਪ੍ਰਯੋਗ ਵਰਤਮਾਨ ਵਿੱਚ, ਹੁਣੇ ਹੋ ਸਕਦਾ ਹੈ। ਕੱਲ ਦਾ ਕਰਮ, ਅਤੀਤ ਬਣ ਗਿਆ... ਪਛਤਾਵੇ ਦੀ ਸਿਮ੍ਰਿਤੀ ਛੱਡ ਗਿਆ। ਤਾਂ ਸਿਆਣੇ ਕਹਿੰਦੇ ਹਨ, “ਕ੍ਰਿਆਵਾਨ ਕਰਮ” ਤੇਰੇ ਅਧਿਕਾਰ ਵਿੱਚ ਹੈ। ਹੁਣੇ, ਇਸ ਵੇਲੇ, ਤੂੰ ਜੋ ਕਰਮ ਕਰ ਰਿਹਾ ਹੈਂ, ਕੁਝ ਬੋਲ ਰਿਹਾ ਹੈਂ... ਵੇਖੀਂ, ਸੋਚ-ਸਮਝ ਕੇ ਬੋਲੀਂ। ਤੇਰੇ ਹੱਥ ਕਰਮ ਦਾ ਤੀਰ-ਕਮਾਨ ਹੈ, ਸੋਚ ਕੇ ਚਲਾਈਂ, ਇੱਕ ਵਾਰ ਚੱਲ ਗਿਆ... ਦੂਸਰੇ ਖਿਨ, ਉਹ

ਲੰਘੇ ਹੋਏ ਖਿਨ ਦੀ ਘਟਨਾ ਹੋ ਜਾਏਗੀ। ਕਰਮ ਦਾ ਤੀਰ, ਭਲੇ ਕਾਜ ਹਿੱਤ ਚਲਿਆ ਤਾਂ ਮਨ ਵਿੱਚ ਸੰਤੋਖ ਹੈ, ਠੰਢ ਹੈ। ਜੇ ਮਾੜੇ ਕਾਜ ਹਿੱਤ ਚਲਿਆ, ਕੋਈ ਮਜ਼ਲੂਮ, ਬੇਦੋਸ਼ਾ ਮਾਰਿਆ ਗਿਆ ਤਾਂ ਸਾਰੀ ਉਮਰ ਦਾ ਪਛਤਾਵਾ। ਵਰਤਮਾਨ, ਹੁਣ ਦਾ ਇੱਕ ਖਿਨ, ਸਾਡੇ ਚੰਗੇ ਜਾਂ ਮਾੜੇ ਹੋਣ ਦਾ ਨਿਰਣਾ ਕਰ ਦੇਵੇਗਾ।

ਭਾਈ ਵੀਰ ਸਿੰਘ ਕਹਿੰਦੇ ਹਨ—

"ਕਲ੍ਹ ਚੁਕੀ ਹੈ ਬੀਤ, ਹੱਥੋਂ ਦੂਰ ਨਸਾਈ।
ਭਲਕ ਅਜੇ ਹੈ ਦੂਰ, ਨਹੀਂ ਵਿੱਚ ਹੱਥਾਂ ਆਈ।
ਅੱਜ ਅਸਾਡੇ ਕੋਲ, ਅਸਾਂ ਵਿੱਚ ਫ਼ਿਕਰਾਂ ਪਾਈ।
ਕੱਲ੍ਹ ਭਲਕ ਦੀ ਸੋਚ ਵਿੱਚ, ਅੱਜ ਅਸਾਂ ਇਹ ਮੁਫ਼ਤ ਗਵਾਈ।"

ਵਰਤਮਾਨ ਹੀ ਫਲਦਾਈ ਹੈ। ਮੌਜੂਦਾ ਖਿਨ ਨੂੰ ਹੋਸ਼-ਪੂਰਨ ਜੀਓ... ਆਨੰਦ ਵਿੱਚ ਜੀਓ। ਸਮੇਂ ਦਾ ਪ੍ਰਵਾਹ, ਚੱਲ ਰਿਹੈ। ਨਦੀ ਆਪਣੀ ਗਤੀ ਵਿੱਚ ਨਿਰੰਤਰ ਵਗ ਰਹੀ ਹੈ। ਸਾਰੀ ਸ੍ਰਿਸ਼ਟੀ, ਧਰਤੀ, ਚੰਦ, ਤਾਰੇ, ਪ੍ਰਾਣੀ ਸਾਰੇ ਦੌੜੀ ਜਾ ਰਹੇ ਹਨ...। ਪੰਜਵੇਂ ਪਾਤਸ਼ਾਹ, ਸਹਸਕ੍ਰਿਤੀ ਦੇ ਸਲੋਕਾਂ ਵਿੱਚ ਕਹਿੰਦੇ ਹਨ, ਇਹ ਸਾਰੇ, ਜਨਮ ਲੈ ਕੇ ਮੌਤ ਵੱਲ ਦੌੜ ਰਹੇ ਹਨ। ਇਹ ਧਰਤੀ, ਇਹ ਮਨੁੱਖੀ ਸੱਭਿਅਤਾ... ਵਿਕਾਸ ਦੀ ਤੇਜ਼ ਗਤੀ, ਸਰਵਨਾਸ਼ ਵੱਲ ਤੁਰ ਰਹੀ ਹੈ—

"ਜਨਮੰ ਤ ਮਰਣੰ, ਹਰਖੰ ਤ ਸੋਗੰ, ਭੋਗੰ ਤ ਰੋਗੰ ॥
ਊਚੰ ਤ ਨੀਚੰ, ਨਾਨਾ ਸੁ ਮੂਚੰ ॥
ਰਾਜੰ ਤ ਮਾਨੰ, ਅਭਿਮਾਨੰ ਤ ਹੀਨੰ ॥
ਪ੍ਰਵਿਰਤਿ ਮਾਰਗੰ ਵਰਤੰਤਿ ਬਿਨਾਸਨੰ ॥" (ਪੰਨਾ 1355)

ਜਨਮ ਅਤੇ ਮੌਤ, ਹਰਖ ਅਤੇ ਸੋਗ... ਇਹ ਸਾਰੇ ਇੱਕ ਦੂਜੇ ਦੇ ਵਿਪਰੀਤ... ਉਲਟ ਦਿੱਸਦੇ ਹਨ। ਪਰ ਸੱਚ ਤਾਂ ਇਹ ਹੈ ਕਿ ਇਹ ਦੂਜੇ ਬਗੈਰ ਹੋ ਹੀ ਨਹੀਂ ਸਕਦੇ। ਇੱਕ-ਦੂਜੇ ਦੇ ਪੂਰਕ ਹਨ। ਜਨਮ ਹੋਇਆ, ਤਾਂ ਅਦਿੱਖ ਮੌਤ ਵੀ ਨਾਲ ਹੀ ਤੁਰ ਪਈ। ਜੀਵਨ ਦੀ ਉਮਰ ਲੰਘਾ ਕੇ ਪ੍ਰਗਟ ਹੋਵੇਗੀ। ਜੋ ਅਮਰ ਹੈ, ਉਹ ਅਜਨਮ ਹੈ... ਸੁੰਨ ਹੈ। ਜਨਮ ਹੋਵੇ, ਭਾਵੇਂ ਨਰ ਅਵਤਾਰ, ਗੁਰੂ, ਪੀਰ, ਪੈਗੰਬਰ, ਅੰਤ-ਦੇਹ ਪੰਚ ਤੱਤ 'ਚ ਲੀਨ ਅਵੱਸ਼ ਹੋਏਗੀ। ਸੋਗ ਹੈ, ਦੁਖ, ਵਿਸ਼ਾਦ, ਚਿੰਤਾ ਹੈ ਤਾਂ ਹੀ ਹਰਖ ਦੇ ਖਿਨ ਦੀ ਚਾਹਤ ਹੈ। ਰਾਤ ਦਾ ਹਨੇਰਾ ਹੈ ਤਾਂ ਦਿਨ ਦਾ ਉਜਾਲਾ ਵੀ ਹੈ। ਵਿਯੋਗ ਹੈ ਤਾਂ ਮਿਲਨ ਦਾ ਮੁੱਲ ਹੈ। ਇਹ ਸਾਰੇ ਕਾਲ ਦੇ ਘੱਟਕ ਹਨ ਔਰ ਆਪਸ ਵਿੱਚ, ਇੱਕ ਡੋਰ ਨਾਲ ਬੱਧੇ ਹਨ। ਇੱਕ ਨੂੰ ਵੱਖ ਕਰ ਦਿਉ, ਦੂਜਾ ਅਸਤਿੱਤ੍ਵਹੀਨ ਹੋ ਜਾਏਗਾ। ਤਾਂ ਧਰਮ ਗਿਆਨ ਦੀ ਪਹਿਲੀ ਸੰਥਾ, ਮੇਰੇ ਸਤਿਗੁਰ ਦਿੰਦੇ ਹਨ—

"ਪ੍ਰਵਿਰਤਿ ਮਾਰਗੰ—ਵਰਤੰਤਿ ਬਿਨਾਸਨੰ ॥"

ਜੀਵਨ ਵਿੱਚ ਪ੍ਰਵਿਸ਼ਟ ਹੋਏ ਹੋ ਤਾਂ ਵਿਨਾਸ਼ ਲਾਜ਼ਮੀ ਵਰਤੇਗਾ। ਹੰਕਾਰ ਵਿੱਚ, ਧਨਵਾਨ, ਸ਼ਕਤੀਮਾਨ, ਬਲਵਾਨ ਮਨੁੱਖ, ਮੌਤ ਨੂੰ ਭੁੱਲ ਗਏ ਤਾਂ ਮਨੁੱਖ ਮਾਤਰ, ਉਹਨਾਂ ਦੇ ਆਤੰਕ ਦੇ ਸਾਏ ਵਿੱਚ ਸਹਿਮ ਗਿਆ। ਸਫਲ ਨਿਜ਼ਾਮ ਉਹ

ਹੁੰਦਾ ਹੈ, ਜਿਹੜਾ ਹੱਥ ਦੀ ਤਲੀ 'ਤੇ ਚੋਗਾ ਰੱਖ ਕੇ ਪੰਖੀਆਂ ਨੂੰ ਚੁਗਾਏ। ਜਦੋਂ ਨਿਜ਼ਾਮ ਹੱਥ ਵਿੱਚ ਗੁਲੇਲ ਫੜ ਲਵੇ ਤਾਂ ਭੋਲੇ ਪੰਖੀਆਂ ਦੇ ਪਰਵਾਜ਼, ਉਹਨਾਂ ਦੇ ਖੰਭਾਂ ਵਿੱਚ ਸਹਿਮ ਜਾਂਦੇ ਹਨ।

ਈਸਵੀ ਸੰਨ ਤੋਂ, ਤਕਰੀਬਨ 400 ਸਾਲ ਪਹਿਲਾਂ, ਹਿੰਦੁਸਤਾਨ ਤੇ ਨੰਦ ਵੰਸ਼ ਦਾ ਰਾਜ ਸੀ। ਰਾਵਲਪਿੰਡੀ ਅਤੇ ਪਖਤੂਨਖਵਾ ਦੇ ਵਿਚਾਲੇ, ਵੱਡੇ ਪੰਜਾਬ ਦਾ ਸ਼ਹਿਰ ਤੱਛਸ਼ੀਲਾ, ਰਾਜਧਾਨੀ ਸੀ। ਨੰਦ ਵੰਸ਼ ਦਾ ਰਾਜਾ ਧਨਾਨੰਦ, ਬਹੁਤ ਹੰਕਾਰੀ ਅਤੇ ਵਿਦਵਾਨਾਂ, ਅਚਾਰਿਆ, ਸੰਤਾਂ ਦਾ ਨਿੰਦਕ ਸੀ। ਵਿਸ਼ਨੂੰ ਗੁਪਤ ਨਾਂ ਦਾ ਵਿਦਵਾਨ ਆਚਾਰਿਆ, ਇੱਕ ਦਿਨ ਭਰੇ ਦਰਬਾਰ ਵਿੱਚ ਰਾਜਾ ਧਨਾਨੰਦ ਨੇ ਹੰਕਾਰ ਭਰੇ ਸ਼ਬਦਾਂ ਵਿੱਚ, ਨੰਦ ਰਾਜ ਦੇ ਟੁਕੜਿਆਂ ਤੇ ਪਲਣ ਵਾਲਾ ਬ੍ਰਾਹਮਣ ਕਹਿ ਕੇ ਅਪਮਾਨਤ ਕੀਤਾ। ਵਿਦਵਾਨ ਵਿਸ਼ਨੂੰ ਗੁਪਤ, ਆਪਣੇ ਆਸਨ ਤੋਂ ਉੱਠ ਖਲੋਤਾ। ਭਰੇ ਦਰਬਾਰ ਘੋਸ਼ਣਾ ਕੀਤੀ, ਇੱਕ ਆਚਾਰਿਆ, ਵਿਦਿਆਰਥੀਆਂ ਨੂੰ ਮਾਤਰ ਸ਼ਾਸਤ੍ਰ ਗਿਆਨ ਦੀ ਸੰਥਾ ਹੀ ਨਹੀਂ ਦਿੰਦਾ, ਇੱਕ ਉੱਨਤ ਰਾਸ਼ਟਰ ਨਿਰਮਾਣ ਯੋਗ ਨੀਤੀ ਗਿਆਨ ਵੀ ਦਿੰਦਾ ਹੈ ਅਤੇ ਤੇਰੇ ਜਿਹੇ ਦੰਭੀ ਅਤੇ ਪ੍ਰਜਾ ਵਿਰੋਧੀ ਰਾਜ ਤਖ਼ਤ ਨੂੰ ਪਲਟਾਉਣ ਦੀ ਯੋਗਤਾ ਵੀ ਰੱਖਦਾ ਹੈ। ਵਿਸ਼ਨੂੰ ਗੁਪਤ, ਉਸੇ ਵੇਲੇ ਦਰਬਾਰ ਤਿਆਗ ਕੇ ਨਿਕਲ ਗਿਆ। ਭੇਡਾਂ-ਬੱਕਰੀਆਂ ਚਾਰਦੇ ਹੋਏ ਬਾਲਕ, ਚੰਦਰ ਗੁਪਤ ਵਿੱਚ ਗਿਆਨ, ਸ਼ਸਤਰ-ਸ਼ਾਸਤਰ ਵਿਦਿਆ ਅਤੇ ਸਿਆਸੀ ਨੀਤੀਆਂ, ਕੂਟਨੀਤੀਆਂ ਵਿੱਚ ਮਾਹਰ ਕਰ ਕੇ, ਰਾਸ਼ਟਰ ਹਿੱਤ ਅਭਿਲਾਖੀਆਂ ਦੀ ਫੌਜ ਤਿਆਰ ਕਰ, ਤੱਛਸ਼ੀਲਾ ਤੇ ਆਕ੍ਰਮਣ ਕੀਤਾ। ਹੰਕਾਰੀ ਧਨਾਨੰਦ ਨੂੰ ਹਰਾ ਕੇ ਚੰਦਰ ਗੁਪਤ ਗੱਦੀ 'ਤੇ ਬੈਠਾ। ਨੰਦ ਵੰਸ਼ ਦਾ ਨਾਸ਼ ਹੋਇਆ, ਮੌਰਿਆ ਵੰਸ਼ ਸਥਾਪਤ ਹੋਇਆ, ਇਹ ਇੱਕ ਲੰਬਾ ਸਿਲਸਿਲਾ ਹੈ। ਰਾਜੇ ਬਣਦੇ ਰਹੇ, ਅੰਤ ਹਾਰਦੇ ਰਹੇ, ਮਰਦੇ ਰਹੇ... ਨਵੇਂ ਰਾਜ ਸਥਾਪਤ ਹੁੰਦੇ ਰਹੇ। ਜਨਮ ਔਰ ਮੌਤ ਦਾ, ਹਰਖ ਔਰ ਸੋਗ ਦਾ ਆਉਣਾ-ਜਾਣਾ ਲੱਗਿਆ ਰਿਹਾ। "ਤਪੋਂ ਰਾਜ ਅਤੇ ਰਾਜੋਂ ਨਰਕ" ਦਾ ਸਿਲਸਿਲਾ ਵੀ ਚਲਦਾ ਰਿਹਾ।

ਜਗ, ਸੁਖ ਮੰਗਦਾ ਹੈ। ਦੁਖ ਨਾਲ ਹੀ ਝੋਲੀ ਵਿੱਚ ਪੈਂਦਾ ਹੈ। ਭੋਜਨ ਮੰਗਿਆ ਤਾਂ ਭੁੱਖ ਨਾਲ ਹੀ ਮੰਗੀ ਗਈ। ਬਗੈਰ ਭੁੱਖ ਦੇ, ਭੋਜਨ ਛਕਿਆ ਨਹੀਂ ਜਾਣਾ ਔਰ ਸੱਤ ਹੈ ਕਿ ਜਿਥੇ ਭੁੱਖ ਹੈ ਉੱਥੇ ਦੁੱਖ ਹੈ। ਪੁੱਤ ਦੀ ਚਾਹਵਾਨ ਇੱਕ ਇਸਤ੍ਰੀ, ਪ੍ਰਮੇਸ਼ਰ ਤੋਂ... ਗੁਰੂ ਤੋਂ, ਪੁੱਤਰ ਮੰਗਦੀ ਹੈ। ਪੁੱਤਰ ਜੰਮਣ ਦਾ ਦਰਦ... ਪ੍ਰਸਵ ਪੀੜ ਜਾਂ ਸਰਜਰੀ ਦਾ ਦੁੱਖ ਬਿਨ ਮੰਗਿਆਂ, ਝੋਲੀ ਪਿਆ।

ਤਾਂ ਪਾਤਸ਼ਾਹ ਕਹਿੰਦੇ ਹਨ, ਜੀਵਨ, ਮੌਤ ਦੇ ਸਾਏ ਵਿੱਚ ਪਲ ਰਿਹੈ... ਵਿਕਸਤ ਹੋ ਰਿਹੈ, ਅੰਤ ਜੀਵਨ ਰੇਖਾ ਦੇ ਦੂਜੇ ਕਿਨਾਰੇ, ਮੌਤ ਵਿੱਚ ਲੀਨ ਹੋ ਜਾਏਗਾ... "ਜੋ ਦੀਸੈ ਸੋ ਸਗਲ ਬਿਨਾਸੈ, ਜਿਉਂ ਬਾਦਰ ਕੀ ਛਾਹੀ॥" ਰਾਜਾ ਹੋਇਆ, ਸਮਰਾਟ ਹੋਇਆ, ਮਾਨ ਹੋਇਆ, ਅਭਿਮਾਨ ਹੋਇਆ, ਅੰਤ ਸਵਰਨਾਸ਼ ਹੋ ਗਿਆ।

ਗੁਰੂ ਨਾਨਕ ਪਾਤਸ਼ਾਹ, ਸੈਦਪੁਰ ਦੇ ਮਲਿਕ ਭਾਗੋ ਨੂੰ ਸਿੱਖਿਆ ਦਿੰਦੇ ਹਨ, ਇਹ ਨਵਾਬੀ ਠਾਠ, ਇਹ ਹਵੇਲੀਆਂ ਦੇ ਮੀਨਾਰੇ, ਔਰਤਾਂ ਦਾ ਸੁਹੱਪਣ, ਇਹ ਧਨ, ਜੋਬਨ, ਸਦਾ ਨਹੀਂ ਰਹਿਣੇ। ਪਤਾ ਨਹੀਂ ਆਉਣ ਵਾਲੀ ਭਲਕ, ਕਿਹਾ ਰੱਬੀ ਫੁਰਮਾਨ ਲੈ ਆਵੇ :

"ਧਨੁ ਜੋਬਨੁ ਦੁਇ ਵੈਰੀ ਹੋਏ, ਜਿਨੀ ਰਖੇ ਰੰਗੁ ਲਾਇ॥
ਦੂਤਾ ਨੋ ਫੁਰਮਾਇਆ ਲੈ ਚਲੇ ਪਤਿ ਗਵਾਇ॥" (ਪੰਨਾ 417)

ਦੂਜੇ ਦਿਨ, ਬਾਬਰ ਦਾ ਹਮਲਾ ਹੋ ਗਿਆ। ਸਾਰੀ ਹਵੇਲੀ ਲੁੱਟ ਲਈ, ਮਲਿਕ ਭਾਗੋ ਸਹਿਤ ਘਰ ਦੇ ਮਰਦ ਮਾਰ ਦਿੱਤੇ, ਸੁਹੱਪਣ ਦੇ ਹੰਕਾਰ-ਰੱਤੀਆਂ ਬੇਗਮਾਂ—ਵਾਲੋਂ ਫੜ ਧਰੂਹ ਕੇ ਜ਼ਾਲਿਮ ਮੁਗਲ ਫੌਜੀ, ਨਾਲੇ ਲੈ ਗਏ—

"ਰਾਜੰ ਤ ਮਾਨੰ, ਅਭਿਮਾਨੰ ਤ ਹੀਨੰ॥
ਪ੍ਰਵਿਰਤਿ ਮਾਰਗੰ ਵਰਤੰਤਿ ਬਿਨਾਸਨੰ॥" (ਪੰ. 1354)

ਜੀਵਨ ਪੰਖੀ, ਮੌਤ ਬਾਜ਼... ਜੀਵਨ, ਆਪਣੀ ਚਾਲ ਟੁਰੀ ਜਾਂਦਾ ਹੈ। ਪਤਾ ਨਹੀਂ, ਰਾਹ ਦੇ ਕਿਸ ਮੋੜ 'ਤੇ ਟੱਕਰ ਪਵੇ... ਔਰ ਲੀਲਾ ਮੁਕਾ ਦੇਵੇ। ਕਿਸੇ ਪਾਸ ਜ਼ਾਤ ਦਾ ਅਭਿਮਾਨ ਹੈ। ਕਿਸੇ ਪਾਸ ਮਾਲ ਹੈ, ਰੂਪ ਹੈ, ਜਵਾਨੀ ਹੈ, ਰਾਜ ਸ਼ਕਤੀ ਤਾਂ ਸਿਰ ਚੜ੍ਹ ਕੇ ਨੱਚਦੀ ਹੈ।

ਸੰਨ 1586! ਸ੍ਰੀ ਗੋਇੰਦਵਾਲ ਸਾਹਿਬ, ਤੀਜੇ ਪਾਤਸ਼ਾਹ ਦਾ ਪਹਿਰਾ ਸੀ। ਕਥਾ, ਕੀਰਤਨ ਸਿਮਰਨ ਦੇ ਨਾਲ, ਗੁਰੂ ਕਾ ਲੰਗਰ ਚੱਲਦਾ ਰਹਿੰਦਾ। ਅੰਨ-ਧਨ ਸੰਗ੍ਰਹਿ ਦਾ ਹੁਕਮ ਨਹੀਂ ਸੀ। ਰੋਜ਼ ਜਿੰਨੀ ਸੰਗਤ ਵੱਲੋਂ ਰਸਦ ਆਉਂਦੀ, ਲੰਗਰ ਤਿਆਰ ਕਰ ਵਰਤਦਾ ਰਹਿੰਦਾ। ਰਾਤ ਇੱਕ ਪਹਿਰ ਬਿਤੀਤ ਹੋ ਜਾਣ ਮਗਰੋਂ, ਬਾਹਰ ਹਉਕਾ ਦਿੱਤਾ ਜਾਂਦਾ, "ਗੁਰੂ ਪਿਆਰਾ ਕੋਈ ਸੱਜਣ ਲੰਗਰ ਦਾ ਲੋੜਵੰਦ ਹੋਵੇ ਤਾਂ ਆ ਜਾਓ, ਛਕ ਲਵੋ। ਅੰਤ, ਜਿੰਨਾ ਲੰਗਰ ਬਚਿਆ ਹੁੰਦਾ, ਬਿਆਸਾ ਦੀਆਂ ਮੱਛੀਆਂ, ਜੀਅ ਜੰਤ ਲਈ ਪ੍ਰਵਾਹ ਕਰ ਕੇ, ਭਾਂਡੇ ਧੋ ਕੇ ਮੂਧੇ ਮਾਰ ਦਿੱਤੇ ਜਾਂਦੇ। ਭਲ ਕੇ ਫਿਰ, ਜੋ ਸ਼ਰਧਾਲੂ ਸਿੱਖਾਂ-ਸੇਵਕਾਂ ਵੱਲੋਂ ਆਵੇਗਾ, ਉਹ ਲੰਗਰ ਬਣ ਵਰਤੇਗਾ।

ਦਿੱਲੀ ਤਖ਼ਤ 'ਤੇ ਬਾਦਸ਼ਾਹ ਅਕਬਰ ਬਿਰਾਜਮਾਨ ਸੀ। ਬੀਰਬਲ, ਬਾਦਸ਼ਾਹ ਦਾ ਬਹੁਤ ਪਿਆਰਾ ਵਜ਼ੀਰ ਸੀ। ਉੱਤਰ-ਪੱਛਮ ਦੇ ਸਰਹੱਦੀ ਇਲਾਕੇ ਵਿੱਚ ਕਬਾਇਲੀ ਵਿਦਰੋਹ ਭੜਕ ਉੱਠਿਆ। ਉਸ ਵਿਦਰੋਹ ਨੂੰ ਦਬੌਣ ਲਈ, ਵੱਡੀ ਫੌਜ ਭੇਜਣ ਬਾਬਤ, ਰਾਜ ਦਰਬਾਰ ਵਿੱਚ ਚਰਚਾ ਹੋ ਰਹੀ ਸੀ। ਉਤਸ਼ਾਹ ਭਰਿਆ ਬੀਰਬਲ, ਫੌਜ ਦਾ ਸੈਨਾਪਤੀ ਬਣ, ਜਾਣ ਦੀ ਪੇਸ਼ਕਸ਼ ਕੀਤੀ। ਹੋਣੀ ਪ੍ਰੇਰ ਕੇ ਲਿਜਾ ਰਹੀ ਸੀ। ਬਾਦਸ਼ਾਹ ਸਿਆਣੇ ਬੀਰਬਲ ਦੀ ਪੇਸ਼ਕਸ਼ 'ਤੇ ਖੁਸ਼ ਹੋਇਆ। ਇੱਕ ਲੱਖ ਫੌਜ, ਰਾਹ ਦਾ ਖਰਚ ਪ੍ਰਬੰਧ ਦੇ ਨਾਲ ਇੱਕ ਸ਼ਾਹੀ ਪੱਤਰ ਵੀ ਦਿੱਤਾ :

"ਇੱਕ ਘਰ ਏਕ ਰਜਤਪਣ ਦੈ ਕੇ।
ਮਿਲਹਿ ਤੋਹਿ, ਨੰਮ੍ਰੀ ਸਿਰ ਕੈ ਕੈ॥"

ਹਰ ਖੱਤਰੀ ਪਰਿਵਾਰ ਪਿੱਛੇ ਇੱਕ ਚਾਂਦੀ ਦੀ ਮੋਹਰ ਭੇਟ ਕਰ, ਬੀਰਬਲ ਅੱਗੇ ਸੀਸ ਨਿਵਾ ਕਰ, ਸਤਿਕਾਰ ਕੀਤਾ ਜਾਏ।"

ਫੌਜ ਸਹਿਤ ਬਿਆਸਾ ਦੇ ਕੰਢੇ ਪਹੁੰਚਿਆ। ਬੇੜੀਆਂ 'ਤੇ ਸਾਰੀ ਲਸ਼ਕਰ ਪਾਰ ਲੰਘ ਸ੍ਰੀ ਗੋਇੰਦਵਾਲ ਪੁੱਜੀ। ਛਾਵਣੀ ਲੱਗੀ... ਉੱਚੇ ਆਸਨ 'ਤੇ ਬੀਰਬਲ ਬੈਠਾ। ਸਥਾਨਕ ਬਾਸ਼ਿੰਦਿਆਂ ਵੱਲ, ਸੁਨੇਹਾ ਭੇਜਿਆ, ਪਰਿਵਾਰ ਪਿੱਛੇ ਇੱਕ-ਇੱਕ ਚਾਂਦੀ ਦੀ ਮੋਹਰ ਲੈ ਕੇ, ਤਖ਼ਤ ਦਿੱਲੀ ਦੇ ਵਜ਼ੀਰ ਸਾਹਿਬ ਨੂੰ ਮਿਲੋ। ਸ੍ਰੀ ਗੋਇੰਦਵਾਲ, ਤੀਜੇ ਪਾਤਸ਼ਾਹ ਦਾ ਹੀ ਸਿਰਜਿਆ, ਵਸਾਇਆ ਹੋਇਆ ਸੀ। ਬਹੁਤੇ ਬਾਸ਼ਿੰਦੇ, ਗੁਰੂ ਘਰ ਦੇ ਸੇਵਕ ਹੈ ਸਨ। ਚਿੰਤਾ ਅਤੇ ਘਬਰਾਹਟ ਵਿੱਚ, ਸੇਵਕ ਸ਼ਰਧਾਲੂ ਸਤਿਗੁਰੂ ਜੀ ਪਾਸ, ਸਾਰਾ ਬ੍ਰਿਤਾਂਤ ਸੁਣਾਇਆ। ਸਤਿਗੁਰ ਜੀ ਨੇ ਸ਼ਾਂਤ ਚਿੱਤ ਬਚਨ ਕੀਤਾ, "ਭਰੋਸਾ ਰੱਖੋ... ਚਿੰਤਾ ਨਹੀਂ ਕਰੋ। ਕਰਤਾਰ ਦੇ ਰੰਗ ਵੇਖੋ। ਦੋ ਸਿੱਖ ਜਾਉ, ਤੇ ਕਹੋ—

"ਇਹ ਗੁਰਪੁਰਿ ਜਾਨਹੁ ਉਰ ਮਾਹੀ॥
ਕਾਰ ਵਿਹਾਰ ਕਰਤਿ ਕੋ ਨਾਹੀ॥
ਜੋ ਪਰਮੇਸ਼ੁਰ ਦੇਤਿ ਪਠਾਇ॥
ਸੋ ਅਚਿ, ਔਰਨ ਕੋ ਦੇ ਅਚਵਾਇ॥

ਭਾਈ, ਇਹ ਗੁਰੂ ਪੁਰੀ ਹੈ। ਇੱਥੇ ਅਸੀਂ ਕਾਰ-ਵਾਪਾਰ ਨਹੀਂ ਕਰਦੇ ਹਾਂ। ਜੋ ਪਰਮੇਸ਼ਰ ਅੰਨ ਸਮੱਗਰੀ ਭੇਜਦਾ ਹੈ, ਉਸ ਦਾ ਲੰਗਰ ਤਿਆਰ ਕਰ ਕੇ ਛੱਕਦੇ ਹਾਂ ਅਤੇ ਹੋਰ ਸਾਰੇ ਲੋੜਵੰਦਾਂ ਨੂੰ ਛਕੌਂਦੇ ਹਾਂ। ਅੱਗੋਂ ਹੋਰ ਦੱਸ ਦਿਉ, ਬੀਰਬਲ ਨੂੰ :

"ਨਹੀਂ ਰਜਤਪਣ ਲੇਤਿ ਨਾ ਦੇਤਿ॥
ਇਹੀ ਰੀਤਿ ਹੈ, ਗੁਰੂ ਨਿਕੇਤ॥

ਭਾਈ, ਗੁਰੂ ਘਰ ਦੀ ਮਰਿਆਦਾ ਹੈ। ਅਸੀਂ ਚਾਂਦੀ ਦੀਆਂ ਮੋਹਰਾਂ, ਨਾ ਕਿਸੇ ਤੋਂ ਲੈਂਦੇ ਹਾਂ ਅਤੇ ਨਾ ਹੀ ਦਿੰਦੇ ਹਾਂ। ਹੰਕਾਰੀ ਬੀਰਬਲ, ਸਿੱਖਾਂ ਨੂੰ ਕ੍ਰੋਧ ਵਿੱਚ ਮਾੜਾ ਬੋਲਿਆ, ਗੁਰੂ, ਉਹ ਤੁਹਾਡੇ ਲਈ ਹੋਵੇਗਾ। ਤੁਸਾਂ ਭੇਟ ਨਜ਼ਰਾਨਾ ਨਾ ਦੇ ਕੇ, ਸਤਿਕਾਰ ਨਾ ਕਰ ਕੇ, ਜਿਹੜੀ ਅਵੱਗਿਆ ਕੀਤੀ ਹੈ, ਉਸ ਦੀ ਸਜ਼ਾ, ਸਰਹੱਦੀ ਪ੍ਰਾਂਤ ਨਾਲ ਨਿੱਬੜ ਕੇ, ਜਲਦੀ ਆ ਕੇ ਤੁਹਾਨੂੰ ਸਾਰਿਆਂ ਨੂੰ ਸੋਧਾਂਗਾ। ਸਾਰਾ ਨਗਰ ਉਜਾੜ ਦਿੱਤਾ ਜਾਏਗਾ।

ਚਿੰਤਤ ਸਿੱਖਾਂ, ਸਤਿਗੁਰਾਂ ਅੱਗੇ ਯਥਾਵਤ ਜਾ ਸੁਣਾਇਆ। ਸਤਿਗੁਰ ਜੀ ਸਹਿਜ ਭਾਵ ਬੋਲੇ—

"ਕਰਤ ਸਾਹਿਬੀ ਕੇਤਿਕ ਦਿਨ ਕੀ॥
ਬਿਸਰ ਜਾਤਿ, ਗਤਿ ਜਨਮ ਮਰਨ ਕੀ॥
ਔਚਕ ਗਹੇ ਆਇ ਜਰਵਾਣਾ॥
ਨਗਨ ਇਕਾਕੀ, ਕਰਹਿ ਪਯਾਨਾ॥" (ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ)

ਕੁਝ ਦਿਨਾਂ ਦੀ ਸਾਹਿਬੀ ਸ਼ਕਤੀ, ਮੌਤ ਨੂੰ ਵਿਸਾਰ ਦਿੰਦੀ ਹੈ। ਸਤਿਗੁਰ ਜੀ ਨੇ ਮੁਖਾਰਬਿੰਦ ਤੋਂ ਸਹਿਜ ਭਾਵ ਭਵਿੱਖ ਵਾਕ ਉਚਾਰਿਆ—

"ਔਚਕ ਗਹੈ ਆਇ ਜਰਵਾਨਾ"—

ਅਚਨਚੇਤ ਮੌਤ ਦਾ ਦੂਤ ਆ ਘੇਰਦਾ ਹੈ, ਔਰ

"ਨਗਨ ਇਕਾਕੀ ਕਰਹਿ ਪਯਾਨਾ॥"

ਨੰਗਾ ਆਇਆ... ਨਾਂਗੇ ਜਾਣਾ। ਇਕੱਲਿਆਂ,

ਜਗ ਦਾ ਜੁਆਰੀ, ਪਯਾਨਾ ਕਰ ਜਾਂਦਾ ਹੈ।

ਬੀਰਬਲ, ਇੱਕ ਲੱਖ ਦੀ ਫੌਜ ਲੈ ਕੇ, ਸਰਹੱਦੀ ਇਲਾਕੇ ਵਿੱਚ ਪੁੱਜਾ। ਸ਼ਾਹੀ ਮਹਿਲ ਤੇ ਕਬਾਇਲੀਆਂ ਵਿਦ੍ਰੋਹੀਆਂ ਦਾ ਕਬਜ਼ਾ ਸੀ। ਦੱਰਾ, ਕਾਰਾਕੋਰਮ ਨੇੜੇ ਪੜਾਅ ਕੀਤਾ। ਠੰਢ, ਵਰਖਾ... ਕੁਦਰਤ ਦੀ ਮਾਰ ਪੈਣ ਲੱਗੀ। ਜੰਗ ਛਿੜੀ। ਬਹੁਤੇ ਸ਼ਾਹੀ ਫੌਜੀਆਂ ਸਹਿਤ, ਬੀਰਬਲ ਵੀ ਮਾਰਿਆ ਗਿਆ। ਰਹਿੰਦੇ ਬਹੁਤੇ, ਭੀਖਮ ਬਰਫ਼ਬਾਰੀ ਵਿੱਚ ਦੱਬ ਕੇ ਮਰ ਗਏ।

ਹੰਕਾਰ ਵਿੱਚ, ਮਨੁੱਖ, ਮੌਤ ਨੂੰ ਭੁੱਲ ਜਾਏ, ਪਰ ਮੌਤ ਆਪਣਾ ਨੀਅਤ ਸਮਾਂ ਨਹੀਂ ਭੁੱਲਦੀ—ਇਹ ਕਾਲ-ਪ੍ਰਵਾਹ ਹੈ—ਜਨਮ ਤੋਂ ਮੌਤ, ਫਿਰ ਜਨਮ ਅਤੇ ਫਿਰ ਮੌਤ, ਕਾਲ ਚੱਕਰ ਚਲਦਾ ਰਹਿੰਦਾ ਹੈ।

# ਹਰਿ ਕੀ ਅਕਥ ਕਹਾਣੀ

ਕਹਾਣੀ ਉਸ ਦੀ ਹੁੰਦੀ ਹੈ, ਜਿਸ ਦਾ ਵਜੂਦ ਹੋਵੇ... ਜਿਸ ਦਾ ਆਕਾਰ ਹੋਵੇ। ਪਸ਼ੂ, ਪੰਖੀ, ਮਨੁੱਖ, ਯੱਛ, ਕਿੰਨਰ, ਨਦੀ, ਸਮੁੰਦਰ, ਪਹਾੜ, ਰੁੱਖ, ਸਭ ਦੀ ਇੱਕ ਕਹਾਣੀ ਹੈ। ਰੁੱਖ ਦਾ ਕੱਦ-ਕਾਠ, ਫਲ, ਮਿੱਠੇ ਜਾਂ ਬੱਕਬੱਕੇ! ਕਿਹੜੇ ਸਾਲ ਫਲ ਬਹੁਤੇ ਲੱਗੇ, ਕਿਹੜੇ ਸਾਲ ਘੱਟ! ਕਿਸੇ ਪਹਾੜ ਬਾਬਤ ਕਹਾਣੀ ਲਿਖੀ ਜਾ ਸਕਦੀ ਹੈ... ਭੂ ਤੱਤ ਵਿਗਿਆਨੀਆਂ ਦੀ ਮਤਿ ਅਨੁਸਾਰ, ਪਹਾੜ ਦੀ ਕਰੋੜਾਂ ਸਾਲ ਦੀ ਉਮਰ ਬਾਬਤ... ਕਿਸੇ ਵਕਤ ਜ਼ਲਜ਼ਲੇ ਜਾਂ ਭਾਰੀ ਵਰਖਾ ਕਰ ਕੇ, ਇਸ ਵਿੱਚ ਹੋਈ ਲੈਂਡ ਸਲਾਈਡਿੰਗ... ਪਾਰਲੇ ਦੁਸ਼ਮਨਾਂ ਤੋਂ ਪਹਿਰੇਦਾਰ ਵਾਂਗ ਸੁਰੱਖਿਆ ਦੀ ਭੂਮਿਕਾ... ਇੱਕ ਮੁਕੰਮਲ ਕਹਾਣੀ ਕਹੀ-ਲਿਖੀ ਜਾ ਸਕਦੀ ਹੈ। ਹਰ ਸਾਕਾਰ ਦਾ, ਇੱਕ ਪ੍ਰੀਚੈ ਹੈ, ਇੱਕ ਸੰਬੋਧਨ ਹੈ... ਉਸ ਦੀ ਭੂਮਿਕਾ ਦੀ ਇੱਕ ਕਹਾਣੀ ਹੈ। ਸਾਡੇ ਨੇਤਰ ਜਿਸ ਨੂੰ ਵੇਖਦੇ ਹਨ, ਸਾਡੇ ਕੰਨ ਜਿਸ ਨੂੰ ਸੁਣਦੇ ਹਨ, ਸਪੱਰਸ਼ ਨਾਲ ਜਿਸ ਦਾ ਬੋਧ ਹੁੰਦੈ ਜਾਂ ਨੱਕ ਨਾਲ ਸੁੰਘ ਕੇ, ਉਸ ਬਾਬਤ ਜੋ ਧਾਰਨਾ ਬਣਦੀ ਹੈ, ਇਹ ਸਾਰੇ ਉਸ ਸਾਕਾਰ ਬਾਬਤ ਪ੍ਰੀਚੈ ਸੂਤਰ ਬਣਦੇ ਹਨ ਔਰ ਇਸ ਤਰ੍ਹਾਂ, ਉਸ ਸ਼ੈਅ ਬਾਬਤ, ਕਹਾਣੀ ਦਾ ਪਲਾਟ ਤਿਆਰ ਹੁੰਦਾ ਹੈ। ਪਰ ਪਰਮੇਸ਼ਰ, ਨਿਰਾਕਾਰ ਹੈ... ਰੂਪ, ਰੰਗ, ਆਕਾਰ ਤੋਂ ਹੀਨ। ਉਸ ਬਾਬਤ ਸਾਡੇ ਕੋਲ ਕੋਈ ਇੰਦ੍ਰੀਏ-ਬੋਧ ਨਹੀਂ। ਉਸ ਦੇ ਨਾਂ ਵੀ ਸਾਰੇ ਕਾਲਪਨਿਕ ਰੱਖ ਲਏ...। ਪਰਮੇਸ਼ਵਰ, ਨਿਰੰਕਾਰ, ਨਿਰੰਜਨ...। ਇਸ ਦਾ ਅਰਥ ਹੈ, ਰਾਜਾ, ਸੁਆਮੀ। ਹਜ਼ਾਰਾਂ ਸਾਲ ਪਹਿਲਾਂ, ਕਿਸੇ ਨਗਰ ਦੇ ਰਾਜਾ ਲਈ ਇਹ ਸ਼ਬਦ ਪ੍ਰਯੋਗ ਕੀਤਾ ਜਾਂਦਾ ਸੀ... ਅਵਧੇਸ਼, ਅਵਧ ਦਾ ਨਰੇਸ਼, ਮਿਥਲੇਸ਼, ਮਿਥਲਾ ਦਾ ਈਸ਼, ਦਵਾਰਕਾਧੀਸ਼... ਦਵਾਰਕਾ ਦਾ ਈਸ਼। ਸਭ ਤੋਂ ਵੱਡੇ ਵਿਅਕਤੀ ਲਈ, ਰਾਜਾ ਲਈ ਈਸ਼ ਸ਼ਬਦ ਵਰਤਿਆ ਜਾਂਦਾ। ਤਾਂ ਪਰਮੇਸ਼ਰ... ਪਰਮ ਈਸ਼ ਵਰ! ਸਭ ਤੋਂ ਵੱਡਾ ਰਾਜਾ। ਆਤਮਾ ਤਾਂ ਹਰ ਜੀਅ ਜੰਤ ਵਿੱਚ ਹੈ, ਪਰਮਾਤਮਾ... ਸਭ ਤੋਂ ਵੱਡੀ, ਉੱਚੀ ਆਤਮਾ। ਇਹ ਸਾਰੇ ਨਾਂ ਅਸਾਂ, ਮਨੁੱਖਾਂ ਨੇ ਹੀ ਰੱਖੇ ਹਨ। ਪਰਮਾਤਮਾ ਦੇ ਗੁਣਾਂ, ਕਰਮਾਂ 'ਤੇ ਆਧਾਰਤ ਨਾਮ। ਪਰਮੇਸ਼ਰ ਨੂੰ ਕਿਸੇ ਵੇਖਿਆ ਨਹੀਂ, ਕਿਸੇ ਉਸ ਨੂੰ ਸੁਣਿਆ ਨਹੀਂ, ਜਾਣਿਆ ਨਹੀਂ। ਉਹ ਪਰਮੇਸ਼ਰ ਕਥਨ ਤੋਂ ਬਾਹਰ ਹੈ...

"ਹਰਿ ਕੀ ਅਕਥ ਕਹਾਣੀ!"

ਸ੍ਰੀ ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ, ਦਿਸਦੇ ਹੋਏ ਸਾਰੇ ਸਾਕਾਰ ਸਮਾਪਤ ਹੋ ਜਾਣਗੇ, ਸੂਰਜ, ਚੰਦ, ਤਾਰਕਾ, ਗ੍ਰਹਿ ਨਛੱਤਰ ਮੰਡਲ, ਸੱਤ ਮਹਾਂਦੀਪਾਂ ਵਾਲਾ ਸੰਸਾਰ, ਪਾਣੀ, ਅੰਨ, ਪਉਣ... ਸਾਰੇ ਨਸ਼ਟ ਹੋ ਜਾਣ ਤੋਂ ਬਾਅਦ ਵੀ ਜਿਹੜਾ ਰਹਿ ਜਾਏਗਾ, ਉਹ, ਹੇ ਹਰੀ, ਤੂੰ ਹੈਂ।

"ਨ ਸੂਰ ਸਸਿ ਮੰਡਲੋ ॥ ਨ ਸਪਤ ਦੀਪ ਨਹ ਜਲੋ ॥
ਅੰਨ ਪਉਣ ਥਿਰੁ ਨ ਕੁਈ ॥ ਏਕੁ ਤੁਈ ਏਕ ਤੁਈ ॥" (ਪੰਨਾ 143-144)

ਤਾਂ ਤੀਜੇ ਪਾਤਸ਼ਾਹ ਕਹਿੰਦੇ ਹਨ, "ਹਰਿ ਕੀ ਅਕਥ ਕਹਾਣੀ ॥"

ਜੁਗ ਬੀਤ ਗਏ, ਜੋਗੀ, ਤਪੀ, ਬ੍ਰਹਮਚਾਰੀ, ਉਸ ਨੂੰ ਭਾਲਦੇ ਥੱਕ ਗਏ, ਉਹ ਨਿਰੰਕਾਰ ਕਿਸੇ ਨੂੰ ਮਿਲਿਆ ਨਹੀਂ। ਉਹ ਅਕਥ ਹੈ, ਅਲੱਖ ਹੈ। ਉਹ ਗੋਰਾ ਜਾਂ ਕਾਲਾ, ਲੰਮਾ ਜਾਂ ਮਧਰਾ ਕਿਵੇਂ ਦਾ ਹੈ? ਉਹ ਕਦੋਂ ਜੰਮਿਆ, ਕਦੋਂ ਮਰੇਗਾ...? ਨਿਰਾਕਾਰ ਦੀ, ਵਜੂਦ ਤੋਂ ਰਹਿਤ ਦੀ ਕੋਈ ਕਹਾਣੀ ਨਹੀਂ ਲਿਖੀ ਜਾਂ ਸੁਣਾਈ ਜਾ ਸਕਦੀ। ਉਸ ਨੂੰ ਮਹਿਸੂਸ ਕੀਤਾ ਜਾ ਸਕਦਾ ਹੈ, ਜੀਆਂ ਅੰਦਰ, ਪੱਥਰਾਂ, ਪਹਾੜਾਂ, ਵਗਦੇ ਦਰਿਆਵਾਂ ਅੰਦਰ ਜਾਂ ਆਪਣੇ ਅੰਦਰ ਉਸ ਦਾ ਅਹਿਸਾਸ... ਦਰਿਆਵਾਂ ਅੰਦਰ ਵਗਦੇ ਪਾਣੀਆਂ ਅੰਦਰ ਜਾਂ ਆਪਣੀਆਂ ਨਸਾਂ ਵਿੱਚ ਵਗਦੇ ਲਹੂ ਅੰਦਰ ਉਸ ਦੀ ਮੌਜੂਦਗੀ ਦੀ ਪ੍ਰਤੀਤ... ਉਸ ਦੀਆਂ ਸੰਵੇਦਨਸ਼ੀਲ ਧੁਨੀ ਤਰੰਗਾਂ ਦਾ ਅਹਿਸਾਸ। ਜਿਹੜੇ, ਅਲੱਖ, ਅਦਿੱਖ, ਅਕੱਥ ਦੇ ਅਹਿਸਾਸ ਨਾਲ ਭਰੇ ਹੋਏ, ਧਰਤੀ 'ਤੇ ਆਏ, ਅਸੀਂ ਉਸੇ ਨੂੰ "ਸਤਿਗੁਰੂ" ਕਹਿੰਦੇ ਹਾਂ। ਸਤਿ... ਪ੍ਰਮਾਤਮਾ ਦੇ ਅਹਿਸਾਸ, ਪ੍ਰਤੀਤ ਅਤੇ ਅਨੁਭਵ-ਬੋਧ ਨਾਲ ਭਰੇ ਹੋਏ। ਉਹ ਸਦਾ ਪਰਮੇਸ਼ਰ ਦੇ ਅਨੁਭਵ ਵਿੱਚ ਹੁੰਦੇ ਹਨ... ਸੁੱਤੇ, ਜਾਗਦੇ, ਹਰ ਵਕਤ। ਐਸੇ ਗੁਰੂ ਦੇ ਸਨਮੁਖ ਹੋਇਆ ਕੋਈ ਗੁਰਮੁਖਿ, ਪਰਮਾਤਮਾ ਨੂੰ ਜਾਣੇਗਾ। ਪਰਮਾਤਮਾ ਬਾਬਤ ਤਾਂ, ਧਰਮ ਸ਼ਾਸਤ੍ਰਾਂ ਵਿੱਚ ਬਹੁਤ ਜਾਣਕਾਰੀ ਉਪਲੱਬਧ ਹੈ। ਪਰ ਉਹ ਸਾਰੇ, ਅੱਖਰ ਮਾਤਰ ਹਨ। ਕਿਤੋਂ ਪੜ੍ਹੇ ਹੋਏ ਜਾਂ ਸੁਣੇ ਹੋਏ ਅੱਖਰਾਂ ਦਾ ਗਿਆਨ। ਉਹਨਾਂ ਵਿੱਚ ਨਿੱਜ ਦਾ ਅਨੁਭਵ ਨਹੀਂ... ਆਤਮ ਅਨੁਭੂਤੀ ਨਹੀਂ।

ਤਾਂ ਤੀਜੇ ਪਾਤਸ਼ਾਹ, ਅੱਗੋਂ ਕਹਿੰਦੇ ਹਨ—

"ਹਰਿ ਨਦਰਿ ਕਰੇ ਸੋਈ ਜਨੁ ਪਾਏ, ਗੁਰਮੁਖਿ ਅਕਥ ਕਹਾਣੀ ॥"

ਪ੍ਰਭੂ ਮੇਹਰ ਕਰ ਦੇਵੇ... ਕੋਈ ਗੁਰੂ ਵਾਲਾ... ਕੋਈ ਗੁਰਮੁਖ, ਹਰੀ ਦੇ ਅਹਿਸਾਸ ਨੂੰ ਪ੍ਰਾਪਤ ਕਰ ਸਕਦਾ ਹੈ।

ਭਾਈ ਪਾਰੋ ਡੱਲ੍ਹਾ! ਕਪੂਰਥਲੇ ਦੇ ਨੇੜੇ, ਡੱਲ੍ਹੇ ਪਿੰਡ ਦਾ ਵਸਨੀਕ! ਦੂਜੇ ਪਾਤਸ਼ਾਹ ਦੇ ਸਮੇਂ, ਹਿਰਦੇ ਵਿੱਚ, ਗੁਰੂ ਮਿਲਨ ਦੀ ਤਾਂਘ ਉੱਠੀ। ਸ੍ਰੀ ਖਡੂਰ ਸਾਹਿਬ ਪਹੁੰਚ ਗਿਆ। ਸ਼ਾਮ ਦਾ ਸੰਗਤ-ਦਰਬਾਰ ਸਜਿਆ ਹੋਇਆ ਸੀ। ਸਤਿਗੁਰ ਅੰਗਦ ਦੇਵ ਪਾਤਸ਼ਾਹ, "ਬ੍ਰਹਮ ਗਿਆਨ" ਤੇ ਕਥਾ ਕਰ ਰਹੇ ਸਨ। ਭਾਈ ਪਾਰੋ ਵੀ, ਗੱਦੀ ਆਸੀਨ ਸਤਿਗੁਰਾਂ ਨੂੰ ਨਮਸਕਾਰ ਕਰ ਕੇ ਬੈਠਾ ਹੋਇਆ ਸੀ। ਕਥਾ ਸ੍ਰਵਣ ਕੀਤੀ, ਅੰਦਰ ਕੁਝ ਸਵਾਲ, ਕੁਝ ਜਗਿਆਸਾ, ਜਾਗ੍ਰਿਤ ਹੋਈ। ਭੋਗ-ਅਰਦਾਸ ਉਪਰੰਤ, ਵੇਹਲਾ ਸਮਾਂ ਵੇਖ ਕੇ, ਭਾਈ ਪਾਰੋ ਸਤਿਗੁਰਾਂ ਤੋਂ ਸ਼ਰਧਾ ਸਹਿਤ ਅਰਜ਼ ਕੀਤੀ :

"ਆਪ ਜੀ ਬਚਨ ਕਰਦੇ ਹੋ, ਬ੍ਰਹਮ ਦੀ ਪ੍ਰਤੀਤੀ, ਇੰਦ੍ਰੀਆਂ ਤੋਂ ਅਤੀਤ ਹੈ। ਅੱਖ, ਕੰਨ, ਨੱਕ, ਜਿਹਵਾ ਜਾਂ ਸਪੱਰਸ਼ ਨਾਲ, ਉਸ ਨਿਰਾਕਾਰ ਬ੍ਰਹਮ ਨੂੰ ਨਹੀਂ

ਜਾਣਿਆ ਜਾ ਸਕਦਾ ਹੈ। ਸਾਡੇ ਪਾਸ ਤਾਂ ਸਤਿਗੁਰ ਜੀ, ਕਿਸੇ ਸ਼ੈਅ ਨੂੰ ਜਾਣਨ ਦਾ ਵਸੀਲਾ, ਇਹ ਇੰਦ੍ਰੀਆਂ ਹੀ ਹਨ। ਅੱਖਾਂ ਨਾਲ ਵੇਖ ਕੇ, ਕੰਨਾਂ ਨਾਲ ਸੁਣ ਕੇ ਜਾਂ ਹੱਥਾਂ ਦੇ ਸਪੱਰਸ਼ ਨਾਲ ਕਿਸੇ ਨੂੰ ਜਾਣਦੇ ਹਾਂ। ਸਾਡੇ ਜਿਹੇ, ਆਤਮ ਤਲ ਤੇ ਅਵਿਕਸਤ ਮਨੁੱਖ, ਕਿਵੇਂ ਜਾਣ ਸਕਦੇ ਹਨ। ਤਾਂ ਸਤਿਗੁਰ ਜੀ ਨੇ ਬਚਨ ਕੀਤਾ, ਦੋ ਤਰੀਕੇ ਹਨ, ਬ੍ਰਹਮ ਗਿਆਨ ਪ੍ਰਾਪਤੀ ਦੇ। ਪਹਿਲਾਂ ਤਾਂ ਅੰਤਰਮੁਖੀ ਹੋ ਕੇ ਆਪਣੇ ਆਲੇ-ਦੁਆਲੇ ਨੂੰ... ਆਪਣੇ ਆਪ ਨੂੰ ਵੇਖਣਾ। ਉਹ ਸਭ ਕੁਝ, ਜੋ ਨਾਸ਼ਵਾਨ ਹੈ, ਢਾਉਂਦਾ ਜਾਏ। ਸੰਸਾਰ, ਪਰਿਵਾਰ, ਵਾਪਾਰ, ਆਪਣਾ ਸਰੀਰ ਵੀ, ਨਾਸ਼ਵਾਨ ਅਰਥਹੀਨ ਸਮਝ ਕੇ ਢਾਹ ਦੇਵੇ। ਕੁਝ ਵੀ ਦਿਸਦਾ ਹੋਇਆ, ਆਕਾਰ ਵਾਲਾ ਪਿੰਡ-ਪਦਾਰਥ ਬੇਅਰਥ ਹੋ ਜਾਏ... ਸਾਰੀਆਂ ਢੇਰੀਆਂ ਮੋਹ ਦੀਆਂ ਢਹਿ ਜਾਣ ਤਾਂ ਫਿਰ ਜਿਹੜਾ ਸੁੰਨ-ਮਾਤਰ ਦਾ ਅਹਿਸਾਸ ਰਹਿ ਜਾਏ, ਉਹੋ "ਬ੍ਰਹਮ ਗਿਆਨ" ਹੈ।

ਭਾਈ ਪਾਰੋ ਹੱਥ ਜੋੜ ਅਰਜ਼ ਕੀਤੀ, ਸੱਚੇ ਪਾਤਸ਼ਾਹ! ਇਸ ਅਭਿਆਸ ਵਿੱਚ ਤਾਂ ਕਈ ਜਨਮ ਲੰਘ ਜਾਣੇ ਨੇ। ਬਹੁਤ ਕਠਿਨ ਸਾਧਨਾ ਹੈ। ਸਾਡੇ ਜਿਹੇ ਆਮ ਮਨੁੱਖ ਲਈ, ਇਹ ਆਤਮ ਗਿਆਨ ਪ੍ਰਾਪਤ ਕਰਨਾ ਸੰਭਵ ਨਹੀਂ। ਸਤਿਗੁਰ ਮੇਹਰ ਦੇ ਘਰ ਵਿੱਚ ਆਏ... ਹੱਥ ਭਾਈ ਪਾਰੋ ਦੇ ਸਿਰ 'ਤੇ ਰੱਖ ਦਿੱਤਾ... ਇੱਕ ਖਿਨ ਵਿੱਚ, ਬ੍ਰਹਮ ਗਿਆਨ ਦੇ ਤਲ 'ਤੇ ਬਿਰਾਜਮਾਨ ਕਰ ਦਿੱਤਾ। ਪਾਰੋ ਬ੍ਰਹਮ ਗਿਆਨੀ ਹੋ ਗਿਆ। ਚਿੱਤ ਵਿੱਚ ਜਿਹੜੀ ਸੋਚ ਆਉਂਦੀ, ਤਤਕਾਲ ਪੂਰੀ ਹੁੰਦੀ! ਹਰ ਦਿਨ ਡੱਲ੍ਹੇ ਪਿੰਡ ਤੋਂ ਖਡੂਰ ਸਾਹਿਬ ਆਉਂਦੇ। ਸਮਾਂ ਪਾ ਕੇ, ਦੂਜੇ ਪਾਤਸ਼ਾਹ ਨੇ ਦੇਹ ਦਾ ਓਹਲਾ ਕੀਤਾ, ਤੀਜੇ ਪਾਤਸ਼ਾਹ ਸ੍ਰੀ ਗੋਇੰਦਵਾਲ ਸਾਹਿਬ ਡੇਰਾ ਲਾਇਆ। ਸਰਦ ਰੁੱਤ ਹੁੰਦੀ ਜਾਂ ਗਰਮ ਰੁੱਤ ਹੁੰਦੀ, ਭਾਈ ਪਾਰੋ ਦਾ ਗੁਰੂ ਦਰਸ਼ਨ ਦਾ ਨਿਯਮ ਕਦੇ ਨਾ ਟੁੱਟਿਆ। ਸਾਉਣ-ਭਾਦੋਂ, ਅਤਿ ਦੀ ਵਰਖਾ ਹੁੰਦੀ, ਹੜ੍ਹ ਨਾਲ ਉਫ਼ਨਦੀ ਬਿਆਸਾ ਵੀ ਖਲੋ ਕੇ, ਰਾਹ ਦੇ ਦਿੰਦੀ।

ਪਾਤਸ਼ਾਹ ਦਾ ਹੱਥ, ਭਾਈ ਪਾਰੋ ਦੇ ਸਿਰ 'ਤੇ ਹੈ ਸੀ, ਬਚਨ ਕੀਤਾ, ਦੂਸਰਾ ਤਰੀਕਾ, ਬ੍ਰਹਮ ਗਿਆਨ ਦਾ, ਜੇ ਸਤਿਗੁਰੂ ਨਦਰਿ ਕਰ ਦੇਵੇ :

"ਹਰਿ ਨਦਰਿ ਕਰੇ ਸੋਈ ਜਨੁ ਪਾਏ, ਗੁਰਮੁਖਿ ਵਿਰਲੈ ਜਾਣੀ॥"

ਸਿੱਖ ਦੀਆਂ, ਸਾਧਕ ਦੀਆਂ, ਤਿੰਨ ਜਮਾਤਾਂ ਦੀ ਸਿੱਖਿਆ ਹੁੰਦੀ ਹੈ। ਪਹਿਲਾਂ ਸਿਖਿਆਰਥੀ, ਗੁਰੂ-ਦਰ 'ਤੇ ਪ੍ਰਵਾਨ ਹੋਵੇ, ਗੁਰਸਿੱਖ ਹੋਵੇ। ਦੂਜੀ ਪਾਇਦਾਨ, ਗੁਰੂ ਦੀ ਸਿੱਖਿਆ, ਗੁਰਮਤਿ-ਗਿਆਨ ਹਿਰਦੇ 'ਤੇ ਧਾਰਨ ਕਰੇ। ਇਹਨਾਂ ਨੂੰ ਪਾਸ ਕਰ ਲਵੇ ਤਾਂ ਉਸ ਨੂੰ ਗੁਰਮੁਖਿ ਦਾ ਦਰਜਾ ਪ੍ਰਾਪਤ ਹੁੰਦਾ ਹੈ। ਗੁਰਸਿੱਖ, ਗੁਰਮਤਿ ਅਤੇ ਗੁਰਮੁਖਿ, ਤਿੰਨ ਅਵਸਥਾਵਾਂ ਹਨ ਤਾਂ ਸਤਿਗੁਰ ਕਹਿੰਦੇ ਹਨ, "ਗੁਰਮੁਖਿ ਵਿਰਲੈ ਜਾਣੀ"। ਸਿੱਖ ਤਾਂ ਬਹੁਤੇ ਹਨ, ਪਰ ਗੁਰਸਿੱਖ ਵਿਰਲਾ ਕੋਈ। ਫਿਰ ਗੁਰਸਿੱਖ ਵੀ ਬਥੇਰੇ... ਗੁਰੂ ਦਾ ਦਿੱਤਾ ਹੋਇਆ ਭੇਖ ਪਹਿਰਾਵੇ ਵਾਲੇ ਅਨੇਕ, ਪਰ ਗੁਰਮਤਿ-ਗਿਆਨ ਲੈਣ ਵਾਲਾ ਕੋਈ ਵਿਰਲਾ...।

ਫਿਰ, ਗੁਰਮਤਿ ਦੇ ਸਿਖਿਆਰਥੀ ਭੀ ਕਈ। ਗੁਰਮਤਿ ਸਿੱਖਿਆ ਨੂੰ ਕਥਾ, ਕੀਰਤਨ, ਧਰਮ ਸੰਪਰਦਾ ਪ੍ਰਚਾਰ-ਰੂਪ ਵਿੱਚ, ਰੋਜ਼ਗਾਰ ਬਣਾ ਕੇ ਵਰਤ ਲੈਂਦੇ ਹਨ। ਪਾਤਸ਼ਾਹ ਕਹਿੰਦੇ ਹਨ, ਗੁਰਮਤਿ-ਗਿਆਨ ਵਾਲੇ ਵੀ ਬਹੁਤੇ, ਪਰ ਗੁਰਮੁਖਿ ਕੋਈ ਵਿਰਲਾ, ਜਿਸ ਅੰਦਰ, ਸਤਿ ਦੀ, ਸਤਿਗੁਰ ਦੀ ਸ਼ਿਨਾਖ਼ਤ ਰਹਿ ਜਾਏ... ਹਰੀ ਦਾ ਅਹਿਸਾਸ ਰਹਿ ਜਾਏ... "ਗੁਰਮੁਖਿ ਵਿਰਲੈ ਜਾਣੀ"।

ਮਨੁੱਖ ਕੋਲ ਜਾਨਣ ਦਾ ਵਸੀਲਾ, ਇੰਦ੍ਰੀਆਂ ਹਨ। ਪ੍ਰਮਾਤਮਾ, ਇੰਦ੍ਰੀਆਂ ਰਾਹੀਂ ਨਹੀਂ ਜਾਣਿਆ ਜਾ ਸਕਦਾ। ਰਿਸ਼ੀ, ਮੁਨੀ, ਤਪੱਸਵੀ, ਵੇਦ-ਪਾਠੀ, ਨਹੀਂ ਜਾਣ ਸਕੇ... ਸਿਆਣੇ, ਵਿਦਵਾਨ, ਮਨ, ਬੁੱਧੀ, ਇੰਦ੍ਰੀਆਂ ਨਾਲ ਜਾਨਣ ਦੀ ਚੇਸ਼ਟਾ ਕਰਦੇ ਰਹੇ, ਕੋਈ ਸਫਲ ਨਹੀਂ ਹੋਇਆ—

ਨੌਵੇਂ ਪਾਤਸ਼ਾਹ ਕਹਿੰਦੇ ਹਨ—

"ਹਰਿ ਕੀ ਗਤਿ ਨਹਿ ਕੋਊ ਜਾਨੈ ॥
ਜੋਗੀ ਜਤੀ ਤਪੀ ਪਚਿ ਹਾਰੇ, ਅਰੁ ਬਹੁ ਲੋਗ ਸਿਆਨੇ ॥"

ਸੰਸਾਰ ਤੇ ਪ੍ਰਭਾਅ ਪਾਉਣ ਵਿੱਚ ਕਾਮਯਾਬ ਹੁੰਦੇ ਹਨ, ਪਰ ਪ੍ਰਭੂ ਦਰਬਾਰ ਵਿੱਚ ਸਖਣੇ ਪਹੁੰਚਦੇ ਹਨ। ਸੰਸਾਰ ਵਿੱਚ ਇੱਕ ਬਿੰਦੂ... ਇੱਕ ਥਾਓਂ, ਦੇਹ ਵਿੱਚ ਹੁੰਦਿਆਂ ਬਿਦੇਹ... ਲੋਕ ਵਿੱਚ ਹੁੰਦਿਆਂ ਅਲੌਕਿਕ, ਉਹ ਗੁਰੂ ਹੈ..."ਸਤਿਗੁਰੂ"! ਸਤਿ ਸਰੂਪ... ਪਰਮੇਸ਼ਰ ਦਾ ਪ੍ਰਤੀਰੂਪ! ਵੇਦਾਂਤ ਉਸ ਦਿੱਵ ਸੱਤਾ ਬਾਬਤ ਕਹਿੰਦਾ ਹੈ—

"ਅਖੰਡ ਮੰਡਲਾ ਕਾਰਮ, ਵਿਆਪਤੰ ਯੇਨ ਚਰਾਚਰੰ ॥
ਤਦਪਦੰ ਦਰਸ਼ਿਤੰ ਯੇਨ, ਤਸਮੈ ਸ੍ਰੀ ਗੁਰਵੇ ਨਮਹ ॥"

ਸਾਰੇ ਬ੍ਰਹਮਾਂਡ ਦੇ ਜੀਵ-ਨਿਰਜੀਵ, ਹਰ ਸ਼ੈਅ ਵਿੱਚ ਮੌਜੂਦ ਸਿਰਜਨਹਾਰ ਦੀ, ਜਿਹੜਾ ਪ੍ਰਤੀਤ ਕਰਵਾ ਦੇਵੇ... ਉਸ ਪ੍ਰਮਾਤਮਾ ਦੇ ਅਦਿੱਖ ਚਰਨਾਂ ਨੂੰ ਦਿਖਾ ਦੇਵੇ, ਉਸ ਸਤਗੁਰੂ ਨੂੰ ਪ੍ਰਣਾਮ! ਐਸੇ ਹੀ, ਸ੍ਰਿਸ਼ਟੀ ਨੂੰ ਸਿਰਜਨਹਾਰ ਨਾਲ ਜੋੜਨ ਵਾਲੇ, ਸ੍ਰੀ ਗੁਰੂ ਨਾਨਕ ਨੇ, ਤੁਰਦਾ-ਫਿਰਦਾ ਧਰਮ ਸਿੱਖਿਆ ਦਾ ਸਤਰ ਚਲਾਇਆ। ਸਾਰੀ ਸਿੱਖਿਆ ਨੂੰ ਪੰਜ ਜਮਾਤਾਂ ਵਿੱਚ ਵੰਡਿਆ। ਪਹਿਲੀ ਜਮਾਤ, "ਧਰਮ ਖੰਡ" ਹੈ। ਇਹ ਧਰਤੀ ਧਰਮਸਾਲਾ ਹੈ। ਘਰ ਵਿੱਚ, ਸੰਸਾਰ ਵਿੱਚ, ਮਹਿਮਾਨ ਬਣ ਕੇ ਰਹੇ...। ਸਾਰੇ ਜੀਆਂ ਪ੍ਰਤੀ ਸੰਵੇਦਨਾ ਰੱਖੇ, ਆਤਮ ਭਾਵ ਨਾਲ ਵਰਤੇ। ਗੁਰੂ ਨਾਨਕ ਦੇ ਸਿਖਿਆਲੈ ਵਿੱਚ ਦਾਖਲ, ਗੁਰਸਿੱਖ, ਗੁਰੂ ਦੇ ਸਿੱਖਿਆ ਸਤਰ ਅਨੁਸਾਰ, ਆਤਮ ਗਿਆਨ ਪ੍ਰਾਪਤ ਕਰ ਕੇ, ਨਿਰਮੋਹ, ਨਿਸ਼ਕਾਮ ਕਰਮ ਕਰਦਿਆਂ, ਸਰਮ ਖੰਡ ਵਿੱਚ, ਪਤਿ ਸਹਿਤ ਪਰਵਾਨ ਹੁੰਦੈ। ਇੱਥੇ ਜੀਅ-ਬ੍ਰਹਮ ਪ੍ਰੀਚੈ ਹੁੰਦਾ ਹੈ। ਪੁਰਖ ਅਤੇ ਪ੍ਰਕਿਰਤੀ, ਸ਼ਿਵ ਅਤੇ ਸ਼ਕਤੀ ਇੱਕ ਮਿੱਕ ਹੁੰਦੇ ਜਾਪਦੇ ਹਨ। ਇੱਥੇ ਸੰਸਾਰ ਤੋਂ ਤਬਦੀਲ ਹੋ ਕੇ, ਨਿਰੰਕਾਰ ਮੁਖੀ ਸੁਰਤਿ ਦਾ ਨਵਾਂ ਸੰਸਕਰਨ ਸਥਾਪਿਤ ਹੁੰਦਾ ਹੈ ਅਤੇ ਗੁਰਸਿੱਖ ਚਾਰੇ ਧਰਮ ਜਮਾਤਾਂ ਪਾਸ ਕਰ ਕੇ, "ਗੁਰਮੁਖਿ" ਦਾ ਸੰਬੋਧਨ ਪ੍ਰਾਪਤ ਕਰਦਾ ਹੈ। ਇਹ

ਗੁਰਮੁਖ, ਨਿਰਧੁਨਿ ਨੂੰ ਸੁਣਿ ਸਕਦਾ ਹੈ, ਅਲੱਖ ਨੂੰ ਲਖ ਸਕਦਾ ਹੈ। ਗੁਰਮੁਖ ਬ੍ਰਹਮਗਿਆਨ ਦਾ ਅਧਿਕਾਰੀ ਬਣ ਕੇ "ਸਚਖੰਡ" ਵਿੱਚ ਬਿਰਾਜਮਾਨ ਹੁੰਦਾ ਹੈ। ਇਹ ਅਵਸਥਾ, ਦੇਹ ਤੋਂ ਪਰ੍ਹੇ ਹੋ ਜਾਣ ਦੀ ਅਵਸਥਾ ਹੁੰਦੀ ਹੈ, ਆਪ ਬ੍ਰਹਮ ਵਿੱਚ ਅਤੇ ਬ੍ਰਹਮ ਦਾ ਆਪਣੇ ਵਿੱਚ ਬੋਧ ਦਾ ਤਲ... ਅਹਿਸਾਸ ਦਾ ਤਲ...! ਨਿਰੰਕਾਰ ਦਾ... ਅਕਥ ਦਾ ਕਹਾਣੀਕਾਰ!

# ਟੁੱਟਦੇ ਰਿਸ਼ਤੇ

ਮੈਂ ਤੇ ਹਰਭਜਨ ਸਿੰਘ ਸਲੂਜਾ, ਸੰਨ 2005 ਵਿੱਚ, ਸ੍ਰੀ ਭੈਣੀ ਸਾਹਿਬ ਤੋਂ ਚੰਡੀਗੜ੍ਹ ਆਉਂਦਿਆਂ, ਮੋਰਿੰਡਾ-ਖਰੜ ਦੇ ਵਿਚਾਲੇ, ਹਾਈਵੇ ਦੇ ਖੱਬੇ ਹੱਥ, "ਮਾਤਾ ਗੁਜਰੀ ਨਿਵਾਸ" ਦਾ ਬੋਰਡ ਪੜ੍ਹ ਕੇ, ਗੱਡੀ ਰੋਕ ਲਈ। ਨਾਂ ਤੋਂ ਜ਼ਾਹਿਰ ਸੀ, ਇਹ ਬਿਰਧ ਮਾਤਾਵਾਂ ਦਾ ਆਸਰਾ ਸੀ। ਜਗਿਆਸਾ ਅਤੇ ਸੰਵੇਦਨਾ ਨਾਲ ਭਰੇ ਹੋਏ ਅਸੀਂ ਦੋਵੇਂ ਗੇਟ ਤੋਂ ਅੰਦਰ ਚਲੇ ਗਏ। ਖੱਬੇ ਹੱਥ, ਦਫਤਰ ਸੀ। ਅੰਦਰ ਇੱਕ ਗੁਰਸਿੱਖ ਸੱਜਣ, ਰਜਿਸਟਰ ਵਿੱਚ ਕੁਝ ਲਿਖ ਰਹੇ ਸਨ। ਅਸੀਂ ਆਪਣਾ ਕਾਰਡ ਦਿੱਤਾ ਤੇ ਨਾਲ ਜ਼ੁਬਾਨੀ ਪ੍ਰੀਚੈ ਵੀ ਦਿੱਤਾ। ਉਨ੍ਹਾਂ ਆਦਰ ਸਹਿਤ, ਉਠ ਕੇ, ਸਤਿ ਸ੍ਰੀ ਅਕਾਲ ਬੁਲਾਈ ਤੇ ਕੁਰਸੀਆਂ 'ਤੇ ਬੈਠਣ ਲਈ ਇਸ਼ਾਰਾ ਕੀਤਾ। ਬਿਰਧ ਆਸ਼ਰਮ ਬਾਬਤ, ਉਨ੍ਹਾਂ ਭਿੱਜੀ ਜਿਹੀ ਆਵਾਜ਼ ਵਿੱਚ ਦੱਸਿਆ, ਮੇਰੇ ਕੋਲ ਜ਼ਮੀਨ-ਜਾਇਦਾਦ ਬਹੁਤ ਹੈ। ਧਨ ਪੱਖੋਂ "ਮਹਾਰਾਜ" ਨੇ ਕੋਈ ਕਸਰ ਨਾ ਰੱਖੀ। ਪਰ ਇੱਕ ਕਾਰ ਦੁਰਘਟਨਾ ਵਿੱਚ, ਮੇਰੇ ਦੋਵੇਂ ਜਵਾਨ ਪੁੱਤਰ ਸਤਿਗੁਰ ਨੂੰ ਪਿਆਰੇ ਹੋ ਗਏ। ਮੈਂ ਅੰਦਰੋਂ ਪੂਰੀ ਤਰ੍ਹਾਂ ਟੁੱਟ ਗਿਆ ਸਾਂ। ਧਨ, ਜਾਇਦਾਦ ਦਾ ਕੋਈ ਮਕਸਦ ਨਾ ਰਹਿ ਗਿਆ। ਇੱਕ ਦਿਨ, ਅੰਦਰੋਂ ਸਤਿਗੁਰ ਨੇ ਬਿਰਧ, ਬੇਸਹਾਰਾ ਮਾਤਾਵਾਂ ਲਈ, ਸੇਵਾ-ਸੰਭਾਲ ਦਾ ਫੁਰਨਾ ਦਿੱਤਾ। ਹਾਲ ਦੀ ਘੜੀ, ਦੋ ਕਿੱਲਿਆਂ ਵਿੱਚ ਇਹ, "ਮਾਤਾ ਗੁਜਰੀ ਨਿਵਾਸ" ਬਣਿਆ ਹੈ... ਪਿੱਛੇ ਹੋਰ ਬਹੁਤ ਸਾਰੀ ਜ਼ਮੀਨ ਸਾਡੇ ਕੋਲ ਹੈ। ਜ਼ਰੂਰਤ ਅਨੁਸਾਰ ਵਿਸਥਾਰ ਕਰਦੇ ਜਾਵਾਂਗੇ।

ਆਸ਼ਰਮ ਵਿੱਚ ਬਣੇ ਹੋਏ 8 ਕਮਰੇ 14×16 ਦੇ ਅੰਦਾਜ਼, ਹਰ ਕਮਰੇ ਵਿੱਚ ਚਾਰ ਕਾਰਨਰ ਤੇ ਇੱਕ-ਇੱਕ ਬੈੱਡ। ਸਾਫ ਬਿਸਤਰੇ, ਚਾਦਰਾਂ, ਸਿਰਹਾਣੇ। ਹਰ ਬੈੱਡ ਦੇ ਨਾਲ ਇੱਕ-ਇੱਕ ਕਪਾਟਨੁਮਾ ਅਲਮਾਰੀਆਂ, ਆਪਣਾ-ਆਪਣਾ ਸਾਮਾਨ ਸੰਭਾਲ ਲਈ। ਇੱਕ-ਇੱਕ ਕੁਰਸੀ 'ਤੇ ਨਾਲ ਇਕ-ਇਕ ਟੇਬਲ, ਪ੍ਰਸ਼ਾਦ-ਪਾਣੀ ਛਕਣ ਲਈ। ਦੋ ਕਮਰੇ ਲੰਘ, ਤੀਜੇ ਵਿੱਚ ਵੜਦਿਆਂ, ਸੱਜੇ ਹੱਥ ਵਾਲੇ ਬੈੱਡ 'ਤੇ ਬੈਠ, ਗੁਟਕਾ ਸਾਹਿਬ ਤੇ ਕੋਈ ਪਾਠ ਕਰਦੀ ਹੋਈ ਮਾਤਾ ਨੂੰ ਵੇਖਦਿਆਂ ਹੀ ਪਛਾਣ ਗਿਆ।

"ਓਹ... ਹੋ, ਬਖਸ਼ੀਸ਼ ਮਾਸੀ ਜੀ!" ਬੋਲ ਕੇ ਮੈਂ ਪੈਰਾਂ ਨੂੰ ਹੱਥ ਲਾਇਆ।

ਪਾਠ ਇੱਕ ਖਿਨ ਲਈ ਰੋਕ, ਮੇਰੇ ਵੱਲ ਵੇਖ, ਮਾੜਾ ਜਿਹਾ ਅਸਹਿਜ ਹੋਏ। ਕੁਰਸੀ 'ਤੇ ਬਹਿਣ ਦਾ ਇਸ਼ਾਰਾ ਕੀਤਾ। ਅਸੀਂ ਦੋਵੇਂ ਬੈਠ ਗਏ। ਦੋ ਕੁ ਮਿੰਟਾਂ ਮਗਰੋਂ ਗੁਟਕਾ ਸਾਹਿਬ ਰੁਮਾਲੇ ਵਿੱਚ ਲਵੇਟ ਕੇ, ਸਿਰਹਾਨੇ ਬਣੇ ਤਖ਼ਤੇ 'ਤੇ ਰੱਖ ਅਰਦਾਸ ਕੀਤੀ। ਫਿਰ ਮੁਖ਼ਾਤਿਬ ਹੋਏ।

ਸਕੂਲ ਦੇ ਦਿਨਾਂ ਵਿੱਚ, "ਮਾਸੀ ਜੀ" ਦਾ ਦੂਜੇ ਨੰਬਰ ਵਾਲਾ ਪੁੱਤਰ "ਲਾਲੀ" ਮੇਰੇ ਨਾਲ ਪੜ੍ਹਦਾ ਸੀ। ਤਿੰਨ ਭਰਾ ਹੈ ਸਨ, ਵੱਡਾ ਅਮਰੀਕ, ਫਿਰ ਲਾਲੀ ਤੇ ਸਭ ਤੋਂ ਛੋਟਾ ਨਿੱਕੂ। ਵੱਡਾ ਅਮਰੀਕ, ਸਿਹਤ ਪੱਖੋਂ, ਕਮਜ਼ੋਰ ਜਿਹਾ ਸੀ। ਦਸਵੀਂ ਕਰ ਕੇ ਮਾਮਿਆਂ ਕੋਲ, ਟਿੰਬਰ ਦੇ ਵਾਪਾਰ ਵਿੱਚ ਨੌਕਰੀ ਕਰਦਾ ਸੀ। ਲਾਲੀ ਪੜ੍ਹਨੋਂ ਚੰਗਾ ਹੁਸ਼ਿਆਰ ਸੀ। ਨਿੱਕੂ ਸਾਡੇ ਤੋਂ ਦੋ ਜਮਾਤਾਂ ਥੱਲੇ ਪੜ੍ਹਦਾ ਸੀ। ਨਿੱਕੂ ਫੁੱਟਬਾਲ ਦਾ ਬਹੁਤ ਵਧੀਆ ਖਿਡਾਰੀ ਸੀ। ਇਹ ਗੱਲ ਸੰਨ 1965 ਤੋਂ 70 ਦੇ ਵਿਚਾਲੇ ਦੀ ਹੈ। ਉਦੋਂ ਇਹ ਮਾਸੀ ਜੀ, ਚਾਲ੍ਹੀ ਕੁ ਸਾਲ ਦੇ ਹੋਣਗੇ। ਗੋਰਾ, ਕਸ਼ਮਰੀਨ ਜਿਹਾ ਚੇਹਰਾ। ਗੰਭੀਰ ਜਿਹੀ, ਪ੍ਰਭਾਵਸ਼ਾਲੀ ਸ਼ਖਸੀਅਤ। 1980 ਵਿੱਚ, ਕੁਝ ਦਿਨ ਬਿਮਾਰ ਰਹਿ ਕੇ, ਇਨ੍ਹਾਂ ਦਾ ਸਾਂਈ ਸਵਰਗਵਾਸ ਹੋ ਗਿਆ। 1982 ਵਿੱਚ ਅਮਰੀਕ ਦਾ ਵਿਆਹ ਕੀਤਾ। ਸਾਲ ਖੰਡ ਮਗਰੋਂ ਅਮਰੀਕ ਵੀ ਗੁਰੂ ਪਿਆਰਾ ਹੋ ਗਿਆ। ਲਾਲੀ ਇੰਜੀਨੀਅਰਿੰਗ ਕਰਕੇ ਅਮੇਰਿਕਾ ਚਲਾ ਗਿਆ। ਫਿਰ 1984 ਦੇ ਦੰਗਿਆਂ ਮਗਰੋਂ ਅਸੀਂ ਡਾਲਟਨਗੰਜ ਛੱਡ, ਚੰਡੀਗੜ੍ਹ ਆ ਵਸੇ। ਹੁਣ 2005 ਵਿੱਚ, ਮਾਸੀ ਨੂੰ, ਬਿਰਧ ਆਸ਼ਰਮ 'ਚ ਵੇਖ ਹੈਰਾਨੀ ਨਾਲ ਰਲੀ ਹੋਈ ਜਗਿਆਸਾ ਤੀਬਰ ਹੋ ਰਹੀ ਸੀ।

"ਮਾਸੀ ਨੇ ਮੇਰੀ ਅੱਖਾਂ ਵਿੱਚ, ਸਾਉਣ ਭਾਦੋਂ ਦੇ ਬੱਦਲਾਂ ਵਾਂਗ ਉਮੜਦੇ-ਘੁਮੜਦੇ ਸਵਾਲਾਂ ਨੂੰ ਭਾਂਪ ਲਿਆ। ਇਕ ਲੰਮਾ ਜਿਹਾ ਸਾਹ ਲੈ ਕੇ ਬੋਲੀ—

1984 ਤੋਂ ਡਰੇ ਹੋਏ ਹੌਲੀ-ਹੌਲੀ ਤੁਹਾਡੇ ਵਾਂਗ, ਬਹੁਤੇ ਪਰਿਵਾਰ, ਦਿੱਲੀ ਜਾਂ ਪੰਜਾਬ ਆ ਗਏ। ਪ੍ਰਾਈਵੇਟ ਨੌਕਰੀ ਕਰਦਾ ਹੋਇਆ ਨਿੱਕੂ ਉੱਥੋਂ ਕੀ ਲੈ ਕੇ ਆਉਂਦਾ ? ਬੱਸ ਸਿਰ ਲੁਕਾਈ ਜੋਗ ਛੱਤ ਹੇਠ ਗੁਜ਼ਾਰਾ ਹੋ ਰਿਹਾ ਸੀ। ਲਾਲੀ ਬਾਹਰ ਜਾ ਕੇ, ਕਦੀ ਖਬਰ ਨਾ ਲਈ। ਨਿੱਕੂ ਨਾਲ ਅਮਰੀਕ ਦੀ ਘਰ ਵਾਲੀ ਬਿਠਾ ਦਿੱਤੀ। ਤਿੰਨ ਬੱਚੇ ਸੁਖ ਨਾਲ ਹੋਏ। ਸਕੂਲ ਜਾਣ ਲੱਗ ਪਏ। ਖਰਚਾ ਵਧੀ ਗਿਆ... ਘਰ ਦੇ ਦੋ ਕਮਰੇ ਹੁਣ ਤੰਗ ਲੱਗਣ ਲੱਗੇ। ਕਲੇਸ਼ ਪੈਂਦਾ, ਚਿੜਚਿੜ ਹੁੰਦੀ... ਮੈਂ ਸ਼ਾਂਤ ਸੁਣਦੀ ਰਹਿੰਦੀ। ਇੱਕ ਦਿਨ, ਮੈਂ ਹੀ ਨਿੱਕੂ ਨੂੰ ਕਿਹਾ : ਮੈਨੂੰ ਕਿਤੇ ਦੂਰ, ਬਿਰਧ ਆਸ਼ਰਮ ਵਿੱਚ ਛੱਡ ਆ। ਸੱਤ ਸਾਲ ਹੋਣ ਨੂੰ ਆਏ, ਇਸ "ਨਿਵਾਸ" ਵਿੱਚ। ਬੋਲਦਿਆਂ ਹੋਇਆਂ, ਅੱਖ ਵਿੱਚ ਨਮੀ ਘਿਰੀ ਜਾ ਰਹੀ ਸੀ। ਅੰਤ, ਅੱਖਾਂ 'ਚੋਂ ਬਾਹਰ ਵੱਗ ਆਏ ਹੰਝੂਆਂ ਨੂੰ, ਕੱਪੜੇ ਨਾਲ ਪੂੰਝਦਿਆਂ, ਸਿਸਕੀ ਜਿਹੀ ਵਾਜ ਆਈ, ਚੰਗਾ.... ਰਾਜ਼ੀ ਰਹਿਣ... ਰਹਿੰਦਾ ਸਮਾਂ, ਇਵੇਂ ਹੀ ਕੱਟ ਲਵਾਂਗੀ।

ਲਰਜ਼ਦੀ ਹੋਈ ਆਵਾਜ਼ ਵਿੱਚ ਫਿਰ ਮਾਸੀ ਬੋਲੀ, "ਮੈਂ ਨਹੀਂ ਚਾਹੁੰਦੀ, ਮਾਂ ਨੂੰ ਲਾਵਾਰਿਸ ਛੱਡਣ ਦਾ ਕਲੰਕ, ਮੇਰੇ ਬੱਚਿਆਂ 'ਤੇ ਕੋਈ ਲਾਵੇ।"

ਮੇਰਾ ਹੱਥ, ਆਪਣਿਆਂ ਦੋਹਾਂ ਹੱਥਾਂ ਵਿੱਚ ਲੈ ਲਿਆ ਅਤੇ ਕਿਹਾ, "ਤੂੰ ਕਿਸੇ ਨੂੰ ਮੇਰੀ ਦੱਸ ਨਾ ਪਾਈਂ।" ਮੈਂ "ਹਾਂ" ਵਿੱਚ ਸਿਰ ਹਿਲਾਇਆ ਤੇ ਭਾਰੇ ਦਿਲ ਨਾਲ ਉਠ ਖਲੋਤਾ। ਚਾਰ-ਪੰਜ ਕਮਰੇ ਹੋਰ ਰਹਿੰਦੇ ਸਨ, ਵੇਖਣ ਦਾ ਹੀਆ ਨਾ ਪਿਆ... ਮਤਾਂ ਕੋਈ ਹੋਰ ਜਾਣੀ-ਪਛਾਣੀ "ਮਾਸੀ" ਜਿਹੀ ਨਾ ਮਿਲ ਜਾਏ।

ਵਾਪਸ, ਚੰਡੀਗੜ੍ਹ ਆਉਂਦਿਆਂ, ਹਰਭਜਨ ਡਰਾਈਵ ਕਰ ਰਿਹਾ ਸੀ। ਮੇਰੀਆਂ

ਅੱਖਾਂ ਮੂਹਰੇ "ਸ਼ਿਵਾਨੀ" ਰਚਿਤ, "ਉਸ ਦੀ ਮਾਂ" ਕਹਾਣੀ ਦੀ "ਮਾਂ" ਆ ਖਲੋਤੀ। ਉੱਥੇ ਵੀ ਮਾਸੀ ਵਰਗੀ ਇੱਕ "ਮਾਂ" ਨੂੰ ਪੁੱਤਰ ਬਿਰਧ ਆਸ਼ਰਮ ਛੱਡ ਗਿਆ। ਚਾਰ ਬੈੱਡਾਂ ਵਾਲੇ ਕਮਰੇ ਦੀ ਇੱਕ ਬੈੱਡ ਨੂੰ ਨਿਵਾਸ ਬਣਾ ਲਿਆ। ਪੁੱਤਰ ਚਲਾ ਗਿਆ ਤਾਂ ਕਮਰੇ ਦੀਆਂ ਤਿੰਨੇ ਮਾਵਾਂ ਆ ਗਈਆਂ। ਧੀਰਜ ਦੇਣ ਲੱਗੀਆਂ, ਤੂੰ ਭੈਣ ਫ਼ਿਕਰ ਨਾ ਕਰੀਂ। ਅਸੀਂ ਹਾਂ, ਨਵੇਂ ਰਿਸ਼ਤਿਆਂ ਦੀਆਂ ਭੈਣਾਂ। ਸੰਸਾਰ ਤਾਂ ਖ਼ੁਦਗਰਜ਼ ਹੈ... ਬੁਢਾਪੇ ਵਿੱਚ ਬੇਲੋੜੇ ਸਮਝ ਕੇ ਰਿਸ਼ਤੇ ਤੋੜ ਲੈਂਦੇ ਹਨ...

ਨਹੀਂ-ਨਹੀਂ, ਮੇਰਾ ਪੁੱਤਰ ਇਵੇਂ ਦਾ ਨਹੀਂ। ਇਹ ਮੈਂ ਹੀ ਕਿੰਨੇ ਚਿਰਾਂ ਤੋਂ ਮਗਰ ਪਈ ਸਾਂ, ਘਰ ਦੇ ਰੌਲੇ-ਖੱਪੇ ਵਿੱਚ ਬੰਦਗੀ ਨਹੀਂ ਹੁੰਦੀ... ਮੈਨੂੰ ਕਿਸੇ ਆਸ਼ਰਮ 'ਚ ਛੱਡ ਆ। ਵੇਖਣਾ ਉਸ ਦੋ ਦਿਨ ਵੀ ਭਲਾ ਮੇਰੇ ਬਾਝੋਂ ਲੰਘਾਣੇ ਨੇ। ਦੋ ਦਿਨਾਂ ਨੂੰ ਆਇਆ ਖਲੋਤਾ। ਦਿਨ ਹਫ਼ਤੇ, ਮਹੀਨੇ ਸਾਲ ਲੰਘਦੇ ਰਹੇ। ਮਾਂ ਦੀਆਂ ਅੱਖਾਂ ਕੁੱਖੋਂ ਜਾਏ ਪੁੱਤਰ ਦੀ ਉਡੀਕ ਕਰਦੀ ਰਹੀ। ਹਰ ਵੇਲੇ, ਨਾਲ ਦੀਆਂ 'ਤੇ ਰੋਅਬ ਪਾਉਣ ਦੀ ਝੂਠੀ ਕੋਸ਼ਿਸ਼ ਕਰਦੀ ਰਹਿੰਦੀ। ਘਰੋਂ ਮੁੜ ਕੋਈ ਨਾ ਆਇਆ। ਅੰਤ, ਇੱਕ ਰੁੱਕਾ ਜਿਹਾ ਲਿਖ ਸਿਰਹਾਣੇ ਰੱਖ ਲਿਆ। ਪੁੱਤ ਨੂੰ ਉਡੀਕਦੀਆਂ ਅੱਖਾਂ, ਬੰਦ ਹੋ ਗਈਆਂ। ਬਿਰਧ ਆਸ਼ਰਮ ਦੇ ਪ੍ਰਬੰਧਕਾਂ, ਰਜਿਸਟਰ 'ਚੋਂ ਫੋਨ ਕੱਢ ਮੌਤ ਦੀ ਸੂਚਨਾ ਦਿੱਤੀ। ਪੁੱਤਰ ਆਇਆ ਤਾਂ ਦੋ ਜੋੜੇ ਕੱਪੜਿਆਂ ਵਾਲਾ ਝੋਲਾ ਤੇ ਨਾਲ, ਉਹ ਰੁੱਕਾ ਦੇ ਦਿੱਤਾ। ਲਿਖਿਆ ਸੀ, ਪੁੱਤਰ, ਸਿਰਫ ਇੱਕ ਵਾਰ ਤੂੰ ਮਿਲ ਜਾਂਦੋਂ, ਮੈ ਚਿਰਾਂ ਤੋਂ ਪਾਲ ਰੱਖੇ ਭੁਲੇਖੇ ਵਿੱਚ ਹੀ ਦੁਨੀਆਂ ਤੋਂ ਚਲੀ ਜਾਂਦੀ, ਕਿ ਮੇਰਾ ਪੁੱਤਰ ਬਹੁਤ ਸਿਆਣਾ ਹੈ... ਕਿ ਮੇਰਾ ਪੁੱਤਰ ਮੈਨੂੰ ਬਹੁਤ ਪਿਆਰ ਕਰਦਾ ਹੈ। ਸੱਚ ਜਾਣੀ, ਇਹ ਮੇਰੇ ਸਾਹ ਨਹੀਂ ਟੁੱਟੇ, ਮੇਰਾ ਭਰੋਸਾ ਟੁੱਟਿਆ ਹੈ। ਚੰਗਾ, ਰੱਬ ਤੈਨੂੰ ਸੁਖੀ ਰੱਖੇ।

ਰਿਸ਼ਤੇ ਦੀਆਂ ਤੰਦਾਂ, ਰੋਜ਼ ਦਰਕ ਰਹੀਆਂ ਹਨ। ਮਾਤਾ-ਪਿਤਾ, ਬਜ਼ੁਰਗ, ਬੇਲੋੜੇ ਬੋਝ ਸਮਝੇ ਜਾ ਰਹੇ ਹਨ। ਪ੍ਰੋ. ਪੂਰਨ ਸਿੰਘ ਦੀ ਕਲਮ ਨੇ ਭਵਿੱਖ ਦਰਸ਼ਨ ਕਰਵਾਇਆ ਸੀ, ਅੱਜ ਮਾਤਾ-ਪਿਤਾ ਬੇਲੋੜੇ ਸਮਝੇ ਜਾ ਰਹੇ ਹਨ, ਘਰੋਂ ਬਾਹਰ ਕੱਢੇ ਜਾ ਰਹੇ ਹਨ... ਕੱਲ ਨੂੰ ਲੋਗ ਬੱਚੇ ਜੰਮਣੋਂ ਹਟ ਜਾਣਗੇ। ਬੁਢਾਪੇ ਵਿੱਚ ਸਹਾਰੇ ਦੀ ਆਸ ਵਿੱਚ, ਮਾਤਾ-ਪਿਤਾ ਨੇ ਜਵਾਨੀ ਗਾਲੀ ਹੁੰਦੀ ਹੈ। ਨੌਂ ਮਹੀਨੇ ਮਾਂ ਕੁੱਖ ਵਿੱਚ ਲਈ ਫਿਰਦੀ ਹੈ। ਪ੍ਰੱਸਵ ਦੇ ਅਸਹਿ ਦਰਦ ਨੂੰ ਝੱਲਦੀ ਹੈ। ਸਾਰੀ-ਸਾਰੀ ਰਾਤ ਲੇਬਰ ਪੇਨ ਨੂੰ ਸਹਿੰਦਿਆਂ, ਪੁੱਠੀ-ਸਿੱਧੀ ਹੁੰਦੀ ਹੈ, ਤੜਫਦੀ ਹੈ ਅਤੇ ਜਦੋਂ ਫਿਰ ਬੱਚੇ ਦੀ ਰੋਣ ਦੀ ਆਵਾਜ਼ ਸੁਣਦੀ ਹੈ ਤਾਂ ਸਾਰਾ ਦੁੱਖ ਭੁੱਲ ਕੇ, ਇੱਕ ਵਾਰ ਬਾਲ ਦਾ ਮੂੰਹ ਵਿਖੌਣ ਲਈ ਨਰਸ, ਡਾਕਟਰ ਦੀ ਮਿੰਨਤ ਕਰਦੀ ਹੈ। ਜੰਮਦੀ ਹੈ, ਪਾਲਦੀ ਹੈ, ਪੜੌਂਦੇ-ਲਿਖੌਂਦੇ, ਨੌਕਰੀ ਰੁਜ਼ਗਾਰ ਜੋਗ ਖੜਿਆਂ ਕਰਦਿਆਂ, ਆਪਣੇ ਆਪ ਨੂੰ ਗਾਲ ਲਿਆ... ਬੁਢਾਪਾ ਆਇਆ, ਨਾਲ ਕਈ ਰੋਗ ਵੀ ਲਿਆਇਆ। ਸਹਾਰੇ ਲਈ ਪੁੱਤ ਵੱਲ ਵੇਖਿਆ, ਉਸ ਬਿਰਧ ਆਸ਼ਰਮ ਲਿਆ ਵਿਖਾਇਆ ਤਾਂ ਪ੍ਰੋ. ਪੂਰਨ ਸਿੰਘ ਕਹਿੰਦੇ ਹਨ, ਲੋਕ ਬੱਚੇ ਜੰਮਣੋਂ ਹਟ ਜਾਣਗੇ।

ਅੱਜ ਇੱਕ ਜਾਂ ਦੋ ਤੇ ਆ ਟਿਕੇ ਹਨ, ਕੱਲ ਨੂੰ ਇਹ ਥਾਂ ਵੀ ਛੱਡ ਜਾਣਗੇ।

ਪੱਛਮੀ ਮੁਲਕ ਹਰ ਰਿਸ਼ਤੇ ਨੂੰ ਲਾਭ-ਹਾਨ ਦੇ ਤਰਾਜੂ ’ਤੇ ਤੋਲਦੇ ਹਨ। ਬੇਲੋੜਿਆਂ ਰਿਸ਼ਤਿਆਂ ਨੂੰ ਦਰਕਿਨਾਰ ਕਰ ਦਿੱਤਾ, ਬੱਚੇ ਜੰਮਣੋਂ ਹਟ ਗਏ... ਪਾਲਣ ਦਾ ਸ਼ੌਕ ਹੋਇਆ, ਤਾਂ ਕੋਈ ਕਾਲੇ-ਗੋਰੇ ਅਨਾਥ ਬੱਚੇ ਗੋਦ ਲੈ ਲਏ। ਪਾਲਣ ਦਾ ਸ਼ੌਕ ਪੂਰਾ ਕਰ 18 ਵਰ੍ਹਿਆਂ ਮਗਰੋਂ ਦੂਰ ਕਰ ਦਿੱਤਾ। ਉਨ੍ਹਾਂ ਮੁਲਕਾਂ ਦੀ ਆਬਾਦੀ ਥੰਮ੍ਹ ਗਈ... ਜਨਮ ਦਰ ਰੁੱਕ ਗਈ। ਹਿੰਦੁਸਤਾਨ ਦੀ ਤਥਾਕਥਿਤ “ਐਜੂਕੇਟਡ ਜਨਰੇਸ਼ਨ”, ਪੱਛਮੀ ਸੱਭਿਅਤਾ ਅਤੇ ਸੋਚ ਨੂੰ ਫਾਲੋ ਕਰਦੀ ਹੈ। ਟੁੱਟਦੇ ਹੋਏ ਰਿਸ਼ਤਿਆਂ ਦਾ ਦਰਦ, ਬਜ਼ੁਰਗ ਵਰਗ ਬਹੁਤ ਸ਼ਿੱਦਤ ਨਾਲ ਮਹਿਸੂਸ ਕਰ ਰਿਹਾ ਹੈ। ਭਵਿੱਖ ਵਿੱਚ ਬੱਚੇ, ਸ਼ੌਕ ਪੂਰਾ ਕਰਨ ਦੀ ਸ਼ੈਅ ਮਾਤਰ ਰਹਿ ਜਾਣਗੇ। ਅੱਜ ਪ੍ਰਤੱਖ ਦਿੱਖ ਰਿਹਾ, ਮੋਹ-ਭੰਗ, ਕੱਲ ਦਾ ਯਥਾਰਥ ਹੋਵੇਗਾ। ਦਾਦਾ-ਦਾਦੀ, ਤਾਇਆ-ਤਾਈ, ਚਾਚਾ-ਚਾਚੀ, ਮਾਤਾ-ਪਿਤਾ, ਕੋਈ ਵੀ ਨਾਲ ਨਹੀਂ ਰੱਖਿਆ ਜਾਏਗਾ। ਪ੍ਰੀਵਾਰ ਦੀ ਪ੍ਰੀਭਾਸ਼ਾ, 20ਵੀਂ ਸਦੀ ਦੇ ਸੱਤਵੇਂ ਦਹਾਕੇ ਵਿੱਚ ਲਿਖੀ ਗਈ,

“ਹਮ ਦੋ... ਹਮਾਰੇ ਦੋ।”

ਅੱਜ ਉਹ ਭ੍ਰਮ ਵੀ ਟੁੱਟਦਾ ਜਾਪਦਾ ਹੈ। “ਹਮ ਦੋ” ਦੀ ਗਾਰੰਟੀ ਨਹੀਂ ਰਹਿ ਗਈ। ਵਿਆਹ ਤੋਂ ਮਹੀਨੇ-ਦੋ ਮਹੀਨਿਆਂ ਵਿੱਚ ਸੁਸਾਈਡ ਹੋ ਰਹੇ, ਜਾਂ ਤਲਾਕ ਹੋ ਰਹੇ ਹਨ। ਪ੍ਰਸਪਰ ਭਰੋਸਾ ਨਾ ਰਹੇ ਤਾਂ ਰਿਸ਼ਤੇ ਵੀ ਨਹੀਂ ਰਹਿ ਜਾਣਗੇ।

ਸਦੀਆਂ ਪਹਿਲਾਂ, ਰਿਸ਼ਤਿਆਂ ’ਤੇ ਉਦਾਸੀ ਦੇ ਘਿਰਦੇ ਹੋਏ ਬੱਦਲਾਂ ਦੀ ਤਾਸੀਰ ਭਾਂਪ ਕੇ ਸਮਾਜ ਚਿੰਤਕਾਂ, ਕਹਾਣੀਕਾਰਾਂ ਨੇ, ਸਮਾਜ ਤੇ ਵਿਆਪਣ ਵਾਲੇ ਭਿਆਨਕ ਰੋਗਾਂ ਦੇ ਵਿਰੁੱਧ, ਕਹਾਣੀ ਦੇ ਕਈ ਪਾਤਰਾਂ ਨੂੰ ਕਲਮ ਰਾਹੀਂ ਸਾਹਮਣੇ ਲਿਆਂਦਾ।

ਸੰਨ 1925-30 ਦੇ ਕਾਲਖੰਡ ਵਿੱਚ, ਮੁੰਸ਼ੀ ਪ੍ਰੇਮਚੰਦ ਦੀ ਨਿਰਮਲਾ, “ਪੰਚ ਪ੍ਰਮੇਸ਼ਵਰ”, ਜਾਂ “ਵਿਧਵੰਸ਼” ਦੇ ਪਾਤਰਾਂ ਦੀਆਂ ਜੀਵਨ ਰੇਖਾਵਾਂ ਰਾਹੀਂ ਟੁੱਟਦੇ ਹੋਏ ਰਿਸ਼ਤਿਆਂ ਦੀ ਦਰਦ ਭਰੀ ਮਨੋਦਸ਼ਾ ਦਾ ਚਿਤਰਨ ਕੀਤਾ।

ਸੰਨ 1932 ਵਿੱਚ, ਸ੍ਰ. ਨਾਨਕ ਸਿੰਘ ਨਾਵਲਿਸਟ ਦਾ “ਚਿੱਟਾ ਲਹੂ” ਬਹੁਤ ਗਹਿਰੇ ਵਿੱਚ, ਮਨੁੱਖੀ ਸੰਵੇਦਨਸ਼ੀਲਤਾ ਨੂੰ ਛੂਹ ਗਿਆ। ਲਹੂ ਵਿੱਚ ਵਗਦੇ ਲਾਲ ਰਕਤ ਕਣ, ਦਿਸਦੇ ਨਹੀਂ, ਪਰ ਲਹੂ ਦੇ ਵਿੱਚ ਵਗਦੇ ਹੋਏ, ਸਰੀਰ ਦੇ ਪੋਰ-ਪੋਰ ਤੱਕ ਔੱਕਸੀਜਨ ਪੁਚਾ ਕੇ ਜੀਵਨ ਨੂੰ ਜੀਵੰਤ ਰੱਖਦੇ ਹਨ। ਲਾਲ ਰੰਗ ਦੇ ਇਹ ਅਦਿੱਖ ਅਣੂ, ਅਪਣੱਤ ਭਰੇ ਰਿਸ਼ਤਿਆਂ ਦੀ ਭਾਵ ਦਸ਼ਾ ਵਾਂਗ, ਮਨੁੱਖ ਮਾਤਰ ਵਿੱਚ ਜੀਵਨ-ਊਰਜਾ ਦਾ ਸੰਚਾਰ, ਨਿਰੰਤਰ ਕਰਦੇ ਰਹਿੰਦੇ ਹਨ।

“ਲਾਲ ਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ...”

ਉਹ ਭਾਗਾਂ ਵਾਲੇ ਹਨ, ਜਿਨ੍ਹਾਂ ਨੇ ਲਹੂ ’ਚੋਂ ਲਾਲ ਰੰਗੇ ਅਣੂਆਂ ਨੂੰ ਚੇਸ਼ਟਾ ਕਰ ਕੇ ਪਾਲ ਰੱਖਿਆ ਹੈ... ਜਿਨ੍ਹਾਂ ਨੇ ਪਰਿਵਾਰਕ ਵਿਰਸੇ ਨੂੰ, ਬੱਚਿਆਂ ਅਤੇ ਵਡੇਰਿਆਂ ਨੂੰ ਸਾਂਭ ਰੱਖਿਆ ਹੈ। ਤਕਰੀਬਨ ਸੌ ਸਾਲ ਪਹਿਲਾਂ, ਪੱਛਮ ਵਿੱਚ ਸਮਾਜ ਸ਼ਾਸਤਰ ਦੇ ਵਿਸ਼ੇ ’ਚੋਂ ਪਰਿਵਾਰ ਸ਼ਬਦ ਕੱਢ ਦਿੱਤਾ ਗਿਆ। ਪਰਿਵਾਰ ਵਿੱਚ

ਮਾਤਾ-ਪਿਤਾ ਨਹੀਂ... ਪਤੀ-ਪਤਨੀ ਅੱਜ ਹੈਨ, ਕੱਲ ਦੀ ਗਰੰਟੀ ਨਹੀਂ। ਪਰਿਵਾਰ ਕਿਸ ਨੂੰ ਕਹੀਏ ? ਤਾਂ ਸੌ ਸਾਲ ਪਹਿਲਾਂ, ਪੱਛਮੀ ਸਮਾਜ ਸ਼ਾਸਤਰ ਵਿੱਚ, ਵਿਅਕਤੀ, ਦੇਸ਼ ਅਤੇ ਦੁਨੀਆਂ ਰਹਿ ਗਈ... ਪਰਿਵਾਰ ਡਿਲੀਟ ਕਰ ਦਿੱਤੇ ਗਏ।

ਸੰਨ 1961 ਵਿੱਚ "ਚਿੱਟਾ ਲਹੂ" ਨੂੰ, ਸਮਾਜ ਉਪਯੋਗੀ ਅਤੇ ਪ੍ਰਭਾਵਸ਼ਾਲੀ ਕਹਾਣੀ ਲਈ, "ਸਾਹਿਤਕ ਅਕਾਦਮੀ ਅਵਾਰਡ" ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਸ੍ਰ. ਨਾਨਕ ਸਿੰਘ ਦੇ ਪੋਤਰੇ, ਦਿਲਰਾਜ ਸਿੰਘ ਨੇ 1980 ਦੇ ਦਹਾਕੇ ਵਿੱਚ, ਇਸ ਕਹਾਣੀ ਦਾ ਅੰਗਰੇਜ਼ੀ ਅਨੁਵਾਦ ਕੀਤਾ। ਅੱਗੋਂ, ਲਿਉ ਟੱਾਲਸਟਾਏ ਦੀ ਪੋਤਰੀ ਨਤਾਸ਼ਾ ਟੱਾਲਸਟਾਏ ਨੇ ਰੂਸੀ ਭਾਸ਼ਾ ਵਿੱਚ, ਇਸ ਦਾ ਅਨੁਵਾਦ ਕੀਤਾ।

ਸੰਨ 1965 ਵਿੱਚ ਫਨੀਸ਼ਵਰਨਾਥ ਰੇਣੂੰ ਦੀ "ਮਹੂਆ" ਬਹੁਤ ਚਰਚਿਤ ਹੋਈ। ਰੱਬ ਸਭਨਾਂ 'ਤੇ ਮਿਹਰ ਕਰੇ... ਵਕਤ ਬੜਾ ਬੇਦਰਦ ਹੈ, ਪਤਾ ਨਹੀਂ ਕਦੋਂ ਕਿਸੇ 'ਤੇ ਕਹਿਰ ਦੀ ਕੜਕਦੀ ਅਸਮਾਨੀ ਬਿਜਲੀ ਡੇਗ ਦੇਵੇ। ਅਨਾਥ ਜੀਵਨ ਦੇ ਸਾਰੇ ਦਰਵਾਜ਼ੇ ਬੰਦ ਹੋ ਜਾਣ। ਜੇ ਕਿਸੇ "ਸੁਹਿਰਦ" ਦੇ ਕਹਾਣੀ ਪਾਤਰ ਤੋਂ ਪ੍ਰਭਾਵਿਤ ਹੋ ਕੇ, ਕੋਈ ਕਿਸੇ ਅਭਾਗੇ ਜੀਵਨ ਦਾ ਇੱਕ ਦਰਵਾਜ਼ਾ ਖੋਲ੍ਹ ਦੇਵੇ, ਤਾਂ ਲਿਖਾਰੀ ਧੰਨ-ਧੰਨ ਹੋ ਜਾਂਦਾ ਹੈ।

ਇਹ ਰਿਸ਼ਤੇ, ਕਈ ਖਿੱਤਿਆਂ 'ਚੋਂ ਹੋ ਕੇ ਵਗਦੇ ਹਨ। ਮਿੱਟੀ, ਪਾਣੀ ਅਤੇ ਹਵਾ 'ਚੋਂ, ਅਗਨਿ ਅਤੇ ਆਕਾਸ਼ 'ਚੋਂ, ਰੁੱਖਾਂ, ਨਦੀਆਂ ਦੇ ਨਾਦ 'ਚੋਂ, ਮਾਤਾ-ਪਿਤਾ, ਬੱਚਿਆਂ ਦੇ ਸੰਵਾਦ 'ਚੋਂ, ਪਸ਼ੂਆਂ, ਪੰਖੀਆਂ, ਉੱਡਦੇ ਹੋਏ ਬੱਦਲਾਂ ਦੀ ਮਨੋਰਮ ਪਾਂਤ 'ਚੋਂ! ਇਹਨਾਂ ਸਾਰਿਆਂ ਦੇ ਨਾਲ-ਨਾਲ ਵੱਗਦੇ ਹੋਏ ਜੀਵਨ ਦੀ ਸਮਝ ਅਤੇ ਸੰਭਾਲ, ਸਾਡਾ ਸਾਰਿਆਂ ਦਾ "ਧਰਮ" ਹੈ। 10 ਜਨਵਰੀ 1872 ਨੂੰ, ਮਲੇਰਕੋਟਲੇ, ਇੱਕ ਬਲਦ ਤੇ ਬਹੁਤ ਭਾਰਾ ਸਾਮਾਨ ਲੱਦ, ਉਪਰੋਂ ਆਪ ਵੀ ਬੈਠੇ ਜਾਂਦੇ ਕੁੰਝੜੇ ਨੂੰ, ਨਾਮਧਾਰੀ ਸਿੱਖ, ਗੁਰਮੁਖ ਸਿੰਘ ਕਹਿੰਦੇ, ਤੈਨੂੰ ਤਰਸ ਨਹੀਂ ਆਉਂਦਾ, ਇਸ ਜੀਅ 'ਤੇ?

ਕਿਉਂ ? ਇਹ ਬਲਦ ਤੇਰਾ ਪਿਓ ਲਗਦੈ ? ਕੁੰਝੜੇ ਤਿਰਸਕਾਰ ਭਾਵ ਵਿੱਚ ਕਿਹਾ।

"ਹਾਂ"—ਸਿੱਖ ਬੋਲਿਆ, ਇਹ ਬਲਦ, ਪੈਲੀਆਂ ਦੇ ਚਿੱਕੜ ਵਿੱਚ ਹੱਲ ਦੇ ਫਾਲ ਨਾਲ, ਧਰਤੀ ਨੂੰ ਵਾਹ ਕੇ ਬੀਜ ਪਾਉਂਦੇ... ਸਾਰੇ ਜੱਗ ਨੂੰ ਪਿਓ ਵਾਂਗ ਪਾਲਦੇ ਹਨ। ਗਊਆਂ ਦੁੱਧ ਨਾਲ ਸਾਡੇ ਪੁੱਤ ਪਾਲਦੀਆਂ, "ਗਊ ਮਾਂ" ਹੁੰਦੀਆਂ ਹਨ। ਅਸੀਂ ਸਾਰੇ ਜੀਵ ਮਾਤਰ ਨਾਲ ਇੱਕ ਰਿਸ਼ਤੇ ਵਿੱਚ ਹਾਂ। ਇਹ ਸਾਰੇ, ਪਸ਼ੂ, ਪੰਖੀ, ਰੁੱਖ ਹਨ, ਤਾਂ ਮਨੁੱਖ ਵੀ ਹੈ। ਜਿਸ ਦਿਨ ਇਹ ਸਭ ਮਰ ਗਏ, ਉਸ ਦਿਨ ਧਰਤੀ ਤੋਂ ਜੀਵਨ ਨਾਸ਼ ਹੋ ਜਾਵੇਗਾ। ਇਹ ਭੂਮੀ, ਸਾਡੀ ਮਾਤ ਭੂਮੀ ਹੈ। ਇਸ ਦੀ ਗੋਦ 'ਚ ਪਲ ਕੇ ਜਵਾਨ ਹੋਏ ਹਾਂ। ਹਰ ਜਵਾਨ ਦਾ ਧਰਮ ਹੈ, ਗੁਲਾਮੀ ਦਿਆਂ ਬੰਧਨਾਂ ਤੋਂ "ਮਾਂ" ਨੂੰ ਮੁਕਤ ਕਰਵਾਏ। ਇਸੇ ਖਿਨ ਮੁੱਢ ਬੱਝਾ ਸੀ, 17 ਅਤੇ 18 ਜਨਵਰੀ 1872 ਨੂੰ 66 ਨਾਮਧਾਰੀਆਂ ਦੀ ਬੇਮਿਸਾਲ ਸ਼ਹਾਦਤਾਂ ਦਾ...।

ਰਿਸ਼ਤਿਆਂ ’ਚੋਂ ਮੰਗ ਨਾ ਰਖੀਏ। ਆਸ ’ਤੇ ਟਿਕਿਆ ਪ੍ਰੇਮ, ਲੋੜਾਂ-ਥੁੜਾਂ ਦਾ ਮੁਹਤਾਜ ਹੁੰਦਾ ਹੈ। ਸੱਚਾ ਪ੍ਰੇਮ ਤਾਂ ਰਾਧਾ ਜਾਂ ਮੀਰਾ ਤੋਂ ਕੋਈ ਸਿੱਖੇ। ਕਹਿੰਦੇ ਹਨ, ਇੱਕ ਵਾਰ, ਕਰਵਾ ਚੌਥ ਦੇ ਵਰਤ ਸਮੇਂ, ਰੁਕਮਣੀ ਨੇ ਰਾਧਾ ਨੂੰ ਕਿਹਾ, ਇਸ ਵਾਰ, ਕਰਵਾ ਦਾ ਵਰਤ ਕ੍ਰਿਸ਼ਨ ਦੇ ਨਾਂ ਦਾ, ਤੂੰ ਹੀ ਰੱਖ ਲੈ। ਮੀਰਾ ਨੇ ਕਿਹਾ, ਇਹ ਵਰਤ ਤਾਂ ਤੁਹਾਨੂੰ ਹੀ ਸ਼ੋਭਦਾ ਹੈ... ਹੱਡ ਮਾਸ ਵਾਲੇ, ਦੈਨਿਕ ਜੀਵਨ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਵਾਲੇ, ਦਵਾਰਕਾ ਧੀਸ਼ ਲਈ! ਮੇਰਾ ਸ਼ਾਮ ਤਾਂ ਨਿਰੰਕਾਰ ਹੈ, ਬਿਦੇਹ ਹੈ, ਸਦੀਵੀ ਹੈ, ਸ਼ਾਸ਼ਵਤ ਹੈ।

“ਪਤਨੀ ਦਾ ਅਧਿਕਾਰ, ਪ੍ਰੇਮ ਤੋਂ ਹਾਰ ਗਿਆ। ਇੱਕ ਵਾਰ ਫਿਰ, ਇੱਕ ਰਾਣੀ, ਜੋਗਣ ਤੋਂ ਹਾਰ ਗਈ॥”

# ਗੁਰ ਮੇਰੈ ਸੰਗਿ ਸਦਾ ਹੈ ਨਾਲੇ

ਮਨੁੱਖੀ ਜੀਵਨ, ਕਈ ਟੁਕੜਿਆਂ ਵਿੱਚ ਵੰਡਿਆ ਹੋਇਆ ਬਿਤੀਤ ਹੁੰਦਾ ਹੈ। ਸੁੱਖ ਹੈ, ਦੁਖ ਹੈ। ਹਰਖ ਹੈ, ਸੋਗ ਹੈ। ਸਰੀਰ ਹੈ, ਸੇਹਤ ਹੈ, ਸਿੱਖਿਆ, ਰੁਜ਼ਗਾਰ, ਪਰਿਵਾਰ, ਸਮਾਜ, ਪੰਥ, ਮੁਲਕ ਔਰ ਫਿਰ ਮਨੁੱਖਤਾ। ਸਾਰਿਆਂ ਪ੍ਰਤੀ ਜ਼ਿੰਮੇਵਾਰੀਆਂ ਮੋਢੇ 'ਤੇ ਚੁੱਕੀ ਫਿਰਦਾ ਵਿਚਾਰਾ ਮਨੁੱਖ। ਸਾਰਿਆਂ ਪ੍ਰਤੀ ਜਵਾਬਦੇਹ। ਇਹ ਤਾਂ, ਸਰੀਰ ਜਾਂ ਸਰੀਰ ਨਾਲ ਜੁੜੀਆਂ ਹੋਈਆਂ, ਜੀਵਨ ਰੁੱਖ ਦੀਆਂ ਸ਼ਾਖਾਵਾਂ ਹਨ। ਇਸ ਜੀਵਨ ਦਾ ਇੱਕ ਵਜੂਦ ਹੈ, ਸਰੀਰ! ਦੂਜਾ ਵਜੂਦ, ਆਤਮਾ! ਮੰਦਰਾਂ, ਗੁਰੂਦੁਆਰਿਆਂ, ਧਰਮ ਸਥਾਨਾਂ ਤੋਂ ਭਗਤੀ-ਕਰਮ ਕਰਦਾ ਹੈ। ਪੰਜਵੇਂ ਪਾਤਸ਼ਾਹ ਕਹਿੰਦੇ ਹਨ—

"ਕਰਹਿ ਭਗਤਿ ਆਤਮ ਕੈ ਚਾਇ॥
ਪ੍ਰਭ ਅਪਨੇ ਸਿਉ ਰਹਹਿ ਸਮਾਇ॥" (ਸੁਖਮਨੀ)

ਹਰ ਸੰਪਰਦਾ ਦਾ ਮਨੁੱਖ, ਬੰਦਗੀ, ਪਾਠ, ਸਿਮਰਨ, ਪੂਜਾ-ਅਰਚਨਾ ਕਰਦਾ ਹੈ, ਆਤਮਾ ਦੇ ਖੇੜੇ ਲਈ... ਰੂਹ ਦੇ ਵਿਕਾਸ ਲਈ।

ਮਨੁੱਖ, ਵੇਖਣ ਨੂੰ ਇੱਕ ਅਦਨਾ ਜਿਹਾ ਇਨਸਾਨ! ਪਰ ਹਜ਼ਾਰ-ਹਜ਼ਾਰ ਕਿੱਤਿਆਂ ਵਿੱਚ, ਵੰਡਿਆ ਹੋਇਆ! ਇੱਕ ਜੀਵਨ ਵਿੱਚ, ਇੱਕ ਜੁਗ ਹੰਢਾਉਂਦਾ ਹੋਇਆ ਮਨੁੱਖ!

ਧਰਮ ਸ਼ਾਸਤ੍ਰੀਆਂ ਨੇ, ਕਾਲ ਨੂੰ ਚਾਰ ਜੁਗਾਂ ਵਿੱਚ ਵੰਡਿਆ ਹੈ; ਸਤਿਜੁਗ, ਤ੍ਰੇਤਾ, ਦੁਆਪਰ ਅਤੇ ਕਲਿਜੁਗ!

ਗੁਰੂ ਨਾਨਕ ਪਾਤਸ਼ਾਹ ਕਹਿੰਦੇ, ਹਰ ਮਨੁੱਖ ਦੇ ਅੰਦਰ ਹਰ ਖਿਨ, ਚਾਰੇ ਜੁਗ ਮੌਜੂਦ ਰਹਿੰਦੇ ਹਨ। ਮਨ ਅਤੇ ਬੁੱਧੀ ਤੋਂ ਉਪਜੀਆਂ ਇੱਛਾ-ਤਰੰਗਾਂ ਅਨੁਸਾਰ, ਚਾਰੇ ਜੁਗ ਹੰਢਾਉਂਦਾ ਹੈ। ਮਨੁੱਖ ਜਦੋਂ ਸਤਿ ਦੀ ਪ੍ਰਵਿਰਤੀ ਵਿੱਚ ਹੈ, ਸੰਤੋਖ ਦੀ ਸੁਰਤਿ ਵਿੱਚ ਹੈ, ਧਰਮ ਅਨੁਕੂਲ ਕਾਰਜ ਕਰਦਾ ਹੈ, ਉਹ ਸਤਿਜੁਗ ਨੂੰ ਹੰਢਾ ਰਿਹਾ ਹੈ। ਜੇ ਉਹ ਝਗੜੇ ਫ਼ਸਾਦ, ਲੋਭ, ਕਾਮ ਆਦਿ ਪ੍ਰਵਿਰਤੀ ਵਿੱਚ ਹੈ, ਉਹ ਕਲਿਜੁਗ ਦੀ ਅਗਨਿ ਵਿੱਚ ਤਪ ਰਿਹਾ ਹੁੰਦਾ ਹੈ।

ਜੀਵਨ ਦੇ ਚਾਰ ਪੜਾਅ ਹਨ, ਬਾਲ, ਜਵਾਨੀ, ਬਿਰਧ ਅਤੇ ਚੌਥਾ ਪੜਾਅ ਮੌਤ ਹੈ। ਇਹਨਾਂ ਚਹੁੰ ਅਵਸਥਾਵਾਂ ਦੀਆਂ ਆਪਣੀਆਂ ਵੱਖ-ਵੱਖ ਲੋੜਾਂ ਹਨ। ਬਾਲਕ ਨੂੰ ਦੁੱਧ, ਖੁਰਾਕ, ਖੇਡਾਂ ਅਤੇ ਸਿੱਖਿਆ ਦੀ ਲੋੜ ਹੈ। ਜਵਾਨ ਹੋਇਆ ਤਾਂ ਜੀਵਨ ਸਾਥੀ, ਨੌਕਰੀ, ਵਾਪਾਰ, ਕਬੀਲਦਾਰੀ ਦੀਆਂ ਜ਼ਰੂਰਤਾਂ, ਬੁਢੇਪੇ ਵਿੱਚ ਹੌਲੀ-ਹੌਲੀ ਕਮਜ਼ੋਰ ਹੋ ਰਹੇ ਸਰੀਰ ਦੀ ਸੰਭਾਲ, ਨੂੰਹਾਂ-ਪੁੱਤਰਾਂ, ਰਿਸ਼ਤਿਆਂ-ਨਾਤਿਆਂ ਦੀ ਸੰਭਾਲ ਦੇ ਨਾਲ, ਅੱਗਾ ਨੇੜੇ ਦਿਸਣ ਲੱਗਦਾ ਹੈ। ਸਰੀਰ ਦੇ ਨਾਲ-ਨਾਲ

ਪਰਿਵਾਰ, ਸੰਸਾਰ ਸਭ ਛੁੱਟਣ ਵਾਲੇ ਹਨ। ਅਗਲਾ ਰਾਹ, ਅਣਵੇਖਿਆ! ਸੁੱਤਿਆਂ, ਬਹਿੰਦਿਆਂ, ਭਵਿੱਖ ਵਿੱਚ ਮੇਰੇ ਨਾਲ ਵਰਤੀ ਜਾਣ ਵਾਲੀ ਭਿਆਨਕਤਾ ਫ਼ਿਕਰਮੰਦ ਕਰੀ ਰੱਖਦੀ ਹੈ।

ਇਨ੍ਹਾਂ ਚੌਹਾਂ ਅਵਸਥਾਵਾਂ ਤੇ ਜੋਗ ਜੁਗਤਿ ਰੂਪ, ਰਿਸ਼ੀਆਂ ਨੇ ਚਾਰ ਵੇਦ ਰਚੇ। ਵੈਦਿਕ ਸੰਸਕ੍ਰਿਤ ਵਿੱਚ ਰਚੇ ਗਏ ਵੇਦ, ਆਮ ਮਨੁੱਖ ਦੇ ਪੜ੍ਹਨ ਅਤੇ ਸਮਝਣ ਤੋਂ ਉਪਰ ਹੋਣ ਕਰ ਕੇ, ਹਜ਼ਾਰਾਂ ਸਾਲਾਂ ਤੋਂ ਆਮ ਆਦਮੀ ਦੀ ਪਹੁੰਚ ਤੋਂ ਪਰ੍ਹੇ ਹੀ ਰਹੇ। ਗੁਰੂ ਨਾਨਕ ਧਰਮ-ਦਰਸ਼ਨ ਨੇ ਜੀਵਨ, ਜਨਮ, ਮੌਤ, ਮਰਣੋਤਰ ਜੀਵਨ, ਲੋਕ, ਪਰਲੋਕ, ਕਰਮ, ਅਕਰਮ... ਮਨੁੱਖ ਦੇ ਹਰ ਖਿੱਤੇ ਲਈ ਸੰਥਾ ਦਿੱਤੀ। ਧਰਮ ਨੂੰ ਮਨੁੱਖੀ ਜੀਵਨ ਦੇ ਹਰ ਕਦਮ 'ਤੇ ਕਾਰਜਕਾਰੀ ਬਣਾਇਆ। ਸਰਲ, ਸਹਿਜ ਭਾਸ਼ਾ ਵਿੱਚ, ਜੀਵਨ ਨੂੰ ਸੁਚੱਜੇ ਅਤੇ ਲੋਕ-ਹਿੱਤ ਵਿੱਚ ਜੀਊਂਦਿਆਂ, ਜੀਵਨ-ਮੁਕਤਿ ਦੀ ਸਿੱਖਿਆ ਦਿੱਤੀ।

ਤਾਂ ਪੰਜਵੇਂ ਪਾਤਸ਼ਾਹ, ਆਸਾ ਰਾਗ ਵਿੱਚ, ਪਵਿੱਤਰ ਗੁਰਬਾਣੀ ਰਾਹੀਂ, ਹਰ ਹਾਲ ਵਿੱਚ, ਸੁਖੀ ਰਹਿਣ ਦੀ ਸਿੱਖਿਆ ਦਿੰਦੇ ਹਨ—

"ਹਰਿ ਕਾ ਨਾਮ ਰਿਦੈ ਨਿਤ ਧਿਆਈ॥ ਸੰਗੀ ਸਾਥੀ ਸਗਲ ਤਰਾਈ॥
ਗੁਰ ਮੇਰੈ ਸੰਗਿ ਸਦਾ ਹੈ ਨਾਲੇ॥ ਸਿਮਰਿ ਸਿਮਰਿ ਤਿਸੁ ਸਦਾ ਸਮਾਲੇ॥
ਤੇਰਾ ਕੀਆ ਮੀਠਾ ਲਾਗੈ। ਹਰ ਨਾਮ ਪਦਾਰਥੁ ਨਾਨਕੁ ਮਾਗੈ॥"(ਪੰ. 394)

ਤਿੰਨ ਟਿੱਪਸ, ਜੀਵਨ ਦੀ ਸਦੀਵੀ ਖੁਸ਼ਹਾਲੀ ਲਈ :

ਪਹਿਲਾ—ਪ੍ਰਭੂ ਨਾਮ ਨਿਰੰਤਰ ਹਿਰਦੇ ਵਿੱਚ ਚਲਦਾ ਰਹੇ।

"ਹਰਿ ਕਾ ਨਾਮ ਰਿਦੈ ਨਿਤ ਧਿਆਈ।"

ਇਹ ਕਾਰਜ, ਨਾਮ ਦਾ ਸਦਾ ਧਿਆਨ, ਬਹੁਤ ਕਠਿਨ ਹੈ। ਕਿਸੇ ਨਾਲ ਗੱਲ ਬਾਤ ਕਰ ਰਹੇ ਹਾਂ, ਪ੍ਰਸ਼ਾਦਾ ਛੱਕ ਰਹੇ ਹਾਂ, ਨੀਂਦ ਵਿੱਚ ਹਾਂ... ਕਿਵੇਂ ਨਾਮ ਚਲਦਾ ਰਹੇ ?

ਦੂਜਾ ਟਿੱਪਸ, ਪਹਿਲੇ ਦੇ ਸਮੱਰਥਨ ਵਿੱਚ,

ਗੁਰੂ ਨੂੰ ਸਦਾ ਚਿੱਤ ਵਿੱਚ ਰੱਖੋ...

ਗੁਰ ਮੇਰੈ ਸੰਗਿ ਸਦਾ ਹੈ ਨਾਲੇ॥"

"ਗੁਰੂ, ਸਦਾ ਮੇਰੇ ਨਾਲ ਹੈ" ਦਾ ਅੰਤਰ ਭਾਵ, ਪ੍ਰਭੂ ਸਿਮਰਨ ਦੀ ਲੜੀ ਟੁੱਟਣ ਨਹੀਂ ਦੇਵੇਗਾ। ਗੁਰੂ ਦੇ ਨਾਲ-ਨਾਲ... ਗੁਰੂ ਦੀ ਛਤਰ ਛਾਇਆ, ਗੁਰੂ ਦੇ ਸਾਖੀ ਭਾਵ ਵਿੱਚ, ਨਾਮ, ਮੂੰਹ 'ਚੋਂ, ਰਸਨਾ 'ਚੋਂ ਉਤਰ ਕੇ, ਹਿਰਦੇ ਵਿੱਚ ਪ੍ਰਵੇਸ਼ ਕਰ ਜਾਏਗਾ। ਹਿਰਦੇ ਦੀ ਧੜਕਨ ਨਿਰੰਤਰ ਚੱਲ ਰਹੀ ਹੈ, ਸਾਨੂੰ ਚਲਾਉਣੀ ਨਹੀਂ ਪੈਂਦੀ। ਹਿਰਦੇ 'ਚੋਂ ਆਉਂਦੇ-ਜਾਂਦੇ ਸਵਾਸ, ਸਾਡੇ ਸੁੱਤਿਆਂ ਪਿਆਂ ਵੀ ਚਲਦੇ ਰਹਿੰਦੇ ਹਨ, ਸੁਤੇ ਸਿੱਧ! ਅਸੀਂ ਨਹੀਂ ਚਲਾਂਦੇ। ਨਾਮ ਵੀ ਹਿਰਦੇ ਦੀ ਧੜਕਨ ਵਾਂਗ, ਆਉਂਦੇ ਜਾਂਦੇ ਸਾਹਾਂ ਵਾਂਗ, ਆਪਣੇ ਆਪ ਸਦਾ ਚਲੇਗਾ।

ਤੀਜਾ ਟਿੱਪਸ—"ਤੇਰਾ ਕੀਆ ਮੀਠਾ ਲਾਗੈ।"

ਆਪਾ ਵਿਸਰ ਗਿਆ... ਗੁਰੂ ਦੇ ਸੰਗ ਹੋ ਗਏ, ਤਾਂ ਇੱਕ ਕਰਿਸ਼ਮਾ ਵਰਤੇਗਾ। ਲੋਭ, ਮੋਹ, ਦੁਖ-ਦਰਦ ਸਰੀਰ ਦਾ ਭਾਵ ਸੀ। ਸਰੀਰ ਪਿੱਛੇ ਰਹਿ ਗਿਆ, ਗੁਰੂ ਦੇ ਸੰਗ ਦੀ ਪ੍ਰਤੀਤੀ, ਦੁਖ ਦੀ ਅਨੁਭੂਤੀ, ਕਿਤੇ ਪਿਛੇ ਛੱਡ ਆਏ।

"ਤੇਰਾ ਕੀਆ ਮੀਠਾ ਲਾਗੈ ॥"

ਦੁੱਖ ਤਾਂ ਆਉਣਗੇ, ਆਪਣੇ ਜਾਂ ਬਿਗਾਨੇ, ਕਲੇਸ਼ ਦੇਣਗੇ, ਪਰ ਇਹ ਪਵਿੱਤਰ ਗੁਰਬਾਣੀ ਉਚਾਰਨ ਕਰਨ ਵਾਲੇ, ਪੰਚਮ ਪਾਤਸ਼ਾਹ ਵਾਂਗ, ਤੱਤੀ ਲੋਹ ਅਤੇ ਵਰ੍ਹਦੀ ਅੱਗ ਵਿੱਚ ਵੀ, ਨਿਹਚਲ ਰਹਾਂਗੇ।

ਬਹੁਤ ਮਹੱਤਵਪੂਰਨ, ਜੀਵਨ ਦੀ ਦਸ਼ਾ ਬਦਲ ਦੇਣ ਵਾਲਾ ਗੁਰੂ-ਸੰਦੇਸ਼ ਹੈ, ਇਹ!

ਗੁਰੂ ਨਾਲ ਹੈ ਤਾਂ ਕੌਂਡੇ ਰਾਖਸ਼ ਦਾ ਤੇਲ-ਕੜਾਹਾ, ਪੋਹ ਮਾਘ ਦੇ ਪਾਣੀ ਵਾਂਗ ਸ਼ੀਤਲ ਹੋ ਜਾਂਦਾ ਹੈ।

ਛੇਵੇਂ ਪਾਤਸ਼ਾਹ ਜੀ ਦਾ ਸਮਾਂ ਸੀ। ਪਾਤਸ਼ਾਹ, ਉਦੋਂ, "ਭਾਈ ਕੀ ਡਰੌਲੀ" ਨਿਵਾਸ ਕਰ ਰਹੇ ਸਨ। ਕਾਬੁਲ ਤੋਂ ਕੁਝ ਸੰਗਤਾਂ ਬੜੀ ਰੀਝ ਨਾਲ, ਦੋ ਦੁਸ਼ਾਲੇ ਤਿਆਰ ਕਰ ਕੇ, ਗੁਰੂ ਦੀਦਾਰ ਲਈ ਡਰੌਲੀ ਭਾਈ ਵੱਲ ਨੂੰ ਆ ਰਹੀਆਂ ਸਨ। ਪੱਟੀ ਦੇ ਇਲਾਕੇ 'ਚੋਂ ਲੰਘਦਿਆਂ, ਮੁਗਲ ਫੌਜੀਆਂ ਨੇ ਤਲਾਸ਼ੀ ਵਿੱਚ, ਬੇਸ਼ਕੀਮਤੀ ਦੁਸ਼ਾਲੇ ਵੇਖੇ, ਤਾਂ ਹੈਰਾਨ ਹੋ ਗਏ। ਇਹ ਦੁਸ਼ਾਲੇ ਤਾਂ, ਸਾਡੇ ਨਵਾਬ ਮਿਰਜਾ ਬੇਗ ਕੋਲ ਹੋਣੇ ਚਾਹੀਦੇ ਹਨ। ਉਨ੍ਹਾਂ ਦੁਸ਼ਾਲੇ ਖੋਹ ਲਏ।

ਗੁਰੂ ਪਿਆਰੇ ਸਿੱਖ ਉਦਾਸ ਹੋਏ-ਹੋਏ ਡਰੌਲੀ ਭਾਈ ਪਹੁੰਚੇ। ਸ਼ਾਮ ਦਾ ਦੀਵਾਨ-ਦਰਬਾਰ ਸਜਿਆ ਹੋਇਆ ਸੀ। ਸੰਗਤਾਂ ਨੇ ਮੱਥਾ ਟੇਕ, ਆਪ ਬੀਤੀ ਜਾ ਸੁਣਾਈ। ਸਤਿਗੁਰਾਂ ਬਚਨ ਕੀਤਾ, ਸੰਗਤੋ, ਤੁਹਾਨੂੰ ਬਹੁਤ ਖੁਸ਼ੀਆਂ। ਤੁਹਾਡੀ ਭੇਟ ਕਬੂਲ ਹੋ ਗਈ। ਹੁਣ ਉਹ ਆਪਣੀ ਵਸਤੂ ਮੰਗਵਾਉਣੀ, ਸਾਡਾ ਕੰਮ ਹੈ। ਤੁਸੀਂ ਪ੍ਰਸ਼ਾਦ-ਪਾਣੀ ਛਕੋ... ਆਰਾਮ ਕਰੋ।

ਸਤਿਗੁਰਾਂ, ਨਾਲ ਬੈਠੇ ਭਾਈ ਬਿਧੀ ਚੰਦ ਵੱਲ ਵੇਖ, ਕੁਝ ਇਸ਼ਾਰਾ ਮਾਤਰ ਕੀਤਾ।

"ਸਤਿ ਬਚਨ" ਕਹਿ, ਬਿਧੀ ਚੰਦ ਮਿਸ਼ਨ 'ਤੇ ਨਿਕਲ ਪਿਆ। ਭੇਖ ਬਦਲ ਕੇ ਪੱਟੀ ਮਹਿਲ ਵਿੱਚ ਪ੍ਰਵੇਸ਼ ਕਰ, ਬੇਗਮਾਂ ਦੇ ਜਨਵਾਸੇ ਪਹੁੰਚਿਆ। ਸ਼ਾਲ-ਦੁਸ਼ਾਲਿਆਂ ਦਾ ਵਾਪਾਰੀ ਬਣ, ਮਾਲ ਵਿਖਾਣ ਲੱਗਾ। ਬੇਗਮਾਂ ਨੇ ਹੋਰ, ਬਹੁਤ ਵਧੀਆ ਕਾਬੁਲੋਂ ਬਣ ਕੇ ਆਏ, ਸਿੱਖਾਂ ਵਾਲੇ ਦੁਸ਼ਾਲਿਆਂ ਜਿਹੇ, ਕੁਝ "ਖ਼ਾਸ" ਦੀ ਮੰਗ ਕੀਤੀ। ਗੱਲਾਂ-ਗੱਲਾਂ ਵਿੱਚ ਸੌਦਾਗਰ ਦੇ ਭੇਖ ਵਾਲੇ ਬਿਧੀ ਚੰਦ ਨੇ, ਅੰਦਰ ਸਾਂਭ ਰਖੇ ਦੁਸ਼ਾਲੇ ਵਿਖਾਉਣ ਲਈ ਕਿਹਾ। ਮੈਂ ਉਸ ਦੇ ਨਾਲ ਦਾ ਹੋਰ ਮਾਲ ਲਿਆ ਵਿਖਾਵਾਂਗਾ। ਅੰਦਰੋਂ ਲਿਆ ਕੇ ਜਦ ਵਿਖਾਏ, ਤਾਂ ਭਾਈ ਬਿਧੀ ਚੰਦ ਨੇ ਹਨੇਰੀ ਵਾਂਗ, ਦੁਸ਼ਾਲੇ ਖੋਹ ਕੇ, ਮਿਆਨੋਂ ਤਲਵਾਰ ਕੱਢ ਲਈ। ਪਲਕ ਝਪਕਦਿਆਂ, ਪਹਿਰੇਦਾਰ ਦਾ ਸਿਰ ਲਾਹ, ਮਹਿਲੋਂ ਬਾਹਰ ਹੋ ਗਿਆ। ਪਿਛੇ ਮੁਗਲ ਫੌਜ ਲੱਗੀ ਸੀ। ਪੱਟੀ ਸ਼ਹਿਰ ਤੋਂ

ਬਾਹਰ, ਜੰਗਲ ਦੇ ਝਾੜ ਵਿੱਚ ਘੋੜਾ ਬੰਨ੍ਹ ਆਇਆ ਸੀ। ਘੋੜੇ ਤਾਈਂ ਇੱਕ ਵਾਰ ਪਹੁੰਚ ਜਾਂਦਾ, ਫਿਰ ਕਿਸੇ ਦੀ ਜੁੱਰਤ ਨਹੀਂ ਸੀ, ਬਿਧੀ ਚੰਦ ਨੂੰ ਫੜ ਲੈਣਾ! ਪਰ ਸ਼ਹਿਰ ਅੰਦਰ ਹੀ ਘਿਰ ਗਿਆ। ਇੱਕ ਭੜਭੂੰਜਾ, ਵੱਡੇ ਜਿਹੇ ਭੱਠ 'ਤੇ, ਦਾਣੇ ਭੁੰਨ ਰਿਹਾ ਸੀ। ਉਸ ਵੇਲੇ ਆਏ ਹੋਏ ਮਹਿਮਾਨਾਂ ਲਈ, ਛੋਲੇ, ਮੱਕੀ, ਬਾਜਰਾ, ਚੌਲ, ਕਣਕ ਆਦਿ ਭੁੰਨ ਕੇ, ਰੱਖਣ ਦੀ ਰੀਤ ਹੈ ਸੀ। ਅੱਜ ਵਾਂਗ, ਬੇਕਰੀ ਜਾਂ ਕਨਫੈਕਸ਼ਨਰੀ ਦੀਆਂ ਸੁਵਿਧਾਵਾਂ ਉਦੋਂ ਨਹੀਂ ਸਨ। ਆਲੇ-ਦੁਆਲੇ ਦੇ ਵੀਹ-ਤੀਹ ਪਿੰਡਾਂ ਦੇ ਵਸਨੀਕ, ਸਮਰੱਥਾ ਅਨੁਸਾਰ ਦਸ-ਦਸ, ਵੀਹ-ਵੀਹ ਸੇਰ ਭੁੱਜੇ ਦਾਣੇ, ਹਰ ਵੇਲੇ ਘਰ ਰੱਖਦੇ ਸਨ। ਭੱਠ ਚੰਗਾ ਵੱਡਾ ਸੀ, ਕੰਮ ਬਹੁਤਾ ਸੀ। ਲੋਕ ਆਪਣੀ-ਆਪਣੀ ਪੰਡ ਸਵੇਰੇ ਤੋਲ ਕੇ ਰੱਖ ਜਾਂਦੇ, ਸ਼ਾਮਾਂ ਤਾਈਂ ਭੁੱਜੇ ਲੈ ਜਾਂਦੇ। ਭਾਈ ਬਿਧੀ ਚੰਦ, ਭੜਭੂੰਜੇ ਨੂੰ ਪਿੱਛੇ ਫੌਜ ਲੱਗੀ ਹੋਣ ਦੀ ਗੱਲ ਕਰ ਕੇ, ਕਿਤੇ ਛੁੱਪਣ ਲਈ ਥਾਂ ਪੁੱਛੀ। ਭੜਭੂੰਜੇ ਕਿਹਾ, ਇਹ ਛੋਟੀ ਜਿਹੀ ਝੌਂਪੜੀ ਜਾਂ ਬਲਦਾ ਹੋਇਆ ਭੱਠ ਹੀ ਮੇਰੇ ਕੋਲ ਹੈ। ਛੁਪ ਸਕਦੇ ਹੋ ਤਾਂ ਛੁਪ ਜਾਉ। ਭਾਈ ਬਿਧੀ ਚੰਦ ਦੇ ਜ਼ਿਹਨ ਵਿੱਚ ਉਹ ਦ੍ਰਿਸ਼ ਆਇਆ, ਡਰੌਲੀ ਭਾਈ ਤੋਂ ਟੁਰਨ ਵੇਲੇ, ਸਤਿਗੁਰਾਂ ਬਚਨ ਕੀਤਾ ਸੀ, ਬਿਧੀ ਚੰਦ, ਭਰੋਸਾ ਰੱਖੀਂ... ਮੈਂ ਸਦਾ ਤੇਰੇ ਅੰਗ-ਸੰਗ ਰਹਾਂਗਾ। ਬਿਧੀ ਚੰਦ ਦੀ ਜ਼ੁਬਾਂ 'ਤੇ, "ਗੁਰ ਮੇਰੈ ਸੰਗਿ ਸਦਾ ਹੈ ਨਾਲੇ", ਗੁਰਬਾਣੀ ਦੀ ਤੁੱਕ ਆ ਗਈ ਔਰ ਉਸੇ ਖਿਨ, ਗੁਰੂ ਪਿਆਰਾ ਸਿੱਖ, ਬਲਦੇ ਹੋਏ ਵੱਡੇ ਭੱਠ ਦੀਆਂ ਲਪਟਾਂ ਵਿੱਚ ਵੜ ਗਿਆ। ਸਤਿਗੁਰ, ਸੱਚੇ ਪਾਤਸ਼ਾਹ, ਉਸ ਵੇਲੇ ਸ਼ਾਮ ਦੇ ਦੀਵਾਨ-ਦਰਬਾਰ ਵਿੱਚ ਬਿਰਾਜਮਾਨ ਹੈ ਸਨ। ਸੇਵਕਾਂ ਨੂੰ ਹੁਕਮ ਕੀਤਾ, ਜਲਦੀ ਪਾਣੀ ਦੇ ਡੋਲ ਭਰ-ਭਰ ਕੇ ਮੇਰੇ ਉੱਪਰ ਪਾਓ। ਸੇਵਕ ਦੌੜ-ਦੌੜ ਕੇ ਡੋਲ, ਭਰ-ਭਰ ਲਿਆਉਂਦੇ 6ਵੇਂ ਪਾਤਸ਼ਾਹ ਦੇ ਉੱਪਰ ਪਾਉਂਦੇ ਗਏ। ਉੱਧਰ ਪੱਟੀ, ਮੁਗਲ ਫੌਜ ਨੇ ਝੌਂਪੜੀ ਵੇਖੀ, ਭੱਠ ਵੇਖਿਆ ਤੇ ਅੱਗੇ ਨਿਕਲ ਗਏ। ਭਾਈ ਬਿਧੀ ਚੰਦ, ਭੱਠ 'ਚੋਂ ਬਾਹਰ ਆਇਆ। ਸਣੇ ਦੁਸ਼ਾਲੇ, ਸਰੀਰ ਦਾ ਇਕ ਲੂੰ ਭੀ ਨਾ ਸੜਿਆ। ਉੱਧਰ, ਸਤਿਗੁਰਾਂ ਬਚਨ ਕੀਤਾ, ਬਸ ਭਾਈ, ਬਸ ਕਰੋ।

ਪਾਤਸ਼ਾਹ ਜੀ, ਇਹ ਕਿਵੇਂ ਦਾ ਕੌਤਕ ਹੈ ?

ਮੇਰਾ ਸਿੱਖ, ਬਿਧੀ ਚੰਦ, ਮੇਰੇ 'ਤੇ ਭਰੋਸਾ ਰੱਖ, ਬਲਦੇ ਭੱਠ ਵਿੱਚ ਵੜ ਗਿਆ ਸੀ। ਉਸ ਦਾ ਸਾਰਾ ਸੇਕ ਮੈਂ ਆਪਣੇ 'ਤੇ ਲੈ ਲਿਆ... ਜਿਹੜਾ ਗੁਰੂ ਨੂੰ ਅੰਗ-ਸੰਗ ਜਾਣੇ, ਸਤਿਗੁਰ ਉਸ ਦਾ ਵਾਲ ਵੀ ਵਿੰਗਾ ਨਹੀਂ ਹੋਣ ਦਿੰਦੇ। ਤਾਂ ਪੰਜਵੇਂ ਪਾਤਸ਼ਾਹ ਕਹਿੰਦੇ ਹਨ, ਗੁਰਸਿੱਖੀ ਦੇ ਤਿੰਨ ਸਿੱਖਿਆ ਸਤਰ ਹਨ।

ਪਰਮੇਸ਼ਰ ਦਾ ਨਾਮ ਹਿਰਦੇ ਵਿੱਚ ਧਾਰਨ ਕਰੀਏ।

ਗੁਰੂ-ਸੰਗ ਦੇ ਅਹਿਸਾਸ ਵਿੱਚ ਰਹੀਏ।

ਤੀਜੇ ਸਤਰ ਵਿੱਚ, ਗੁਰੂ ਦੀ ਕਿਰਪਾ ਵਰਸੇਗੀ।

ਨੌਵੇਂ ਪਾਤਸ਼ਾਹ, ਲੋਹੇ ਦੇ ਪਿੰਜਰੇ ਵਿੱਚ ਬੰਦ ਹਨ। ਭਾਈ ਮਤੀ ਦਾਸ ਜੀ ਨੂੰ ਜਕੜ ਦਿੱਤਾ। ਸੀਸ 'ਤੇ ਆਰਾ ਚਲੌਣ ਦੀ ਤਿਆਰੀ ਹੈ। ਗੁਰੂ ਦਾ ਸਿੱਖ ਚੜ੍ਹਦੀ ਕਲਾ ਵਿੱਚ ਹੈ। ਜੱਲਾਦਾਂ ਨੂੰ ਕਹਿੰਦੇ ਹਨ :

"ਮੌਤ ਦੀ ਪਰਵਾਹ ਕੋਈ ਨਾਂਹ, ਗੁਰੂ ਦੀ ਨਜ਼ਰ ਸੁਵੱਲ ਹੋਵੇ। ਆਰਾ ਸੀਸ 'ਤੇ ਚੱਲਣ ਲੱਗੇ ਤਾਂ ਮੇਰਾ ਮੁੱਖ ਸਤਿਗੁਰ ਦੇ ਵੱਲ ਹੋਵੇ।"

ਬਸ ਇੱਕ ਗੁਜ਼ਾਰਿਸ਼ ਮੰਨ ਲੈਣਾ, ਸਿਰ ਤੋਂ, ਸਰੀਰ ਦੋ ਫਾੜ ਹੋਣ ਲੱਗੇ ਤਾਂ ਮੇਰਾ ਮੂੰਹ ਸਤਿਗੁਰ ਪਾਸੇ ਹੋਵੇ। ਗੁਰੂ ਦੇ ਦੀਦਾਰ ਕਰਦਿਆਂ, ਸਰੀਰ 'ਚੋਂ ਨਿਕਲਦਾ ਪ੍ਰਾਣ ਵੀ ਧੰਨ ਹੋ ਜਾਵੇ।

ਅੰਤਮ ਸਵਾਸਾਂ ਤਾਈਂ, "ਗੁਰ ਮੇਰੈ ਸੰਗਿ ਸਦਾ ਹੈ ਨਾਲੇ॥"

ਗੁਰੂ ਦੇ ਭਾਣੇ ਅੰਦਰ ਦੇਸ਼-ਕੌਮ ਹਿੱਤ, ਸ਼ਹਾਦਤ ਦਾ ਸਮਾਂ ਸਿੱਖ ਲਈ, ਉਤਸਵ ਬਣ ਜਾਂਦਾ ਹੈ।

17 ਅਤੇ 18 ਜਨਵਰੀ ਸੰਨ 1872 ਨੂੰ, ਮਲੇਰਕੋਟਲੇ ਤੋਪਾਂ ਨਾਲ ਅੱਗੇ ਛਾਤੀਆਂ ਡਾਹ, ਨਾਮਧਾਰੀ ਸਿੰਘ ਸ਼ਹੀਦ ਹੋਏ। ਅੰਗ੍ਰੇਜ਼ੀ ਅਖ਼ਬਾਰ "ਫ਼ਰੇਂਡਸ ਆਫ ਇੰਡੀਆ" ਦੇ ਸੰਪਾਦਕ, ਰੋਬਰਟ ਨਾਈਟੇ ਨੇ ਬ੍ਰਿਟਿਸ਼ ਹਕੂਮਤ ਦੀ ਨਿਆਂ ਹੀਣਤਾ ਅਤੇ ਬਗੈਰ ਕਾਨੂੰਨੀ ਪ੍ਰਕਿਰਿਆ ਦੇ, ਤੋਪਾਂ ਨਾਲ ਕੂਕਿਆਂ ਦੀ "ਸਮੂਹਕ ਹੱਤਿਆ" ਦਾ ਪ੍ਰਸੰਗ ਰੂਪ ਵਿੱਚ, ਸੰਪਾਦਕੀ ਲੇਖ ਲਿਖਿਆ। ਦੂਜੇ ਤੀਜੇ ਦਿਨ, "ਫ਼ਰੇਂਡਸ ਆਫ ਇੰਡੀਆ" ਨੂੰ ਰੈਫ਼ਰ ਕਰਦਿਆਂ ਹਿੰਦੀ, ਬਾਂਗਲਾ ਅਤੇ ਮਰਾਠੀ ਅਖ਼ਬਾਰਾਂ ਨੇ ਵੀ ਲੂੰ ਕੰਡੇ ਕਰ ਦੇਣ ਵਾਲੇ, ਇਸ ਭਿਆਨਕ ਪ੍ਰਸੰਗ ਬਾਬਤ ਸੰਪਾਦਕੀ ਲੇਖ ਲਿਖੇ। ਰੋਬਰਟ ਨਾਈਟੇ ਆਪ ਇੱਕ ਅੰਗਰੇਜ਼ ਵਿਦਵਾਨ ਸੀ। ਇਸ ਸੰਪਾਦਕੀ ਲੇਖ ਤੋਂ ਬਾਅਦ, ਬ੍ਰਿਟਿਸ਼ ਹਕੂਮਤ ਦੀ ਦੁਨੀਆਂ ਵਿੱਚ ਬਹੁਤ "ਕਿਰਕਿਰੀ" ਹੋਈ। ਰੋਸ ਵਜੋਂ ਹਕੂਮਤ ਨੇ, ਰੋਬਰਟ ਨਾਈਟੇ ਨੂੰ ਇੰਗਲੈਂਡ ਵਾਪਸ ਭੇਜ ਦਿੱਤਾ। ਜਾਣ ਤੋਂ ਪਹਿਲਾਂ, ਜੀਂਵਦੀ ਰੂਹ ਵਾਲੇ "ਨਾਈਟੇ" ਨੇ ਕਿਹਾ, "ਮੈਂ ਮਨੁੱਖਤਾ ਦੇ ਪੱਖ ਵਿੱਚ ਹਾਅ ਦਾ ਨਾਅਰਾ ਲਾ ਚੱਲਿਆਂ... ਵਾਪਸ ਜਾਣ ਦਾ ਕੋਈ ਦੁਖ ਨਹੀਂ।"

"ਮਲੇਰਕੋਟਲੇ" ਦੀ ਧਮਕ ਦੂਰ ਰਸ਼ੀਆ ਤੱਕ ਪੁੱਜੀ। ਰੂਸੀ ਵਿਦਵਾਨ ਲੀਓ ਟਾਲਸਟਾਏ ਨੇ, ਨਾਮਧਾਰੀ ਸ਼ਹੀਦਾਂ ਦੇ ਦੇਸ਼ ਪ੍ਰੇਮ, ਮੌਤ ਪ੍ਰਤੀ ਨਿਰਭੈਤਾ-ਨਿਡਰਤਾ ਨੂੰ ਸਲਾਮ ਕਰਦਿਆਂ ਲਿਖਿਆ—ਸਿੱਖੀ, ਦੁਨੀਆਂ ਦੀ ਕਿਸੇ ਕੌਮ ਨਾਲ ਤੁਲਨਾ ਤੋਂ ਪਰ੍ਹੇ ਹੈ... ਇੱਕ ਦਿਨ ਸਿੱਖ, ਇਸ ਦੁਨੀਆਂ 'ਤੇ ਰਾਜ ਕਰਨਗੇ।

ਸ਼ਹੀਦ ਹੁੰਦੇ ਜਵਾਨ ਤੋਂ ਲੈ ਕੇ, ਬਾਰ੍ਹਾਂ ਵਰ੍ਹਿਆਂ ਦਾ ਬਾਲਕ ਤੱਕ, ਸਿੱਖ, ਆਪਣੇ ਸਤਿਗੁਰ ਦੇ ਸੰਗ-ਸੰਗ ਹੋਣ ਦੀ ਪ੍ਰਤੀਤ ਵਿੱਚ ਰਹੇ...

"ਗੁਰ ਮੇਰੈ ਸੰਗਿ ਸਦਾ ਹੈ ਨਾਲੇ।"...

# ਵਿਕਾਸਵਾਦ

ਮਨੁੱਖੀ ਸੱਭਿਅਤਾ ਦਾ ਵਿਕਾਸ-ਇਤਿਹਾਸ ਬਹੁਤ ਪੁਰਾਣਾ ਹੈ। ਆਦਿ ਮਾਨਵ, ਨੰਗ-ਧੜੰਗ ਜੰਗਲੀ ਪਸ਼ੂਆਂ ਵਾਂਗ, ਆਪਣੀ ਸੁਰੱਖਿਆ ਲਈ ਦੌੜਦਾ, ਹੱਥ ਦੇ ਨਹੁੰਆਂ ਨਾਲ ਸ਼ਿਕਾਰ ਕਰਦਾ। ਜੰਗਲ ਦੇ ਹਿੰਸਕ ਜਾਨਵਰਾਂ ਤੋਂ ਰੱਖਿਆ ਲਈ, ਤਿੱਖੇ, ਮਜ਼ਬੂਤ ਨਹੁੰਆਂ ਦੀ ਵਰਤੋਂ ਕਰਦਾ। ਵਿਕਾਸਵਾਦ ਦੀ ਸੋਚ ਨੇ, ਪੱਥਰਾਂ ਨੂੰ ਹਥਿਆਰ ਬਣਾ ਕੇ ਵਰਤਣੇ ਆਰੰਭ ਕੀਤੇ। ਇਤਿਹਾਸਕਾਰ ਇਸ ਸਮੇਂ ਨੂੰ ਪੱਥਰ ਯੁੱਗ ਜਾਂ ਪਾਸ਼ਾਣ ਯੁੱਗ ਕਹਿੰਦੇ ਹਨ। ਹਜ਼ਾਰਾਂ ਸਾਲ, ਮਨੁੱਖ ਹਥਿਆਰਯੋਗ ਪੱਥਰਾਂ ਨੂੰ ਰਗੜ ਕੇ, ਨੁਕੀਲਾ ਅਤੇ ਮਜ਼ਬੂਤ ਹਥਿਆਰ ਬਣਾ ਕੇ, ਆਪਣੀ ਸੁਰੱਖਿਆ ਅਤੇ ਸ਼ਿਕਾਰ ਕਰਦਾ ਰਿਹਾ।

ਵਿਕਾਸ ਦੀ ਚਾਹ ਨੇ ਧਾਤੂ ਦੀ ਖੋਜ ਕਰ ਲਈ। ਲੋਹਾ, ਤਾਂਬਾ ਆਦਿ ਧਾਤੂ ਤੋਂ ਹਥਿਆਰ ਅਤੇ ਜ਼ਰੂਰਤ ਦੀ ਸਮੱਗਰੀ ਲਈ, ਮਿੱਟੀ ਦੇ ਭਾਂਡਿਆਂ ਦੀ ਥਾਂ, ਹੁਣ ਧਾਤੂ ਦੇ ਭਾਂਡੇ ਵਰਤੇ ਜਾਣ ਲੱਗੇ। ਇਹ "ਧਾਤੂ ਯੁਗ" ਕਿਹਾ ਗਿਆ। ਰੱਬ ਨੇ ਮਨੁੱਖ ਨੂੰ ਪਸ਼ੂਆਂ-ਪੰਖੀਆਂ ਤੋਂ ਨਿਵੇਕਲਾ, ਬੁੱਧੀ ਧਾਰੀ ਜੀਅ ਬਣਾਇਆ ਸੀ। ਮਨੁੱਖ ਦੀ ਸੋਚ, ਵਿਕਾਸਵਾਦੀ ਸੀ। ਨਿਰੰਤਰ ਸੋਚਦਾ ਰਿਹਾ... ਨਿਤ ਨਵੇਂ ਪ੍ਰਯੋਗ ਹੁੰਦੇ ਰਹੇ... ਨਿਤ ਨਵੇਂ ਆਵਿਸ਼ਕਾਰ ਵੀ ਹੁੰਦੇ ਰਹੇ।

ਅੱਜ ਮਨੁੱਖ, ਭੌਤਿਕ ਸੁਖ ਸਾਧਨਾਂ, ਸੁਰੱਖਿਆ ਅਤੇ ਜੰਗ ਦੇ ਹਾਲਾਤਾਂ ਵਿੱਚ ਚੰਦ ਖਿਨਾਂ-ਪਲਾਂ ਵਿੱਚ ਦੁਸ਼ਮਨ ਦੇਸ਼ਾਂ ਨੂੰ ਨੇਸਤ-ਓ-ਨਾਬੂਦ ਕਰਨਯੋਗ ਅਤਿ ਆਧੁਨਿਕ ਮਿਸਾਈਲਾਂ, ਧਰਤੀ, ਪਾਣੀ ਅਤੇ ਹਵਾ ਵਿੱਚ ਤੱਤਖਿਣ ਵਾਰ ਕਰਨ ਵਾਲੇ ਜੰਗੀ ਹਥਿਆਰ ਤਿਆਰ ਖੜ੍ਹੇ ਕਰ ਲਏ ਹਨ। ਕਹਿ ਸਕਦੇ ਹਾਂ, ਇਹ ਮਨੁੱਖੀ ਵਿਕਾਸ ਦਾ ਸਿਖਰ ਹੈ। ਤਜੁਰਬੇਕਾਰ ਲੋਕ ਕਹਿੰਦੇ ਹਨ, ਵਿਕਾਸ ਅੰਤ 'ਤੇ ਪਹੁੰਚ ਚੁੱਕਾ ਹੈ। ਅੱਗੇ ਫਿਰ "ਆਦਿ" ਹੈ। ਆਦਿ ਤੋਂ ਚਲ ਕੇ ਅੰਤ... ਅੰਤ ਤੋਂ ਫਿਰ ਆਦਿ ਕਾਲ ਦਾ ਆਰੰਭ! ਸ਼ਾਇਦ ਕੁਦਰਤ ਨੇ ਵਿਕਾਸ ਚੱਕਰ ਰਚਿਆ ਹੋਇਆ ਹੈ। ਦਿਨ ਤੋਂ ਬਾਅਦ ਰਾਤ... ਜੀਵਨ ਦਾ ਸਿਖਰ ਮੌਤ... ਅੱਗੋਂ ਫਿਰ ਨਵੇਂ ਜੀਵਨ ਦਾ ਆਰੰਭ!

ਸਰਵਨਾਸ਼ ਦੀ ਘੰਟੀ ਵੱਜ ਰਹੀ ਹੈ। ਅਸੀਂ ਸ਼ਾਇਦ, ਵਿਨਾਸ਼ ਦੇ ਅੰਤਮ ਪੜਾਅ ਤੇ ਪਹੁੰਚ ਚੁੱਕੇ, ਮਾਨਵ-ਵੰਸ਼ ਦੇ ਅੰਤਮ ਵਾਰਿਸ ਹੋਈਏ।

ਵਿਕਾਸ ਦੀ ਚਾਹਤ ਨੇ, ਮਨੁੱਖ ਨੂੰ ਉਹ ਅਜਗਰ ਬਣਾ ਦਿੱਤਾ, ਜਿਹੜਾ ਭੁੱਖ ਮਿਟਾਉਣ ਲਈ, ਆਪਣੀ ਹੀ ਪੂੰਛ ਮੂੰਹ ਵਿੱਚ ਪਾ ਬੈਠਾ ਹੈ ਤੇ ਪੋਰੀ-ਪੋਰੀ ਆਪਣੇ ਆਪ ਨੂੰ ਹੀ ਨਿਗਲੀ ਜਾ ਰਿਹਾ ਹੈ। ਮਨੁੱਖ ਤੀਬਰ ਵਿਕਾਸ ਲਈ ਸ਼ਾਰਟਕਟ ਦੀ ਤਲਾਸ਼ ਕਰਦਾ ਰਿਹਾ। ਧਰਤੀ ਦੇ ਟੋਟੇ 'ਚੋਂ ਹੋਰ ਬਹੁਤੀ ਉਪਜ ਲੈਣ ਹਿੱਤ, ਬਹੁਤੀ ਕਮਾਈ ਦੀ ਲਾਲਸਾ ਵਿੱਚ, ਜ਼ਹਿਰੀਲੇ ਰਸਾਇਣ, ਉਰਵਰਕ ਪਾਉਂਦਾ ਰਿਹਾ।

ਧਰਤੀ ਦੇ ਮੂੰਹ ਵਿੱਚ ਜ਼ਹਿਰ ਪਾਉਂਦਾ ਰਿਹਾ। ਉਹ ਜ਼ਹਿਰ ਧਰਤੀ ਤੋਂ ਉਪਜੇ ਅਨਾਜ, ਫਲ, ਸਬਜ਼ੀਆਂ 'ਚੋਂ ਸਾਡੇ ਤੁਹਾਡੇ ਮੂੰਹ ਵਿੱਚ ਪਿਆ, ਨਤੀਜਾ ਅੱਜ ਨਿੱਤ ਨਵੇਂ ਰੋਗ ਨਾਲ ਮਨੁੱਖ ਪੀੜਤ ਹੋ ਰਿਹੈ।

ਕਾਰਖਾਨੇਦਾਰਾਂ ਨੇ ਪ੍ਰਦੂਸ਼ਣ-ਰੋਧੀ ਯੰਤਰਾਂ ਦਾ ਖਰਚਾ ਬਚਾ ਲਿਆ, ਕਾਲਾ ਜ਼ਹਿਰੀਲਾ ਧੂੰਆਂ ਹਵਾ ਵਿੱਚ ਛੱਡ ਦਿੱਤਾ। ਹਵਾ ਸਾਹ ਲੈਣ ਜੋਗ ਨਾ ਰਹਿਣ ਦਿੱਤੀ। ਵਡੇਰੇ ਕਹਿੰਦੇ ਹਨ, ਪਿੰਡ ਦੇ ਸਾਹਮਣਿਓਂ ਬਹੁਤ ਸੁਥਰੀ ਨਦੀ ਵਗਦੀ ਹੁੰਦੀ ਸੀ। ਨਦੀ ਦੇ ਪਾਣੀਆਂ ਨੂੰ ਛੂਹ ਕੇ ਆਉਂਦੀ ਹਵਾ, ਗਰਮ ਰੁੱਤ ਵਿੱਚ ਵੀ ਸ਼ੀਤਲ ਸਪੱਰਸ਼ ਦਾ ਅਹਿਸਾਸ ਦਿੰਦੀ ਹੁੰਦੀ ਸੀ। ਉੱਪਰ ਕਿਤੇ ਡੈਮ ਬਣਾ ਦਿੱਤਾ। ਪਾਣੀ ਇੱਧਰ ਆਉਣੋਂ ਹੱਟ ਗਿਆ। ਥੋੜ੍ਹੀ-ਬਹੁਤੀ ਜਿਹੜੀ ਗੁੰਜਾਇਸ਼ ਰਹਿ ਗਈ ਸੀ, ਉਹ ਲੋਕਾਂ ਨੇ ਏਨਕ੍ਰੋਚਮੇਂਟ ਕਰ ਲਈ, ਕਲੋਨੀ ਬਣਾ ਦਿੱਤੀ। ਹੁਣ ਕੁਝ ਆਸ ਹੀ ਨਾ ਰਹੀ। ਉਹ ਜਿਹੜਾ ਹਰਾ-ਭਰਾ ਜੰਗਲ ਸੀ। ਪੰਖੀਆਂ ਦੇ ਗੀਤਾਂ ਨਾਲ ਪ੍ਰਭਾਤ ਹੁੰਦੀ ਸੀ... ਘਿਰਦੇ ਹੋਏ ਸੁਰਮਈ ਹਨੇਰੇ ਵਿੱਚ, ਦਰੱਖਤਾਂ ਦਿਆਂ ਪੱਤਿਆਂ, ਸ਼ਾਖਾਵਾਂ ਨੂੰ ਛੇੜ ਕੇ, ਸੰਗੀਤ ਦੇ ਸੁਰਾਂ ਨਾਲ ਰਾਤ ਆਰੰਭ ਹੁੰਦੀ ਸੀ। ਮੁਫ਼ਤ ਵਿੱਚ, ਹਵਾ ਚੋਂ, ਕਾਰਬਨ ਡਾਈਆਕਸਾਈਡ ਨੂੰ ਸੋਖ਼ ਕੇ, ਸ਼ੁੱਧ ਔਕਸੀਜ਼ਨ ਉਪਲੱਬਧ ਕਰਵਾਉਂਦੇ ਸਨ। ਕਹਿੰਦੇ ਹਨ, ਕਿਸੇ "ਪਹੁੰਚ ਵਾਲੇ" ਨੇ "ਸੀ.ਐੱਲ.ਯੂ" ਕਰਵਾ ਕੇ, ਜੰਗਲਾਤ ਭੂਮੀ ਨੂੰ ਰਿਹਾਇਸ਼ੀ ਭੂਮੀ ਵਿੱਚ ਤਬਦੀਲ ਕਰਵਾ ਕੇ, ਕੰਕਰੀਟ ਦੇ ਰਿਸੋਰਟ ਬਣਾ ਦਿੱਤੇ ਹਨ। ਮਹਿਕਮੇ ਦੇ ਅਧਿਕਾਰੀ ਖੁਸ਼ ਹਨ, ਵੱਡੇ ਰਿਸੋਰਟ ਦਾ ਮਾਲਕ ਵੀ ਖੁਸ਼ ਹੈ ਕਿਉਂਕਿ ਇਹਨਾਂ ਦੇ ਜਮ੍ਹਾਂ ਧਨ ਦਾ ਤੇਜ਼ੀ ਨਾਲ ਵਿਕਾਸ ਹੋਇਆ ਹੈ।

ਧਰਮ ਸ਼ਾਸਤਰ ਕਹਿੰਦੇ ਹਨ, ਪੁਰਖ ਅਤੇ ਪ੍ਰਕ੍ਰਿਤੀ ਦੇ ਮੇਲ ਨਾਲ ਸ੍ਰਿਸ਼ਟੀ ਸਿਰਜਤ ਹੋਈ। ਪੁਰਖ ਤਾਂ ਅੱਜ ਵੀ ਇਕੋ ਹੈ, ਪਰ ਪਸ਼ੂ, ਪੰਖੀ, ਯੱਛ, ਕਿੰਨਰ, ਬਨਸਪਤਿ, ਮਿੱਟੀ, ਪਾਣੀ, ਹਵਾ, ਅੱਗ, ਨਦੀਆਂ, ਪਹਾੜ... ਪ੍ਰਕ੍ਰਿਤੀ ਸਭਨਾਂ 'ਚੋਂ ਵਗ ਰਹੀ ਹੈ। ਤੇਜ਼ ਵਿਕਾਸ ਦੇ ਚਾਹਵਾਨ, ਮਨੁੱਖ ਨੇ ਹੀ, ਪ੍ਰਕ੍ਰਿਤੀ ਨੂੰ ਕੁਰੂਪ ਕਰ ਦਿੱਤਾ।

ਤਿੰਨ ਗੁਣ ਪ੍ਰਕਿਰਤੀ ਦੇ ਰਜਸ, ਤਮਸ, ਸਤਸ਼। ਵਿਗਿਆਨੀ ਕੁਦਰਤ ਦੇ ਤਿੰਨ ਗੁਣ ਤੱਤ ਦੱਸਦੇ ਹਨ, ਪ੍ਰੋਟਰੋਨ, ਨਿਊਟਰੋਨ, ਇਲੈਕਟਰੋਨ। ਪ੍ਰੋਟਰੋਨ, ਰਜਸ ਹੈ, ਨਿਊਟਰੋਨ ਨੈਗੇਟਿਵ ਹੈ, ਤਮਸ਼ ਹੈ ਅਤੇ ਇਲੈਕਟਰੋਨ, ਸੰਤੁਲਨ ਕਰਤਾ ਹੈ। ਸਤੋ ਗੁਣੀ ਹੈ। ਇਹ ਤਿੰਨ ਗੁਣਾਂ ਦੇ ਰਾਖੇ ਤਿੰਨ ਦੇਵਤੇ, ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼, ਪਰਮੇਸ਼ਰ ਨੇ ਜਾਂ ਪੁਰਖ ਨੇ ਥਾਪੇ।

ਅੱਜ ਮੈਡੀਕਲ ਸਾਇੰਸ ਦੀ ਸਰਵੇਖਣ ਰਿਪੋਰਟ ਅਨੁਸਾਰ 60% ਲੋਗ, ਤਨਾਅ, ਚਿੰਤਾ, ਹਾਈਪਰਟੇਂਸ਼ਨ, ਡਿਪ੍ਰੈਸ਼ਨ ਦੇ ਕਿਸੇ ਨਾ ਕਿਸੇ ਰੂਪ ਵਿੱਚ ਮਰੀਜ਼ ਹੋ ਚੁੱਕੇ ਹਨ। ਇਸ ਦਾ ਕਾਰਨ, ਸਾਡੀ ਸਰੀਰ ਦੇ, ਸਾਡੀ ਪ੍ਰਕਿਰਤੀ ਦੇ ਗੁਣ ਤੱਤਾਂ ਦੀ ਬੇਕਾਇਦਗੀ ਹੈ... ਅਸੰਤੁਲਨ ਹੈ। ਹਰ ਮਨੁੱਖ, ਬੇਸੰਤੋਖੀ ਹੈ, ਨਿਰਾਸ਼ ਹੈ। ਤਮੋ ਗੁਣ ਪ੍ਰਭਾਵਸ਼ਾਲੀ ਹੋ ਗਿਆ ਹੈ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਇਸ ਦੇ ਲੱਛਣ ਹਨ।

ਕਾਮ ਇਵੇਂ ਦਾ ਕਿ ਰਿਸ਼ਤਾ-ਨਾਤਾ, ਬਾਲ ਬਿਰਧ ਕੁਝ ਨਹੀਂ ਦਿਸਦਾ। ਕ੍ਰੋਧ ਐਸਾ ਕਿ ਭਾਈ, ਭਾਈ ਦਾ ਵੈਰੀ ਜਾਪਦਾ ਹੈ। ਲੋਭ ਸਿਰ 'ਤੇ ਸਵਾਰ ਹੁੰਦਾ ਹੈ, ਤਾਂ ਪੁੱਤਰ ਨੂੰ ਸਮਝੌਣ ਵਾਲਾ ਪਿਤਾ ਵੀ ਰਾਹ ਦਾ ਰੋੜਾ ਲੱਗਦਾ ਹੈ। ਆਹਾਰ, ਆਚਾਰ, ਵੀਚਾਰ, ਵਿਵਹਾਰ ਸਭ ਕੁਝ ਦੂਸ਼ਿਤ ਹੋ ਚੁੱਕੇ ਹਨ। ਇਹ ਕੋਈ ਇੱਕ ਦਿਨ ਵਿੱਚ ਨਹੀਂ ਹੋਇਆ। ਸਦੀਆਂ ਤੋਂ ਵਿਕਾਸਵਾਦ ਦੇ ਨਾਂ 'ਤੇ ਮਨੁੱਖ, ਲੋਭ ਅਤੇ ਸਵਾਰਥ ਦੇ ਜ਼ਹਿਰ ਨੂੰ ਭੋਗਦਾ ਰਿਹਾ। ਅੱਜ ਸਰੀਰ ਅਤੇ ਸੋਚ, ਜ਼ਹਿਰੀਲੀ ਹੋ ਚੁੱਕੀ ਹੈ। ਸ੍ਰਿਸ਼ਟੀ ਦਾ ਸਿਰਜਨ ਕੁਦਰਤ ਦੀ ਵਿਸਮਈ ਵਿਵਸਥਾ ਹੈ। ਗੁਰਬਾਣੀ ਕਹਿੰਦੀ ਹੈ, "ਜੋ ਬ੍ਰਹਮੰਡੇ ਸੋਈ ਪਿੰਡੇ"... ਅਸੀਂ ਇੱਕ ਪਿੰਡ, ਆਪਣੇ ਇੱਕ ਸਰੀਰ ਵਿੱਚ ਝਾਤ ਮਾਰੀਏ। ਦਿਮਾਗ ਦਿੱਤਾ, ਦਿਲ ਦਿੱਤਾ, ਹੱਥ-ਪੈਰ, ਜ਼ੁਬਾਂ ਦਿੱਤੀ, ਜਾਨ ਦਿੱਤੀ। ਇੱਕ ਸਰੀਰ ਵਿੱਚ ਲੱਖਾਂ ਨਿੱਕੇ-ਨਿੱਕੇ ਪਾਰਟ, ਪੁਰਜ਼ੇ। ਇਹ ਸਾਰੇ ਆਪਸ ਵਿੱਚ ਇੱਕ ਸੁਰ ਹਨ.. ਰਕਤ ਪ੍ਰਵਾਹ ਰਾਹੀਂ ਸਾਰੇ ਆਪਸ ਵਿੱਚ ਜੁੜੇ ਹੋਏ ਹਨ। ਹਰ ਖਿਨ ਕਰੋੜਾਂ ਸੈੱਲ ਮਰ ਰਹੇ ਹਨ... ਹਰ ਖਿਨ ਕਰੋੜਾਂ ਨਵੇਂ ਬਣ ਰਹੇ ਹਨ। ਦਿਮਾਗੀ ਚੇਤਨਤਾ, ਮੈਂਟਲ ਇੰਟੈਲੀਜੈਂਸ, ਅਵਚੇਤਨ ਮਨ ਵਿੱਚ ਸਿਮ੍ਰਤੀਆਂ ਦਾ ਅਦਿੱਖ ਸਟੋਰ ਹੈ, ਜਦੋਂ ਚਾਹੁੰਦੇ ਹਾਂ, ਪੁਰਾਣੀ ਯਾਦ ਸਾਹਮਣੇ ਆ ਜਾਂਦੀ ਹੈ। ਸਰੀਰ ਦੇ ਸੂਖਮ ਸੈੱਲ, ਸੁੱਖ-ਦੁੱਖ, ਖਤਰੇ ਦੀ ਸੂਚਨਾ ਬ੍ਰੇਨ ਨੂੰ ਭੇਜਦੇ ਹਨ, ਬ੍ਰੇਨ ਤਤਕਾਲ (ਡੀ.ਐਨ.ਏ) ਨੂੰ ਨਿਰਦੇਸ਼ ਦਿੰਦਾ ਹੈ... ਡੀ.ਐੱਨ.ਏ. ਕਮਾਂਡ ਦਿੰਦਾ ਹੈ ਅਤੇ ਸਰੀਰ ਦੇ ਅੰਗ, ਸੁਰੱਖਿਆ ਜਾਂ ਪ੍ਰਤੀਰੋਧ ਲਈ ਸੁਚੇਤ ਹੋ ਜਾਂਦੇ ਹਨ। ਸੰਸਾਰ ਦੇ ਕਿਸੇ ਵੀ ਵਿਕਸਤ ਮੁਲਕ ਦੀ ਸੂਚਨਾ ਤਕਨੀਕ (ਆਈ. ਟੀ.) ਤੋਂ ਬਹੁਤ ਉੱਪਰ ਦੀ ਇਹ ਵਿਵਸਥਾ, ਕੁਦਰਤ ਨੇ ਸਾਨੂੰ ਦਿੱਤੀ। ਪਰ ਨਾ-ਸ਼ੁਕਰਾ ਮਨੁੱਖ, ਕਿਸੇ ਕੰਪਨੀ ਦੇ ਬਣੇ ਹੋਏ ਮੋਬਾਈਲ, ਲੈਪਟਾਪ ਜਾਂ ਕੰਮਪਿਊਟਰ 'ਤੇ ਨਿਰਭਰ ਹੁੰਦਾ ਗਿਆ। ਜੋੜ, ਘਟਾਅ, ਗੁਣਾਂ-ਭਾਗ ਤੋਂ ਲੈ ਕੇ, ਬੈਂਕ ਦੇ ਖਾਤੇ, ਪ੍ਰੋਪਰਟੀਆਂ ਦੀ ਸਾਰੀ ਜਾਣਕਾਰੀ, ਕੋਰਟ ਕਚਹਿਰੀਆਂ ਵਿੱਚ ਚੱਲ ਰਹੇ ਮੁਕੱਦਮਿਆਂ ਦੇ ਸਾਰੇ ਤੱਥ, ਇਨ੍ਹਾਂ ਦੇ ਹਵਾਲੇ ਕਰ ਦਿੱਤੇ। ਇਹ ਮਸ਼ੀਨੀ ਤਕਨੀਕ, ਚਿਕਿਤਸਾ-ਵਿਗਿਆਨ ਦੇ ਖੇਤਰ ਵਿੱਚ ਬਹੁਤ ਗਹਿਰਾਈ ਤੱਕ ਪ੍ਰਵੇਸ਼ ਕਰ ਗਈ ਹੈ। ਬਲੱਡ ਕਲਚਰ, ਯੂਰੀਨ ਕਲਚਰ, ਤਕਰੀਬਨ ਬਹੁਤੀਆਂ ਟੈੱਸਟ ਰਿਪੋਰਟਾਂ ਅਤੇ ਪ੍ਰਭਾਵਸ਼ਾਲੀ ਦਵਾਈਆਂ, ਐਂਟੀਬਾਯੋਟਿਕਸ ਦੀ ਸਲਾਹ ਵੀ ਇਹ ਮਸ਼ੀਨਾਂ ਦੇਣ ਲੱਗ ਪਈਆਂ ਹਨ।? ਮੈਡੀਕਲ ਸਾਇੰਸ ਵਿੱਚ ਹੋ ਰਹੇ ਤੇਜ਼ ਵਿਕਾਸ ਨੂੰ ਵੇਖਦਿਆਂ, ਮਾਹਰ ਲੋਕ ਕਹਿੰਦੇ ਹਨ, ਉਹ ਦਿਨ ਹੁਣ ਬਹੁਤਾ ਦੂਰ ਨਹੀਂ, ਜਦੋਂ ਰੋਗਾਂ ਦੀ ਟੈੱਸਟ, ਸਰੀਰ ਅੰਦਰਲੇ ਸੈੱਲਾਂ ਦੇ ਸੁਭਾਅ ਅਨੁਸਾਰ, ਇਲਾਜ ਮੁਜਗ ਦਵਾਈਆਂ ਅਤੇ ਹੋਰ ਲੋੜੀਂਦੇ ਪ੍ਰੋਸੈੱਸ, ਸਭ ਕੁਝ ਮਸ਼ੀਨਾਂ ਹੀ ਕਰਨਗੀਆਂ। ਡਾਕਟਰ ਹੌਲੀ-ਹੌਲੀ ਬੇਲੋੜੇ ਹੁੰਦੇ ਜਾਣਗੇ। ਇਨ੍ਹਾਂ ਤਕਨੀਕੀ ਵਿਕਾਸਵਾਦ 'ਤੇ ਗਹਿਰੀ ਨਜ਼ਰ ਰੱਖਣ ਵਾਲੇ ਵਿਦਵਾਨ, ਹੁਣ ਕਹਿਣ ਲੱਗ ਪਏ ਹਨ ਕਿ ਮਨੁੱਖ ਦੀਆਂ ਬਣਾਈਆਂ ਹੋਈਆਂ ਮਸ਼ੀਨਾਂ, ਮਨੁੱਖ ਨੂੰ ਨਕਾਰਾ ਕਰ ਦੇਣਗੀਆਂ। ਕਈ ਸਮਾਜ ਚਿੰਤਕਾਂ ਨੇ, ਦੁਨੀਆਂ ਨੂੰ, ਭਵਿੱਖ ਵਿੱਚ ਆਉਣ ਵਾਲੇ ਭਿਆਨਕ ਖਤਰੇ

ਤੋਂ ਸੁਚੇਤ ਕੀਤਾ ਹੈ। ਅੱਜ ਦਾ ਯਥਾਰਥ ਹੈ, ਖੇਤੀ ਕਰਨ ਵਾਲਾ ਕਿਸਾਨ, ਦੁਕਾਨਦਾਰ, ਕਾਰਖਾਨੇਦਾਰ, ਸਾਰੇ ਉਂਗਲਾਂ 'ਤੇ ਗਿਣੀ ਜਾਣ ਵਾਲੀ ਕਮਾਈ ਵਿੱਚ ਸੀਮਤ ਰਹਿ ਗਏ, ਵੱਡੇ-ਵੱਡੇ ਜਹਾਜ਼, ਮਾਰੂ ਹਥਿਆਰ ਬਣਾਉਣ ਵਾਲੇ ਵੀ ਸੀਮਤ ਆਰਥਿਕ ਵਿਕਾਸ ਵਿੱਚ ਰੁਕੇ ਹੋਏ ਹਨ, ਪਰ ਵੱਟਸਐਪ, ਫੇਸਬੁੱਕ ਆਦਿ ਕੰਪਨੀਆਂ, ਮੁਫ਼ਤ ਵਿੱਚ ਸੇਵਾਵਾਂ ਦੇਣ ਦੇ ਨਾਂ 'ਤੇ, ਸਾਰਿਆਂ ਨੂੰ ਪਿੱਛੇ ਛੱਡ ਗਈਆਂ। ਬਹੁਤ ਤੇਜ਼ ਵਿਕਾਸ ਕਰ ਗਈਆਂ। ਇਸੇ ਤਰ੍ਹਾਂ ਦੀ ਇੱਕ ਕੰਪਨੀ, ਜੋ ਕੁਝ ਨਹੀਂ ਬਣਾਉਂਦੀ, ਪਰ ਮਈ 2022 ਵਿੱਚ ਐਲੋਨ ਮਸ਼ਕ ਨੇ 42 ਬਿਲੀਅਨ ਡਾਲਰ ਵਿੱਚ, ਉਹ ਕੰਪਨੀ ਖਰੀਦ ਲਈ। ਉਸ ਦਾ ਨਾਂ ਹੈ 'ਟਵੀਟਰ'। ਹਾਲ ਦੀ ਘੜੀ ਇਕ ਵਾਰ, ਇਹ ਸੌਦਾ ਕੈਂਸਲ ਹੋ ਗਿਆ ਹੈ। ਅੱਜ ਹੋਸ਼ ਸੰਭਾਲਦਿਆਂ ਬੱਚਾ, ਮੋਬਾਈਲ ਦੀ ਮੰਗ ਕਰਦਾ ਹੈ। ਬਾਹਰ ਗ੍ਰਾਉਂਡ ਦੀਆਂ ਖੇਡਾਂ, ਰੋਟੀ, ਨੀਂਦ ਸਭ ਭੁੱਲੀ ਬੈਠਾ ਹੈ। ਇੱਕ "ਆਰਟੀਫੀਸ਼ੀਅਲ ਇੰਟੈਲੀਜੈਂਸ" ਹਰ ਖਿਨ, ਸਾਡੇ 'ਤੇ ਨਜ਼ਰ ਰੱਖ ਰਿਹਾ ਹੈ। ਅਸੀਂ ਖੇਡਾਂ, ਖੁਰਾਕਾਂ, ਪਸੰਦ, ਆਪਣੀ ਜਨਮ ਤਿਥੀ ਤੋਂ ਲੈ ਕੇ ਦਿਨ-ਬ-ਦਿਨ ਦੀਆਂ ਘਟਨਾਵਾਂ, ਪ੍ਰਤੀਕ੍ਰਿਆਵਾਂ, ਸਭ ਕੁਝ ਵੱਟਸਐਪ, ਟਵੀਟਰ ਰਾਹੀਂ, ਆਪਣੇ ਫਾਲੋਅਰਸ ਨੂੰ ਭੇਜ ਰਹੇ ਹਾਂ, ਉੱਧਰ ਦੀ ਸੂਚਨਾਵਾਂ ਲੈ ਰਹੇ ਹਾਂ। ਸਾਨੂੰ ਨਹੀਂ ਪਤਾ, ਇਹ ਸਭ ਕੁਝ ਉਹ ਤੀਜੀ ਧਿਰ, ਆਰਟੀਫੀਸ਼ੀਅਲ ਇੰਟੈਲੀਜੈਂਸ, "ਗ਼ੈਰ ਕੁਦਰਤੀ ਦਿਮਾਗ" ਆਪਣੇ ਕੋਲ ਸਟੋਰ ਕਰ ਰਿਹਾ ਹੈ। ਹੁਣ ਸਾਡੀ ਬਾਬਤ, ਉਹ ਇੰਨਾ ਕੁਝ ਜਾਣ ਗਿਆ ਹੈ, ਜਿੰਨਾ ਅਸੀਂ ਆਪਣੀ ਬਾਬਤ ਵੀ ਨਹੀਂ ਜਾਣਦੇ।

ਇਜ਼ਰਾਇਲ ਦੇ ਮਾਹਿਰ ਇਤਿਹਾਸਕਾਰ, "ਯੁਵਲ ਨੋਵਾ ਹੇਰਾਰੀ" ਕਹਿੰਦੇ ਹਨ, ਬਹੁਤ ਨਿਕਟ ਭਵਿੱਖ ਵਿੱਚ, ਮਨੁੱਖ ਨੂੰ ਇਹ ਮਸ਼ੀਨਾਂ "ਹੈਕ" ਕਰ ਲੈਣਗੀਆਂ। ਮੈਂ ਅੱਜ ਕੀ ਛਕਣਾ ਹੈ, ਕਿੱਥੇ ਜਾਣਾ ਹੈ, ਧਰਮ ਕਿਹੜਾ ਚੰਗਾ ਹੈ, ਸਿਆਸਤ 'ਚੋਂ ਕਿਹੜੀ ਪਾਰਟੀ ਨੂੰ ਵੋਟ ਪਾਉਣੀ ਹੈ... ਹਰ ਗੱਲ ਇਹ ਮਸ਼ੀਨੀ ਦਿਮਾਗ ਨਿਰਣਾ ਕਰੇਗਾ। ਮਨੁੱਖ ਨੂੰ ਫਿਰ "ਅਪੰਗ" ਕਰ ਕੇ, ਮਸ਼ੀਨਾਂ ਸਾਡੇ 'ਤੇ ਰਾਜ ਕਰਨਗੀਆਂ। ਤੇਜ਼ ਵਿਕਾਸ ਦੀ ਚਾਹਤ ਕਿੱਥੇ ਲੈ ਆਈ ?

ਦੁਨੀਆਂ ਦੇ ਕਈ ਵਿਦਵਾਨਾਂ, ਸਮਾਜ ਸ਼ਾਸਤ੍ਰੀਆਂ ਨੇ, ਗੁਰੂਆਂ ਨੇ, ਮਨੁੱਖ ਨੂੰ ਯਾਦ ਦਿਵਾਇਆ—

"ਬਲਿਹਾਰੀ ਕੁਦਰਤਿ ਵਸਿਆ"—

ਹੇ ਨਿਰੰਕਾਰ, ਤੂੰ ਕੁਦਰਤ ਵਿੱਚ ਵਸਦਾ ਹੈਂ, ਮੈਂ ਬਲਿਹਾਰ ਜਾਵਾਂ।"

ਕੁਦਰਤ 'ਚੋਂ ਪੰਜ ਤੱਤ ਲਏ ਔਰ ਜੀਅ ਬਣਾਏ। ਇਹਨਾਂ ਤੱਤਾਂ ਨਾਲ ਜੁੜੋ। ਕਿਸੇ ਨੇ ਕਿਹਾ ਮਿੱਟੀ ਨਾਲ ਜੁੜੋ... ਪਾਣੀ, ਹਵਾ ਨਾਲ ਜੁੜੋ। ਇਹਨਾਂ ਨੂੰ ਦੂਸ਼ਿਤ ਨਾ ਹੋਣ ਦਿਉ। ਇਹ ਸਾਰੇ ਤੱਤ ਬਿਮਾਰ ਹੋ ਗਏ। ਦੂਸ਼ਿਤ ਹੋ ਗਏ। ਤਾਂ ਮਨੁੱਖ ਰੋਗਾਂ ਨਾਲ ਘਿਰ ਗਿਆ ਹੈ।

ਗ੍ਰੇਟਾ ਥਨਬਰਗ, ਮਾਤਰ 16 ਸਾਲ ਦੀ ਇੱਕ ਵਿਦਿਆਰਥੀ ਲੜਕੀ, ਹੱਥ ਵਿੱਚ ਤਖ਼ਤੀ ਫੜ ਕੇ, ਸਵੀਡਨ ਦੀ ਪਾਰਲੀਆਮੈਂਟ ਦੇ ਸਾਹਮਣੇ ਪ੍ਰਦਰਸ਼ਨ ਵਜੋਂ


ਖੜ੍ਹ ਗਈ, "ਪਰਿਆਵਰਣ ਦੀ ਰੱਖਿਆ ਕਰੋ", "ਜਲਵਾਯੂ ਬਚਾਉ।" 20 ਸਿਤੰਬਰ 2019 ਨੂੰ, ਇਸ ਬਾਲਿਕਾ ਵਿਦਿਆਰਥੀ ਦੇ ਆਵਾਹਨ ਤੇ, 50 ਲੱਖ ਦੁਨੀਆਂ ਦੇ ਵਿਦਿਆਰਥੀ ਤਖ਼ਤੀਆਂ ਫੜ ਕੇ ਸੜਕਾਂ 'ਤੇ ਆ ਗਏ। ਹਵਾ, ਪਾਣੀ, ਮਿੱਟੀ, ਰੁੱਖ ਬਚਾਉ... ਇਹੋ ਸਾਡੇ ਜੀਵਨ ਦਾ ਪੋਸ਼ਣ ਕਰਦੇ ਹਨ। ਇਹ ਸਾਡਾ ਜੀਵਨ ਆਧਾਰ ਹਨ। ਹਵਾ-ਪਾਣੀ, ਮਿੱਟੀ, ਰੁੱਖ ਨਾ ਰਹਿਣ ਤਾਂ ਕੁਝ ਖਿਨਾਂ ਵਿੱਚ, ਧਰਤੀ ਤੋਂ ਜੀਵਨ ਮੁੱਕ ਜਾਏਗਾ ਅਤੇ ਉਹ ਸਵਰਨਾਸ਼ ਦਾ ਖਿਨ ਹੋਵੇਗਾ... ਵਿਕਾਸਵਾਦ ਦਾ ਭਿਆਨਕ ਅੰਤ!

❑ ❑ ❑

# ਬੈਕ ਪੇਜ

ਬਹੁਤ ਦੂਰ, ਪੂਰਵਾਂਚਲ ਵਿਚ ਪ੍ਰਭਾਤ ਦਾ ਸੂਰਜ ਉਦੈ ਹੁੰਦਾ ਹੈ, ਤਾਂ ਧਰਤੀ ਦੇ ਤਲਾਅ ਵਿਚ, ਕਮਲ ਦਾ ਫੁੱਲ ਖਿੜ ਜਾਂਦਾ ਹੈ... ਪੁੰਨਿਆਂ ਦਾ ਚੰਦ ਚੜ੍ਹਦਾ ਹੈ, ਤਾਂ ਸਮੁੰਦਰ ਦੀਆਂ ਲਹਿਰਾਂ, ਉਤਾਂਹ ਨੂੰ ਉਠ ਖਲੋਂਦੀਆਂ ਹਨ... ਮੇਘ ਦੀ ਗਰਜਨਾ ਹੁੰਦੀ ਹੈ ਤਾਂ ਮੋਰ ਨਿਰਤ ਕਰਨ ਲਗਦੇ ਹਨ।

ਸੂਰਜ, ਚੰਦ, ਤਾਰੇ, ਧਰਤੀ, ਪਸ਼ੂ, ਪੰਖੀ, ਰੁੱਖ, ਨਦੀਆਂ, ਪਹਾੜ... ਇਹ ਸਾਰੇ, ਇਕ ਰਿਸ਼ਤੇ ਵਿਚ ਹਨ।



ਗੁਰੂਬਚਨ ਸਿੰਘ ਨਾਮਧਾਰੀ

ਬਹੁਤ ਦੂਰ, ਪੂਰਵਾਂਚਲ ਵਿਚ ਪ੍ਰਭਾਤ ਦਾ ਸੂਰਜ ਉਦੈ ਹੁੰਦਾ ਹੈ, ਤਾਂ ਧਰਤੀ ਦੇ ਤਲਾਅ ਵਿਚ, ਕਮਲ ਦਾ ਫੁੱਲ ਖਿੜ ਜਾਂਦਾ ਹੈ... ਪੁੰਨਿਆਂ ਦਾ ਚੰਦ ਚੜ੍ਹਦਾ ਹੈ, ਤਾਂ ਸਮੁੰਦਰ ਦੀਆਂ ਲਹਿਰਾਂ, ਉਤਾਂਹ ਨੂੰ ਉਠ ਖਲੋਂਦੀਆਂ ਹਨ...ਮੇਘ ਦੀ ਗਰਜਨਾ ਹੁੰਦੀ ਹੈ ਤਾਂ ਮੋਰ ਨਿਰਤ ਕਰਨ ਲਗਦੇ ਹਨ।

ਸੂਰਜ, ਚੰਦ, ਤਾਰੇ, ਧਰਤੀ, ਪਸ਼ੂ, ਪੰਖੀ, ਰੁੱਖ, ਨਦੀਆਂ, ਪਹਾੜ... ਇਹ ਸਾਰੇ, ਇਕ ਰਿਸ਼ਤੇ ਵਿਚ ਹਨ।

Forever Learning
ISBN 978-93-95263-06-1
9 789395 263061
www. unistarbooks.com ₹ 200/-

ਅੰਮ੍ਰਿਤ ਬੂੰਦ

ਗੁਰਬਚਨ ਸਿੰਘ ਨਾਮਧਾਰੀ